# OBS translationQuestions

**ਸੰਸਕਰਣ 4.1**

[pa]

# ਵਿਸ਼ਾ - ਸੂਚੀ

**OBS translationQuestions** 5
ਸ੍ਰਿਸ਼ਟੀ ਦੀ ਰਚਨਾ 5
ਪਾਪ ਦਾ ਜਗਤ ਵਿੱਚ ਆਉਣਾ 11
ਜਲ ਪਰਲੋ 15
ਅਬਰਾਹਾਮ ਨਾਲ ਪਰਮੇਸ਼ੁਰ ਦਾ ਨੇਮ 20
ਵਾਇਦੇ ਦਾ ਪੁੱਤਰ 24
ਪਰਮੇਸ਼ਵਰ ਇਸਹਾਕ ਲਈ ਮੁਹੱਇਆ ਕਰਦਾ ਹੈ 28
ਪਰਮੇਸ਼ੁਰ ਯਾਕੂਬ ਨੂੰ ਬਰਕਤ ਦਿੰਦਾ ਹੈ 31
ਪਰਮੇਸ਼ੁਰ ਨੇ ਯੂਸੁਫ਼ ਅਤੇ ਉਸਦੇ ਪਰਿਵਾਰ ਨੂੰ ਬਚਾਇਆ 34
ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ 39
ਦਸ ਬਵਾਵਾਂ 44
ਪਸਾਹ 48
ਕੂਚ 51
ਇਸਰਾਏਲੀਆਂ ਨਾਲ ਪਰਮੇਸ਼ੁਰ ਦਾ ਨੇਮ 55
ਜੰਗਲ ਵਿੱਚ ਘੁੰਮਣਾ 60
ਵਾਇਦੇ ਦਾ ਦੇਸ 65
ਛੁਡਾਉਣ ਵਾਲੇ 69
ਪਰਮੇਸ਼ੁਰ ਦਾ ਦਾਊਦ ਨਾਲ ਨੇਮ 75
ਵੰਡਿਆ ਹੋਇਆ ਰਾਜ 80
ਨਬੀ 84
ਗੁਲਾਮੀ ਅਤੇ ਵਾਪਸੀ 90
ਪਰਮੇਸ਼ੁਰ ਮਸੀਹਾ ਲਈ ਵਾਅਦਾ 94
ਯੂਹੰਨਾ ਦਾ ਜਨਮ 99
ਯਿਸੂ ਦਾ ਜਨਮ 102
ਯੂਹੰਨਾ ਯਿਸੂ ਨੂੰ ਬਪਤਿਸਮਾ ਦਿੰਦਾ 106
ਸ਼ੈਤਾਨ ਯਿਸੂ ਦੀ ਪਰਖ ਕਰਦਾ 109
ਯਿਸੂ ਆਪਣੀ ਸੇਵਕਾਈ ਸ਼ੁਰੂ ਕਰਦਾ 112
ਚੰਗੇ ਸਾਮਰੀ ਦੀ ਕਹਾਣੀ 116
ਧਨਵਾਨ ਜਵਾਨ ਹਾਕਮ 120
ਇੱਕ ਨਿਰਦਈ ਨੌਕਰ ਦੀ ਕਹਾਣੀ 123
ਯਿਸੂ ਪੰਜ ਹਜ਼ਾਰ ਦੀ ਭੀੜ ਨੂੰ ਰਜਾਉਂਦਾ 126
ਯਿਸੂ ਪਾਣੀ ਉੱਤੇ ਤੁਰਦਾ 129
ਯਿਸੂ ਭੂਤਾਂ ਨਾਲ ਭਰੇ ਵਿਅਕਤੀ ਅਤੇ ਬਿਮਾਰ ਔਰਤ ਨੂੰ ਚੰਗਾ ਕਰਦਾ ਹੈ 132
ਇੱਕ ਕਿਸਾਨ ਦੀ ਕਹਾਣੀ 137
ਯਿਸੂ ਇੱਕ ਹੋਰ ਕਹਾਣੀ ਸਿਖਾਉਂਦਾ ਹੈ 140
ਦਯਾਵਾਨ ਪਿਤਾ ਦੀ ਕਹਾਣੀ 143
ਰੂਪਾਂਤਰਣ 147
ਯਿਸੂ ਲਾਜ਼ਰ ਨੂੰ ਜੀਉਂਦਾ ਕਰਦਾ 150
ਯਿਸੂ ਨਾਲ ਧੋਖਾ ਹੋਇਆ 154
ਯਿਸੂ ਤੇ ਮੁਕੱਦਮਾ ਚੱਲਦਾ 159
ਯਿਸੂ ਨੂੰ ਸਲੀਬ ਦਿੱਤਾ ਗਿਆ 163
ਪਰਮੇਸ਼ੁਰ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਉਂਦਾ 166
ਯਿਸੂ ਵਾਪਿਸ ਸਵਰਗ ਚਲੇ ਗਏ 169
ਚਰਚ ਦੀ ਸ਼ੁਰੂਆਤ 173
ਪਤਰਸ ਅਤੇ ਯੂਹੰਨਾ ਨੇ ਇੱਕ ਭਿਖਾਰੀ ਨੂੰ ਚੰਗਾ ਕੀਤਾ । 178
ਫ਼ਿਲਿਪੁੱਸ ਅਤੇ ਇਥੋਪੀਆਈ ਅਫ਼ਸਰ 181
ਪੌਲੁਸ ਇੱਕ ਮਸੀਹੀ ਬਣ ਗਿਆ 185
ਪੌਲੁਸ ਅਤੇ ਸੀਲਾਸ ਫ਼ਿੱਲਿਪੀ ਵਿੱਚ 189

ਯਿਸੂ ਵਾਇਦਾ ਕੀਤਾ ਹੋਇਆ ਮਸੀਹਾ ਹੈ 193
ਪਰਮੇਸ਼ੁਰ ਦਾ ਨਵਾਂ ਨੇਮ 198
ਯਿਸੂ ਵਾਪਸ ਆਉਂਦਾ ਹੈ 204
**ਯੋਗਦਾਨ ਪਾਉਣ ਵਾਲੇ 209**
OBS translationQuestions ਯੋਗਦਾਨ ਪਾਉਣ ਵਾਲੇ 209
Open Bible Stories ਯੋਗਦਾਨ ਪਾਉਣ ਵਾਲੇ 209

# OBS translationQuestions

## ਸ੍ਰਿਸ਼ਟੀ ਦੀ ਰਚਨਾ

### 01:01

ਇਸ ਤਰ੍ਹਾਂ ਹਰ ਇੱਕ ਚੀਜ਼ ਦੀ ਸ਼ੁਰੂਆਤ ਹੋਈ |ਪਰਮੇਸ਼ੁਰ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਇਸ ਵਿੱਚ ਸਾਰੀਆਂ ਚੀਜ਼ਾ ਨੂੰ ਛੇ ਦਿਨਾਂ ਵਿੱਚ ਬਣਾਇਆ |ਪਰਮੇਸ਼ੁਰ ਦੁਆਰਾ ਧਰਤੀ ਦੀ ਰਚਨਾ ਤੋਂ ਬਾਅਦ ਇਹ ਖ਼ਾਲੀ ਅਤੇ ਹਨ੍ਹੇਰੇ ਨਾਲ ਭਰੀ ਹੋਈ ਸੀ ਅਤੇ ਇਸ ਵਿੱਚ ਕੁੱਝ ਵੀ ਰਚਿਆ ਨਹੀਂ ਗਿਆ ਸੀ|ਅਤੇ ਪਰਮੇਸ਼ੁਰ ਦਾ ਆਤਮਾ ਪਾਣੀਆਂ ਉੱਤੇ ਮੰਡਰਾਉਂਦਾ ਸੀ |

#### ਸਰਿਸ਼ਟੀ ਵਿੱਚਲਾ ਸਭ ਕੁੱਝ ਕਿੱਥੋਂ ਆਇਆ ?

ਪਰਮੇਸ਼ੁਰ ਨੇ ਸਭ ਕੁੱਝ ਬਣਾਇਆ

#### ਇਹ ਸਭ ਕੁੱਝ ਬਣਾਉਣ ਲਈ ਪਰਮੇਸ਼ੁਰ ਨੂੰ ਕਿੰਨਾ ਸਮਾਂ ਲੱਗਾ ?

ਛੇ ਦਿਨ

---

### 01:02

ਤਦ ਪਰਮੇਸ਼ੁਰ ਨੇ ਕਿਹਾ, " ਚਾਨਣ ਹੋ ਜਾਏ !"ਅਤੇ ਚਾਨਣ ਹੋ ਗਿਆ |ਪਰਮੇਸ਼ੁਰ ਨੇ ਦੇਖਿਆ ਕਿ ਚਾਨਣ ਚੰਗਾ ਹੈ ਅਤੇ ਉਸ ਨੇ ਇਸ ਨੂੰ "ਦਿਨ" ਕਿਹਾ |ਉਸ ਨੇ ਚਾਨਣ ਨੂੰ ਹਨ੍ਹੇਰੇ ਤੋਂ ਅਲੱਗ ਕੀਤਾ ਅਤੇ ਉਸ ਨੂੰ "ਰਾਤ" ਕਿਹਾ |ਪਰਮੇਸ਼ੁਰ ਨੇ ਚਾਨਣ ਨੂੰ ਸ੍ਰਿਸ਼ਟੀ ਦੇ ਪਹਿਲੇ ਦਿਨ ਰਚਿਆ |

#### ਹਰ ਇੱਕ ਚੀਜ਼ ਨੂੰ ਬਣਾਉਣ ਤੋਂ ਬਾਅਦ ਹਰ ਦਿਨ ਦੇ ਅੰਤ ਵਿੱਚ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਚੰਗਾ ਹੈ |

---

### 01:03

ਸ੍ਰਿਸ਼ਟੀ ਦੇ ਦੂਸਰੇ ਦਿਨ ਪਰਮੇਸ਼ੁਰ ਨੇ ਆਖਿਆ ਧਰਤੀ ਤੋਂ ਉੱਪਰ ਅੰਬਰ ਹੋਵੇ |ਉਸਨੇ ਅੰਬਰ ਦੀ ਰਚਨਾ ਉੱਪਰਲੇ ਅਤੇ ਹੇਠਲੇ ਪਾਣੀਆਂ ਨੂੰ ਅਲੱਗ ਕਰਕੇ ਕੀਤੀ |

---

## 01:04

ਤੀਸਰੇ ਦਿਨ ਪਰਮੇਸ਼ੁਰ ਨੇ ਆਖਿਆ ਅਤੇ ਪਾਣੀ ਜ਼ਮੀਨ ਤੋਂ ਅੱਲਗ ਹੋਵੇ ਅਤੇ ਉਸੇ ਤਰ੍ਹਾਂ ਹੋ ਗਿਆ |ਪਰਮੇਸ਼ੁਰ ਨੇ ਸੁੱਕੀ ਜ਼ਮੀਨ ਨੂੰ “ਧਰਤੀ” ਅਤੇ ਪਾਣੀਆਂ ਦੇ ਇੱਕਠ ਨੂੰ “ਸਾਗਰ” ਆਖਿਆ |ਪਰਮੇਸ਼ੁਰ ਨੇ ਦੇਖਿਆ ਕਿ ਜੋ ਕੁੱਝ ਉਸ ਨੇ ਬਣਾਇਆ ਹੈ ਉਹ ਚੰਗਾ ਹੈ |

### ਹਰ ਇੱਕ ਚੀਜ਼ ਨੂੰ ਬਣਾਉਣ ਤੋਂ ਬਾਅਦ ਹਰ ਦਿਨ ਦੇ ਅੰਤ ਵਿੱਚ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਚੰਗਾ ਹੈ |

---

## 01:05

ਤਦ ਪਰਮੇਸ਼ੁਰ ਨੇ ਕਿਹਾ, “ਧਰਤੀ ਹਰ ਕਿਸਮ ਦੇ ਛੋਟੇ-ਵੱਡੇ ਬੀਜ ਵਾਲੇ ਅਤੇ ਫਲਦਾਰ ਪੌਦਿਆਂ ਨੂੰ ਉਗਾਵੇ | “ਅਤੇ ਉਸੇ ਤਰ੍ਹਾਂ ਹੀ ਹੋ ਗਿਆ | ਪਰਮੇਸ਼ੁਰ ਨੇ ਦੇਖਿਆ ਕਿ ਜੋ ਕੁੱਝ ਉਸ ਨੇ ਬਣਾਇਆ ਹੈ ਉਹ ਚੰਗਾ ਹੈ |

### ਹਰ ਇੱਕ ਚੀਜ਼ ਨੂੰ ਬਣਾਉਣ ਤੋਂ ਬਾਅਦ ਹਰ ਦਿਨ ਦੇ ਅੰਤ ਵਿੱਚ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਚੰਗਾ ਹੈ |

---

## 01:06

ਸ੍ਰਿਸ਼ਟੀ ਦੇ ਚੌਥੇ ਦਿਨ, ਪਰਮੇਸ਼ੁਰ ਨੇ ਸੂਰਜ, ਚੰਦ, ਅਤੇ ਤਾਰੇ ਆਪਣੇ ਸਮੇਂ ਦੇ ਅਨੁਸਾਰ ਕੰਮ ਕਰਨ ਲਈ ਠਹਿਰਾਏ |ਪਰਮੇਸ਼ੁਰ ਨੇ ਇਹਨਾਂ ਨੂੰ ਧਰਤੀ ਉੱਤੇ ਰੌਸ਼ਨੀ ਦੇਣ ਲਈ ਅਤੇ ਦਿਨ ਅਤੇ ਰਾਤ, ਮੌਸਮ ਅਤੇ ਸਾਲਾਂ ਨੂੰ ਠਹਿਰਾਉਣ ਲਈ ਬਣਾਇਆ |ਪਰਮੇਸ਼ੁਰ ਨੇ ਦੇਖਿਆ ਕਿ ਜੋ ਕੁੱਝ ਉਸ ਨੇ ਬਣਾਇਆ ਸੀ ਉਹ ਚੰਗਾ ਹੈ |

### ਹਰ ਇੱਕ ਚੀਜ਼ ਨੂੰ ਬਣਾਉਣ ਤੋਂ ਬਾਅਦ ਹਰ ਦਿਨ ਦੇ ਅੰਤ ਵਿੱਚ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਚੰਗਾ ਹੈ |

---

## 01:07

ਪੰਜਵੇ ਦਿਨ, ਪਰਮੇਸ਼ੁਰ ਨੇ ਪਾਣੀ ਵਿੱਚ ਤੈਰਨ ਵਾਲੇ ਸਾਰੇ ਜੀਵ-ਜੰਤੂਆਂ ਅਤੇ ਹਰ ਪ੍ਰਕਾਰ ਦੇ ਉੱਡਣ ਵਾਲੇ ਪੰਛੀਆਂ ਨੂੰ ਬਣਾਇਆ |ਪਰਮੇਸ਼ੁਰ ਨੇ ਦੇਖਿਆ ਕਿ ਉਹ ਸਭ ਚੰਗਾ ਹੈ ਅਤੇ ਉਸ ਨੇ ਉਹਨਾਂ ਨੂੰ ਬਰਕਤ ਦਿੱਤੀ |

### ਹਰ ਇੱਕ ਚੀਜ਼ ਨੂੰ ਬਣਾਉਣ ਤੋਂ ਬਾਅਦ ਹਰ ਦਿਨ ਦੇ ਅੰਤ ਵਿੱਚ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਚੰਗਾ ਹੈ |

---

## 01:08

ਸ੍ਰਿਸ਼ਟੀ ਦੇ ਛੇਵੇਂ ਦਿਨ, "ਪਰਮੇਸ਼ੁਰ ਨੇ ਆਖਿਆ ਕਿ ਧਰਤੀ ਤੇ ਜਾਨਵਰ ਹੋਣ !"ਅਤੇ ਇਹ ਉਸੇ ਤਰ੍ਹਾਂ ਹੋ ਗਿਆ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ |ਅਤੇ ਖੇਤਾਂ ਦੇ ਜਾਨਵਰ, ਧਰਤੀ ਉੱਤੇ ਰੀਂਗਣ ਵਾਲੇ, ਅਤੇ ਕੁੱਝ ਜੰਗਲੀ ਜਾਨਵਰ ਸਨ |ਅਤੇ ਪਰਮੇਸ਼ੁਰ ਨੇ ਦੇਖਿਆ ਕਿ ਉਹ ਸਭ ਚੰਗਾ ਸੀ |

### ਹਰ ਇੱਕ ਚੀਜ਼ ਨੂੰ ਬਣਾਉਣ ਤੋਂ ਬਾਅਦ ਹਰ ਦਿਨ ਦੇ ਅੰਤ ਵਿੱਚ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਚੰਗਾ ਹੈ |

---

## 01:09

ਤਦ ਪਰਮੇਸ਼ੁਰ ਨੇ ਕਿਹਾ, "ਆਓ ਅਸੀਂ ਆਪਣੇ ਸਰੂਪ ਉੱਤੇ ਆਪਣੇ ਵਰਗਾ ਇਨਸਾਨ ਬਣਾਈਏ |ਉਹ ਧਰਤੀ ਅਤੇ ਸਾਰੇ ਜਾਨਵਰਾਂ ਉੱਤੇ ਅਧਿਕਾਰ ਰੱਖੇ |"

### ਕਿਸ ਤਰੀਕੇ ਨਾਲ ਪਰਮੇਸ਼ੁਰ ਨੇ ਆਦਮੀ ਨੂੰ ਜਾਨਵਰਾਂ ਨਾਲੋਂ ਅਲੱਗ ਬਣਾਇਆ ?

ਉਸ ਨੇ ਇੰਨਸਾਨ ਨੂੰ ਆਪਣੇ ਸਰੂਪ ਤੇ ਆਪਣੇ ਵਰਗਾ ਬਣਾਇਆ |

### ਪਰਮੇਸ਼ੁਰ ਨੇ ਕੀ ਕਿਹਾ ਕਿ ਮਨੁੱਖ ਦੀ ਜ਼ਿੰਮੇਵਾਰੀ ਕੀ ਹੋਵੇਗੀ ?

ਉਹ ਧਰਤੀ ਉੱਤੇ ਅਤੇ ਜਾਨਵਰਾਂ ਉੱਤੇ ਉਹਨਾਂ ਦੀ ਦੇਖ਼-ਭਾਲ ਲਈ ਅਧਿਕਾਰ ਰੱਖਣਗੇ |

---

## 01:10

ਤਦ ਪਰਮੇਸ਼ੁਰ ਨੇ ਜ਼ਮੀਨ ਦੀ ਮਿੱਟੀ ਤੋਂ ਮਨੁੱਖ ਬਣਾਇਆ ਅਤੇ ਉਸ ਵਿੱਚ ਜ਼ਿੰਦਗੀ ਦਾ ਸਾਹ ਫੂਕਿਆ |ਇਸ ਮਨੁੱਖ ਦਾ ਨਾਮ ਆਦਮ ਸੀ |ਪਰਮੇਸ਼ੁਰ ਨੇ ਇੱਕ ਬਾਗ਼ ਲਗਾਇਆ ਜਿੱਥੇ ਆਦਮ ਨੂੰ ਉਸ ਦੀ ਦੇਖ ਭਾਲ ਲਈ ਰੱਖਿਆ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਪਹਿਲੇ ਆਦਮੀ ਨੂੰ ਬਣਾਇਆ ?

ਪਰਮੇਸ਼ੁਰ ਨੇ ਉਸ ਨੂੰ ਮਿੱਟੀ ਤੋਂ ਰਚਿਆ |

### ਕਿਸ ਤਰ੍ਹਾਂ ਆਦਮੀ ਜੀਊਂਦੀ ਜਾਨ ਹੋ ਗਿਆ ?

ਪਰਮੇਸ਼ੁਰ ਨੇ ਉਸ ਵਿੱਚ ਜੀਵਨ ਦਾ ਸਾਹ ਫੂਕਿਆ

### ਆਦਮੀ ਦਾ ਨਾਮ ਕੀ ਸੀ ?

ਆਦਮ |

### ਪਰਮੇਸ਼ੁਰ ਨੇ ਆਦਮ ਨੂੰ ਕਿੱਥੇ ਰੱਖਿਆ ?

ਅਦਨ ਦੇ ਬਾਗ਼ ਵਿੱਚ ਜੋ ਪਰਮੇਸ਼ੁਰ ਨੇ ਰਚਿਆ ਸੀ |

---

## 01:11

ਬਾਗ਼ ਦੇ ਵਿਚਕਾਰ ਪਰਮੇਸ਼ੁਰ ਨੇ ਦੋ ਖਾਸ ਦਰੱਖ਼ਤ ਲਗਾਏ – ਜੀਵਨ ਦਾ ਅਤੇ ਭਲੇ ਬੁਰੇ ਦੇ ਗਿਆਨ ਦਾ ਦਰੱਖ਼ਤ | ਪਰਮੇਸ਼ੁਰ ਨੇ ਆਦਮ ਨੂੰ ਕਿਹਾ ਕਿ ਉਹ ਇੱਕ ਫਲ ਨੂੰ ਛੱਡ ਕੇ ਜੋ ਭਲੇ ਬੁਰੇ ਦੇ ਗਿਆਨ ਦਾ ਹੈ ਬਾਕੀ ਸਾਰੇ ਫਲਾਂ ਤੋਂ ਤੂੰ ਖਾ ਸਕਦਾ ਹੈ |ਅਗਰ ਉਹ ਇਸ ਦਰਖ਼ੱਤ ਤੋਂ ਖਾਏਗਾ ਤਾਂ ਮਰ ਜਾਏਗਾ |

### ਉਹ ਕਿਹੜਾ ਖ਼ਾਸ ਦਰੱਖ਼ਤ ਸੀ ਜਿਸ ਤੋਂ ਖਾਣ ਲਈ ਆਦਮੀ ਨੂੰ ਮਨਜ਼ੂਰੀ ਨਹੀਂ ਸੀ ?

ਬੁਰੇ ਭਲੇ ਦੇ ਗਿਆਨ ਦੇ ਦਰੱਖ਼ਤ ਤੋਂ ਅਤੇ ਜੀਵਨ ਦੇ ਦਰੱਖ਼ਤ ਤੋਂ |

### ਕੀ ਹੋਵੇਗਾ ਜੇ ਆਦਮ ਬੁਰੇ ਭਲੇ ਦੇ ਦਰੱਖ਼ਤ ਤੋਂ ਫਲ ਖਾਵੇਗਾ ?

ਉਹ ਮਰ ਜਾਵੇਗਾ |

---

## 01:12

ਤਦ ਪਰਮੇਸ਼ੁਰ ਨੇ ਕਿਹਾ, “ਮਨੁੱਖ ਲਈ ਇਕੱਲਾ ਰਹਿਣਾ ਚੰਗਾ ਨਹੀਂ ਹੈ |”ਪਰ ਕੋਈ ਵੀ ਜਾਨਵਰ ਆਦਮ ਦਾ ਮਦਦਗਾਰ ਨਹੀਂ ਹੋ ਸਕਦਾ ਸੀ |

### ਆਦਮ ਕਿਉਂ ਇੱਕਲਾ ਸੀ ਜਦੋਂ ਉੱਥੇ ਹਰ ਪ੍ਰਕਾਰ ਦੇ ਜਾਨਵਰ ਸਨ ?

ਕਿਉਂਕਿ ਜਾਨਵਰ ਆਦਮ ਦੇ “ਸਹਾਇਕ ” ਹੋਣ ਦੇ ਯੋਗ ਨਹੀਂ ਸਨ |

---

## 01:13

ਤਦ ਪਰਮੇਸ਼ੁਰ ਨੇ ਆਦਮ ਉੱਤੇ ਗਹਿਰੀ ਨੀਂਦ ਭੇਜੀ |ਅਤੇ ਪਰਮੇਸ਼ੁਰ ਨੇ ਆਦਮ ਦੀ ਇੱਕ ਪੱਸਲੀ ਲਈ ਅਤੇ ਉਸ ਵਿੱਚੋਂ ਔਰਤ ਬਣਾਈ ਅਤੇ ਉਸ ਕੋਲ ਲੈ ਆਇਆ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਔਰਤ ਨੂੰ ਬਣਾਇਆ ?

ਪਰਮੇਸ਼ੁਰ ਨੇ ਉਸਨੂੰ ਆਦਮ ਦੀ ਪੱਸਲੀ ਤੋਂ ਬਣਾਇਆ |

---

## 01:14

ਜਦੋਂ ਆਦਮ ਨੇ ਉਸ ਨੂੰ ਦੇਖਿਆ, ਉਸ ਨੇ ਕਿਹਾ, "ਆਖ਼ਿਰਕਾਰ, ਇਹ ਤਾਂ ਮੇਰੇ ਵਰਗੀ ਹੈ |"ਇਹ "ਨਾਰੀ" ਅਖਵਾਏਗੀ ਕਿਉਕਿ ਇਹ ਮਨੁੱਖ ਤੋਂ ਬਣਾਈ ਗਈ ਹੈ |ਇਸ ਲਈ ਮਨੁੱਖ ਆਪਣੇ ਮਾਤਾ ਪਿਤਾ ਛੱਡ ਕੇ ਅਪਣੀ ਪਤਨੀ ਨਾਲ ਮਿਲਿਆ ਰਹੇਗਾ |

### ਆਦਮ ਲਈ "ਔਰਤ" ਨਾਮ ਦਾ ਮਤਲਬ ਕੀ ਸੀ ?

ਇਸ ਦਾ ਮਤਲਬ ਕਿ ਉਹ ਆਦਮ ਤੋਂ ਬਣਾਈ ਗਈ ਸੀ ਅਤੇ ਉਸ ਦਾ ਨਾਮ ਹਵਾ ਸੀ |

### ਆਦਮੀ ਕੋਲ ਪਤਨੀ ਹੋਣ ਦਾ ਕੀ ਉਦੇਸ਼ ਸੀ ?

ਉਹਨਾਂ ਦੇ ਇੱਕ ਹੋ ਜਾਣ ਲਈ |

---

## 01:15

ਪਰਮੇਸ਼ੁਰ ਨੇ ਮਨੁੱਖ ਅਤੇ ਔਰਤ ਨੂੰ ਆਪਣੇ ਸਰੂਪ ਤੇ ਬਣਾਇਆ |ਉਸ ਨੇ ਉਹਨਾਂ ਨੂੰ ਬਰਕਤ ਦਿੱਤੀ ਅਤੇ ਕਿਹਾ, "ਬਹੁਤ ਸਾਰੇ ਪੁੱਤ ਪੋਤੇ ਪੈਦਾ ਕਰੋ ਅਤੇ ਧਰਤੀ ਭਰ ਦਿਓ |"ਅਤੇ ਪਰਮੇਸ਼ੁਰ ਨੇ ਦੇਖਿਆ ਕਿ ਜੋ ਕੁੱਝ ਉਸ ਨੇ ਬਣਾਇਆ ਸੀ ਉਹ ਚੰਗਾ ਹੈ, ਅਤੇ ਉਹ ਇਸ ਸਭ ਤੋਂ ਬਹੁਤ ਖੁਸ਼ ਸੀ |ਇਹ ਸਭ ਸ੍ਰਿਸ਼ਟੀ ਦੇ ਛੇਵੇਂ ਦਿਨ ਹੋਇਆ |

### ਜਦੋਂ ਪਰਮੇਸ਼ੁਰ ਨੇ ਸਰਿਸ਼ਟੀ ਦੀ ਰਚਨਾ ਪੂਰੀ ਕੀਤੀ ਤਾਂ ਪਰਮੇਸ਼ੁਰ ਨੇ ਕੀ ਕਿਹਾ ?

ਉਸ ਨੇ ਕਿਹਾ ਕਿ ਇਹ ਸਭ ਬਹੁਤ ਚੰਗਾ ਹੈ |

---

## 01:16

ਜਦੋਂ ਸੱਤਵਾਂ ਆਇਆ, ਪਰਮੇਸ਼ੁਰ ਆਪਣਾ ਸਾਰਾ ਕੰਮ ਖ਼ਤਮ ਕਰ ਚੁੱਕਾ ਸੀ |ਇਸ ਲਈ ਪਰਮੇਸ਼ੁਰ ਨੇ ਉਸ ਸਭ ਤੋਂ ਅਰਾਮ ਕੀਤਾ ਜੋ ਉਹ ਕਰ ਰਿਹਾ ਸੀ |ਉਸ ਨੇ ਸੱਤਵੇਂ ਦਿਨ ਨੂੰ ਬਰਕਤ ਦਿੱਤੀ ਅਤੇ ਇਸ ਨੂੰ ਪਵਿੱਤਰ ਠਹਿਰਾਇਆ ਕਿਉਂਕਿ ਇਸ ਦਿਨ ਉਸ ਨੇ ਆਪਣੇ ਕੰਮ ਤੋਂ ਅਰਾਮ ਕੀਤਾ |ਇਸ ਤਰ੍ਹਾਂ ਪਰਮੇਸ਼ੁਰ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਇਸ ਵਿੱਚ ਹਰ ਚੀਜ਼ ਨੂੰ ਬਣਾਇਆ |

### ਪਰਮੇਸ਼ੁਰ ਨੇ ਸੱਤਵੇਂ ਦਿਨ ਕੀ ਕੀਤਾ ?

ਉਸ ਨੇ ਸੱਤਵੇਂ ਦਿਨ ਅਰਾਮ ਕੀਤਾ ਅਤੇ ਇਸ ਨੂੰ ਬਰਕਤ ਦੇ ਕੇ ਪਵਿੱਤਰ ਠਹਿਰਾਇਆ |

# ਪਾਪ ਦਾ ਜਗਤ ਵਿੱਚ ਆਉਣਾ

## 02:01

ਆਦਮ ਅਤੇ ਉਸ ਦੀ ਪਤਨੀ ਖ਼ੂਬਸੂਰਤ ਬਾਗ਼ ਵਿੱਚ ਬਹੁਤ ਖੁਸ਼ੀ ਨਾਲ ਰਹਿੰਦੇ ਸਨ ਜੋ ਪਰਮੇਸ਼ੁਰ ਨੇ ਉਹਨਾਂ ਲਈ ਬਣਾਇਆ ਸੀ |ਉਹਨਾਂ ਵਿੱਚੋਂ ਕਿਸੇ ਦੇ ਵੀ ਕੱਪੜੇ ਨਹੀਂ ਸਨ ਪਰ ਉਹ ਇੱਕ ਦੂਜੇ ਤੋਂ ਸ਼ਰਮਾਉਂਦੇ ਨਹੀਂ ਸੀ ਕਿਉਂਕਿ ਸੰਸਾਰ ਵਿੱਚ ਕੋਈ ਵੀ ਪਾਪ ਨਹੀਂ ਸੀ |ਉਹ ਆਮ ਤੌਰ ਤੇ ਬਾਗ਼ ਵਿੱਚ ਘੁੰਮਦੇ ਅਤੇ ਪਰਮੇਸ਼ੁਰ ਨਾਲ ਗੱਲਾਂ ਕਰਦੇ ਸਨ |

### ਆਦਮ ਅਤੇ ਹਵਾ ਇਸ ਗੱਲ ਤੋਂ ਸ਼ਰਮਿੰਦਾ ਕਿਉਂ ਨਹੀਂ ਸਨ ਕਿ ਉਹ ਨੰਗੇ ਸਨ ?

ਉਸ ਸਮੇਂ ਜਗਤ ਵਿੱਚ ਕੋਈ ਪਾਪ ਨਹੀਂ ਸੀ |

---

## 02:02

ਪਰ ਬਾਗ਼ ਵਿੱਚ ਇੱਕ ਚਾਤਰ ਸੱਪ ਸੀ |ਉਸ ਨੇ ਔਰਤ ਨੂੰ ਪੁੱਛਿਆ, “ਕੀ ਪਰਮੇਸ਼ੁਰ ਨੇ ਸੱਚਮੁੱਚ ਕਿਹਾ ਹੈ ਕਿ ਇਸ ਬਾਗ਼ ਦੇ ਦੱਰਖ਼ਤਾਂ ਦੇ ਫਲ ਨਹੀਂ ਖਾਣੇ?”

### ਹਵਾ ਨੂੰ ਸੱਪ ਨੇ ਪਹਿਲਾ ਸਵਾਲ ਕੀ ਕੀਤਾ ਸੀ ?

ਕੀ ਸੱਚਮੁੱਚ ਪਰਮੇਸ਼ੁਰ ਨੇ ਤੁਹਾਨੂੰ ਬਾਗ਼ ਦੇ ਇਹਨਾਂ ਦਰੱਖ਼ਤਾਂ ਦੇ ਫਲਾਂ ਤੋਂ ਖਾਣ ਲਈ ਮਨ੍ਹਾ ਕੀਤਾ ਹੈ ?

---

## 02:03

ਔਰਤ ਨੇ ਉੱਤਰ ਦਿੱਤਾ, “ਪਰਮੇਸ਼ੁਰ ਨੇ ਸਾਨੂੰ ਕਿਹਾ ਹੈ ਕਿ ਅਸੀਂ ਕਿਸੇ ਵੀ ਦੱਰਖ਼ਤ ਦੇ ਫਲ ਨੂੰ ਖਾ ਸਕਦੇ ਹਾਂ ਪਰ ਭਲੇ ਬੁਰੇ ਦੇ ਗਿਆਨ ਦੇ ਫਲ ਨੂੰ ਨਹੀਂ ਖਾ ਸਕਦੇ |ਪਰਮੇਸ਼ੁਰ ਨੇ ਸਾਨੂੰ ਕਿਹਾ, “ਜੇਕਰ ਤੁਸੀਂ ਇਸ ਫਲ ਨੂੰ ਖਾਓਗੇ ਜਾਂ ਇਸ ਨੂੰ ਛੂਹੋਗੇ ਤਾਂ ਤੁਸੀਂ ਮਰ ਜਾਓਗੇ |”

### ਕਿਹੜੇ ਦਰੱਖ਼ਤ ਤੋਂ ਆਦਮ ਅਤੇ ਉਸਦੀ ਪਤਨੀ ਹਵਾ ਨੂੰ ਫਲ ਖਾਣ ਦੀ ਮਨਜ਼ੂਰੀ ਨਹੀਂ ਸੀ ?

ਉਹਨਾਂ ਨੂੰ ਭਲੇ ਅਤੇ ਬੁਰੇ ਦੇ ਗਿਆਨ ਦੇ ਦਰੱਖ਼ਤ ਤੋਂ ਫਲ ਖਾਣ ਦੀ ਆਗਿਆ ਨਹੀਂ ਸੀ |

### ਪਰਮੇਸ਼ੁਰ ਨੇ ਕੀ ਕਿਹਾ ਕੀ ਹੋਵੇਗਾ ਜੇ ਆਦਮ ਅਤੇ ਉਸਦੀ ਪਤਨੀ ਭਲੇ ਅਤੇ ਬੁਰੇ ਦੇ ਗਿਆਨ ਦੇ ਦਰੱਖ਼ਤ ਤੋਂ ਖਾਣਗੇ ?

ਉਸ ਨੇ ਕਿਹਾ ਕਿ ਉਹ ਮਰ ਜਾਣਗੇ |

---

## 02:04

ਸੱਪ ਨੇ ਔਰਤ ਨੂੰ ਉੱਤਰ ਦਿੱਤਾ, “ਇਹ ਸੱਚਾਈ ਨਹੀਂ ਹੈ !”ਤੁਸੀਂ ਮਰੋਗੇ ਨਹੀਂ |ਪਰਮੇਸ਼ੁਰ ਜਾਣਦਾ ਹੈ ਕਿ ਜਿਵੇਂ ਹੀ ਤੁਸੀਂ ਇਸ ਨੂੰ ਖਾਓਗੇ, ਤੁਸੀਂ ਪਰਮੇਸ਼ੁਰ ਵਰਗੇ ਹੋ ਜਾਓਗੇ ਅਤੇ ਉਸ ਦੀ ਤਰ੍ਹਾਂ ਬੁਰੇ ਅਤੇ ਭਲੇ ਨੂੰ ਸਮਝਣ ਲੱਗ ਜਾਓਗੇ |

### ਸੱਪ ਨੇ ਹਵਾ ਨੂੰ ਕੀ ਕਾਰਨ ਦੱਸਿਆ ਕਿ ਕਿਉਂ ਪਰਮੇਸ਼ੁਰ ਚਾਹੁੰਦਾ ਹੈ ਕਿ ਉਹ ਉਸ ਫਲ ਤੋਂ ਨਾ ਖਾਣ ?

ਉਸ ਨੇ ਕਿਹਾ ਕਿ ਪਰਮੇਸ਼ੁਰ ਝੂਠ ਬੋਲਦਾ ਹੈ ਕਿਉਂਕਿ ਪਰਮੇਸ਼ੁਰ ਨਹੀਂ ਚਾਹੁੰਦਾ ਕਿ ਤੁਸੀਂ ਪਰਮੇਸ਼ੁਰ ਦੀ ਤਰ੍ਹਾਂ ਗੱਲਾਂ ਨੂੰ ਸਮਝ ਸਕੋ |

---

## 02:05

ਔਰਤ ਨੇ ਦੇਖਿਆ ਕਿ ਫਲ ਸੁੰਦਰ ਹੈ ਅਤੇ ਦੇਖਣ ਨੂੰ ਸਵਾਦ ਲੱਗਦਾ ਹੈ |ਉਹ ਬੁੱਧਵਾਨ ਬਣਨਾ ਵੀ ਚਾਹੁੰਦੀ ਸੀ, ਇਸ ਲਈ ਉਸ ਨੇ ਫਲ ਤੋੜਿਆ ਅਤੇ ਖਾਧਾ |ਤਦ ਉਸ ਨੇ ਕੁੱਝ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਵੀ ਖਾ ਲਿਆ |

### ਔਰਤ ਨੇ ਫਲ ਕਿਉਂ ਖਾ ਲਿਆ ?

ਉਸ ਨੇ ਦੇਖਿਆ ਕਿ ਫਲ ਦੇਖਣ ਨੂੰ ਸੋਹਣਾ ਅਤੇ ਸਵਾਦਿਸ਼ਟ ਹੈ ਅਤੇ ਉਹ ਬੁੱਧੀਮਾਨ ਬਣਨਾ ਚਾਹੁੰਦੀ ਸੀ |

### ਕੀ ਆਦਮ ਅਤੇ ਉਸਦੀ ਪਤਨੀ ਨੂੰ ਫਲ ਖਾਣ ਲਈ ਜ਼ੋਰ ਦਿੱਤਾ ਗਿਆ ਸੀ ?

ਨਹੀਂ, ਉਹਨਾਂ ਨੇ ਆਪਣੀ ਇੱਛਾ ਨਾਲ ਖਾਣ ਲਈ ਚੁਣਾਵ ਕੀਤਾ ਅਤੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ |

---

## 02:06

ਅਚਾਨਕ ਉਹਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਉਹਨਾਂ ਨੇ ਜਾਣਿਆ ਕਿ ਉਹ ਨੰਗੇ ਸਨ |ਉਹਨਾਂ ਨੇ ਆਪਣੇ ਸਰੀਰ ਢਕਣ ਲਈ ਪੱਤਿਆਂ ਨੂੰ ਸਿਉਂ ਕੇ ਕੱਪੜੇ ਬਣਾਉਣ ਦੀ ਕੋਸ਼ਿਸ ਕੀਤੀ |

### ਆਦਮੀ ਅਤੇ ਔਰਤ ਨੇ ਕੀ ਕੀਤਾ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਉਹ ਨੰਗੇ ਹਨ ?

ਉਹਨਾਂ ਨੇ ਬਸਤਰ ਬਣਾਉਣ ਲਈ ਪੱਤੇ ਸਿਉਂਕੇ ਪਾਏ |

---

## 02:07

ਤਦ ਆਦਮੀ ਅਤੇ ਉਸਦੀ ਪਤਨੀ ਨੇ ਬਾਗ਼ ਵਿੱਚ ਪਰਮੇਸ਼ੁਰ ਦੇ ਚੱਲਣ ਦੀ ਅਵਾਜ਼ ਸੁਣੀ |ਉਹ ਦੋਨੋਂ ਪਰਮੇਸ਼ੁਰ ਤੋਂ ਛਿਪ ਗਏ |ਤਦ ਪਰਮੇਸ਼ੁਰ ਨੇ ਆਦਮੀ ਨੂੰ ਅਵਾਜ਼ ਮਾਰ ਕੇ ਆਖਿਆ, "ਤੂੰ ਕਿੱਥੇ ਹੈਂ ?"ਆਦਮ ਨੇ ਉੱਤਰ ਦਿੱਤਾ, "ਮੈਂ ਬਾਗ਼ ਵਿੱਚ ਤੇਰੇ ਚੱਲਣ ਦੀ ਅਵਾਜ਼ ਸੁਣੀ ਅਤੇ ਡਰ ਗਿਆ ਕਿਉਂਕਿ ਮੈਂ ਨੰਗਾ ਹਾਂ |"ਇਸ ਲਈ ਮੈਂ ਆਪਣੇ ਆਪ ਨੂੰ ਲੁਕਾਇਆ |

---

## 02:08

ਤਦ ਪਰਮੇਸ਼ੁਰ ਨੇ ਉਸ ਤੋਂ ਪੁੱਛਿਆ, "ਤੈਨੂੰ ਕਿਸ ਨੇ ਦੱਸਿਆ ਕਿ ਤੂੰ ਨੰਗਾ ਹੈਂ ?"ਕੀ ਤੂੰ ਉਹ ਫਲ ਖਾ ਲਿਆ ਜਿਹੜਾ ਮੈਂ ਤੈਨੂੰ ਖਾਣ ਤੋਂ ਮਨ੍ਹਾ ਕੀਤਾ ਸੀ ?"ਆਦਮ ਨੇ ਉੱਤਰ ਦਿੱਤਾ, "ਤੂੰ ਜੋ ਔਰਤ ਮੈਨੂੰ ਦਿੱਤੀ ਉਸ ਨੇ ਮੈਨੂੰ ਇਹ ਫਲ ਦਿੱਤਾ |"ਤਦ ਪਰਮੇਸ਼ੁਰ ਨੇ ਔਰਤ ਨੂੰ ਪੁੱਛਿਆ, "ਤੂੰ ਇਹ ਕੀ ਕੀਤਾ ?"ਔਰਤ ਨੇ ਉੱਤਰ ਦਿੱਤਾ, "ਸੱਪ ਨੇ ਮੇਰੇ ਨਾਲ ਚਲਾਕੀ ਕੀਤੀ |"

### ਕਿਸ ਤਰ੍ਹਾਂ ਆਦਮ ਨੇ ਪਰਮੇਸ਼ੁਰ ਨੂੰ ਉੱਤਰ ਦਿੱਤਾ ਜਦੋਂ ਉਸਨੇ ਉਸ ਦੇ ਪਾਪ ਲਈ ਸਾਹਮਣਾ ਕੀਤਾ ?

ਉਸ ਨੇ ਔਰਤ ਤੇ ਦੋਸ਼ ਲਾਇਆ |

### ਕਿਸ ਤਰ੍ਹਾਂ ਔਰਤ ਨੇ ਪਰਮੇਸ਼ੁਰ ਨੂੰ ਉੱਤਰ ਦਿੱਤਾ ਜਦੋਂ ਉਸਨੇ ਉਸਦੇ ਪਾਪ ਲਈ ਸਾਹਮਣਾ ਕੀਤਾ ?

ਉਸ ਨੇ ਸੱਪ ਤੇ ਦੋਸ਼ ਲਾਇਆ |

---

## 02:09

ਪਰਮੇਸ਼ੁਰ ਨੇ ਸੱਪ ਨੂੰ ਕਿਹਾ, "ਤੂੰ ਸਰਾਪਤ ਹੈਂ |"ਤੂੰ ਪੇਟ ਭਾਰ ਘਿਸਰੇਂਗਾ ਅਤੇ ਮਿੱਟੀ ਖਾਵੇਂਗਾ | ਤੇਰੀ ਸੰਤਾਨ ਅਤੇ ਔਰਤ ਦੀ ਸੰਤਾਨ ਵਿੱਚ ਮੈਂ ਵੈਰ ਪਾਵਾਂਗਾ |ਔਰਤ ਦੀ ਸੰਤਾਨ ਤੇਰਾ ਸਿਰ ਫੇਵੇਂਗੀ ਅਤੇ ਤੂੰ ਉਸ ਦੀ ਅੱਡੀ ਨੂੰ ਡੱਸੇਂਗਾ |"

### ਸੱਪ ਉੱਤੇ ਪਰਮੇਸ਼ੁਰ ਦਾ ਕੀ ਸਰਾਪ ਸੀ ?

ਤੂੰ ਪੇਟ ਦੇ ਭਾਰ ਰੇਂਗੇਗਾ ਅਤੇ ਔਰਤ ਦੀ ਸੰਤਾਨ ਤੇਰਾ ਸਿਰ ਫੇਹਵੇਂਗੀ |

---

## 02:10

ਤਦ ਪਰਮੇਸ਼ੁਰ ਨੇ ਔਰਤ ਨੂੰ ਕਿਹਾ, "ਬੱਚੇ ਦਾ ਜਣਨਾ ਮੈਂ ਤੇਰੇ ਲਈ ਬਹੁਤ ਦਰਦਨਾਕ ਕਰ ਦੇਵਾਂਗਾ |ਤੇਰੇ ਪਤੀ ਵੱਲ ਤੇਰੀ ਚਾਹ ਹੋਵੇਗੀ, ਅਤੇ ਉਹ ਤੇਰੇ ਉੱਤੇ ਹੁਕਮ ਚਲਾਵੇਗਾ |"

### ਔਰਤ ਉੱਤੇ ਪਰਮੇਸ਼ੁਰ ਦਾ ਕੀ ਸਰਾਪ ਸੀ ?

ਤੂੰ ਪੀੜਾਂ ਨਾਲ ਬੱਚੇ ਜਣੇਗੀ ਚਾਹੇ ਤੇਰੀ ਇੱਛਾ ਤੇਰੇ ਪਤੀ ਲਈ ਹੋਵੇਗੀ ਪਰ ਫਿਰ ਵੀ ਉਹ ਤੇਰੇ ਉੱਤੇ ਰਾਜ ਕਰੇਗਾ |

---

## 02:11

ਪਰਮੇਸ਼ੁਰ ਨੇ ਆਦਮੀ ਨੂੰ ਕਿਹਾ, "ਤੂੰ ਅਪਣੀ ਪਤਨੀ ਦੀ ਗੱਲ ਸੁਣੀ ਅਤੇ ਮੇਰਾ ਹੁਕਮ ਤੋੜਿਆ |"ਅਤੇ ਭੂਮੀ ਤੇਰੇ ਕਾਰਨ ਸਰਾਪਤ ਹੋਈ, ਇਸ ਲਈ ਭੋਜਨ ਪੈਦਾ ਕਰਨ ਲਈ ਤੈਨੂੰ ਕਠਿਨ ਮਿਹਨਤ ਕਰਨੀ ਪਵੇਗੀ |ਤਦ ਤੂੰ ਮਰ ਜਾਵੇਂਗਾ ਅਤੇ ਤੇਰਾ ਸਰੀਰ ਮਿੱਟੀ ਵਿੱਚ ਮਿਲ ਜਾਵੇਗਾ |"ਆਦਮ ਨੇ ਅਪਣੀ ਪਤਨੀ ਦਾ ਨਾਮ ਹਵਾ ਰੱਖਿਆ, ਜਿਸਦਾ ਮਤਲਬ, "ਜ਼ਿੰਦਗੀ ਦੇਣ ਵਾਲੀ", ਕਿਉਂਕਿ ਉਹ ਸਭ ਲੋਕਾਂ ਦੀ ਮਾਤਾ ਬਣੇਗੀ |ਅਤੇ ਪਰਮੇਸ਼ੁਰ ਨੇ ਆਦਮ ਅਤੇ ਹਵਾ ਨੂੰ ਜਾਨਵਰ ਦੀ ਖ਼ੱਲ ਪਹਿਨਾਈ |

### ਆਦਮੀ ਉੱਤੇ ਪਰਮੇਸ਼ੁਰ ਦਾ ਕੀ ਸਰਾਪ ਸੀ ?

ਤੂੰ ਭੋਜਨ ਪੈਦਾ ਕਰਨ ਲਈ ਸਖ਼ਤ ਮਿਹਨਤ ਕਰੇਂਗਾ ਅਤੇ ਤੂੰ ਮਰ ਕੇ ਮਿੱਟੀ ਵਿੱਚ ਜਾ ਮਿਲੇਂਗਾ |

---

## 02:12

ਤਦ ਪਰਮੇਸ਼ੁਰ ਨੇ ਕਿਹਾ, "ਹੁਣ ਮਨੁੱਖ ਬੁਰੇ ਅਤੇ ਭਲੇ ਨੂੰ ਜਾਣਨ ਕਾਰਨ ਸਾਡੇ ਵਰਗਾ ਬਣ ਗਿਆ ਹੈ, ਅਜਿਹਾ ਨਾ ਹੋਵੇ ਕਿ ਉਹ ਜੀਵਨ ਦੇ ਦਰੱਖ਼ਤ ਦਾ ਫਲ ਵੀ ਖਾ ਲਵੇ ਅਤੇ ਸਦਾ ਜੀਉਂਦਾ ਰਹੇ |"ਇਸ ਲਈ ਪਰਮੇਸ਼ੁਰ ਨੇ ਆਦਮ ਅਤੇ ਹਵਾ ਨੂੰ ਉਸ ਬਾਗ਼ ਤੋਂ ਦੂਰ ਭੇਜ ਦਿੱਤਾ |ਪਰਮੇਸ਼ੁਰ ਨੇ ਸ਼ਕਤੀਸ਼ਾਲੀ ਦੂਤਾਂ ਨੂੰ ਬਾਗ਼ ਦੇ ਦਰਵਾਜ਼ੇ ਤੇ ਖੜਾ ਕੀਤਾ ਕਿ ਉਹ ਕਿਸੇ ਨੂੰ ਵੀ ਜੀਵਨ ਦੇ ਫਲ ਤੋਂ ਖਾਣ ਨਾ ਦੇਣ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਆਦਮ ਅਤੇ ਹਵਾ ਨੂੰ ਹਮੇਸ਼ਾਂ ਲਈ ਜੀਵਿਤ ਰਹਿਣ ਤੋਂ ਰੋਕਿਆ ?

ਉਸ ਨੇ ਉਹਨਾਂ ਨੂੰ ਬਾਗ਼ ਤੋਂ ਬਾਹਰ ਕੱਢ ਦਿੱਤਾ ਅਤੇ ਉਸ ਦੇ ਦਰਵਾਜੇ ਨੂੰ ਸ਼ਕਤੀਸ਼ਾਲੀ ਦੂਤਾਂ ਨਾਲ ਸੁਰੱਖਿਅਤ ਕੀਤਾ |

# ਜਲ ਪਰਲੋ

## 03:01

ਇੱਕ ਲੰਬੇ ਸਮੇਂ ਬਾਅਦ, ਬਹੁਤ ਸਾਰੇ ਲੋਕ ਸੰਸਾਰ ਵਿੱਚ ਰਹਿਣ ਲੱਗੇ |ਉਹ ਬਹੁਤ ਬੁਰੇ ਅਤੇ ਪਾਪੀ ਬਣ ਗਏ ਸਨ |ਬੁਰਿਆਈ ਇੰਨੀ ਵੱਧ ਗਈ ਸੀ ਕਿ ਪਰਮੇਸ਼ੁਰ ਨੇ ਵੱਡੇ ਹੜ੍ਹ ਦੁਆਰਾ ਸਾਰੇ ਸੰਸਾਰ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ |

### ਪਰਮੇਸ਼ੁਰ ਨੇ ਉਹ ਜਗਤ ਨੂੰ ਤਬਾਹ ਕਰਨਾ ਕਿਉਂ ਚਾਹਿਆ ?

ਲੋਕ ਬਹੁਤ ਬੁਰੇ ਅਤੇ ਵਿਦਰੋਹੀ ਬਣ ਗਏ ਸਨ |

### ਪਰਮੇਸ਼ੁਰ ਨੇ ਜਗਤ ਨੂੰ ਤਬਾਹ ਕਰਨ ਦੀ ਯੋਜਨਾ ਕਿਸ ਤਰ੍ਹਾਂ ਬਣਾਈ ?

ਉਹ ਇੱਕ ਜਲ ਪਰਲੋ ਭੇਜੇਗਾ |

---

## 03:02

ਪਰ ਨੂਹ ਪਰਮੇਸ਼ੁਰ ਦੀ ਨਿਗਾਹ ਵਿੱਚ ਭਲਾ ਪਾਇਆ ਗਿਆ |ਉਹ ਧਰਮੀ ਪੁਰਖ ਸੀ, ਜੋ ਬੁਰਿਆਂ ਲੋਕਾਂ ਵਿੱਚ ਰਹਿੰਦਾ ਸੀ |ਪਰਮੇਸ਼ੁਰ ਨੇ ਨੂਹ ਨੂੰ ਜਲ ਪਰਲੋ ਬਾਰੇ ਦੱਸਿਆ ਜਿਸ ਨੂੰ ਭੇਜਣ ਦੀ ਉਸ ਨੇ ਯੋਜਨਾ ਬਣਾਈ ਸੀ |ਉਸ ਨੇ ਨੂਹ ਨੂੰ ਇੱਕ ਵੱਡੀ ਕਿਸ਼ਤੀ ਬਣਾਉਣ ਲਈ ਕਿਹਾ |

### ਨੂਹ ਪਰਮੇਸ਼ੁਰ ਦੀ ਨਿਗਾਹ ਵਿੱਚ ਕਿਉਂ ਭਲਾ ਪਾਇਆ ਗਿਆ ?

ਉਹ ਇੱਕ ਧਰਮੀ ਪੁਰਖ ਸੀ |

---

## 03:03

ਪਰਮੇਸ਼ੁਰ ਨੇ ਨੂਹ ਨੂੰ 140 ਮੀਟਰ ਲੰਬੀ, 23 ਮੀਟਰ ਚੌੜੀ ਅਤੇ 13.5 ਮੀਟਰ ਉੱਚੀ ਕਿਸ਼ਤੀ ਬਣਾਉਣ ਨੂੰ ਕਿਹਾ |ਨੂਹ ਨੇ ਇਸ ਨੂੰ ਲੱਕੜੀ ਤੋਂ ਬਣਾਉਣਾ ਸੀ ਜਿਸ ਦੀਆਂ ਤਿੰਨ ਮੰਜਿਲਾਂ, ਕਈ ਕਮਰੇ, ਇੱਕ ਛੱਤ ਅਤੇ ਖਿੜਕੀਆਂ ਹੋਣ |ਇਹ ਕਿਸ਼ਤੀ ਨੂਹ ਅਤੇ ਉਸਦੇ ਪਰਿਵਾਰ ਨੂੰ ਅਤੇ ਧਰਤੀ ਦੇ ਹਰ ਪ੍ਰਕਾਰ ਦੇ ਜਾਨਵਰ ਨੂੰ ਜਲ ਪਰਲੋ ਵਿੱਚ ਸੁਰੱਖਿਅਤ ਰੱਖੇਗੀ |

### ਪਰਮੇਸ਼ੁਰ ਨੇ ਨੂਹ ਨੂੰ ਕੀ ਕਰਨ ਲਈ ਕਿਹਾ ?

ਇੱਕ ਵੱਡੀ ਕਿਸ਼ਤੀ ਬਣਾਉਣ ਲਈ |

### ਕਿਸ਼ਤੀ ਦਾ ਕੀ ਉਦੇਸ਼ ਸੀ ?

ਨੂਹ, ਉਸਦੇ ਪਰਿਵਾਰ ਅਤੇ ਜਾਨਵਰਾਂ ਨੂੰ ਜਲ ਪਰਲੋ ਦੇ ਸਮੇਂ ਸੁਰੱਖਿਅਤ ਰੱਖਣਾ |

---

## 03:04

ਨੂਹ ਨੇ ਹੁਕਮ ਮੰਨਿਆ |ਉਸ ਨੇ ਅਤੇ ਉਸਦੇ ਤਿੰਨ ਪੁੱਤਰਾਂ ਨੇ ਬਿਲਕੁਲ ਉਸ ਤਰ੍ਹਾਂ ਕਿਸ਼ਤੀ ਬਣਾਈ ਜਿਵੇਂ ਪਰਮੇਸ਼ੁਰ ਨੇ ਉਹਨਾਂ ਨੂੰ ਕਿਹਾ ਸੀ |ਕਿਸ਼ਤੀ ਨੂੰ ਬਣਾਉਣ ਲਈ ਬਹੁਤ ਸਾਲ ਲੱਗੇ ਕਿਉਂਕਿ ਇਹ ਬਹੁਤ ਵੱਡੀ ਸੀ |ਨੂਹ ਨੇ ਆਉਣ ਵਾਲੀ ਜਲ-ਪਰਲੋ ਬਾਰੇ ਲੋਕਾਂ ਨੂੰ ਚੇਤਾਵਨੀ ਦਿੱਤੀ ਅਤੇ ਕਿਹਾ ਕਿ ਉਹ ਪਰਮੇਸ਼ੁਰ ਵੱਲ ਮੁੜਨ ਪਰ ਉਹਨਾਂ ਨੇ ਵਿਸ਼ਵਾਸ ਨਾ ਕੀਤਾ |

### ਲੋਕਾਂ ਨੇ ਕੀ ਉੱਤਰ ਦਿੱਤਾ ਜਦੋਂ ਨੂਹ ਨੇ ਉਹਨਾਂ ਨੂੰ ਦੱਸਿਆ ਕਿ ਜਲ ਪਰਲੋ ਆਉਣ ਵਾਲੀ ਹੈ ?

ਉਹਨਾਂ ਨੇ ਉਸ ਉੱਤੇ ਵਿਸ਼ਵਾਸ ਨਹੀਂ ਕੀਤਾ |

---

## 03:05

ਪਰਮੇਸ਼ੁਰ ਨੇ ਨੂਹ ਅਤੇ ਉਸਦੇ ਪਰਿਵਾਰ ਨੂੰ ਇਹ ਵੀ ਹੁਕਮ ਦਿੱਤਾ ਕਿ ਉਹ ਆਪਣੇ ਲਈ ਅਤੇ ਜਾਨਵਰਾਂ ਲਈ ਕਾਫ਼ੀ ਭੋਜਨ ਇੱਕਠਾ ਕਰਨ |ਜਦੋਂ ਸਭ ਕੁੱਝ ਤਿਆਰ ਸੀ, ਪਰਮੇਸ਼ੁਰ ਨੇ ਨੂਹ ਨੂੰ ਕਿਹਾ ਕਿ ਹੁਣ ਉਸ ਲਈ, ਉਸ ਦੀ ਪਤਨੀ ਲਈ, ਉਸ ਦੇ ਤਿੰਨ ਪੁੱਤਰਾਂ ਲਈ ਅਤੇ ਉਹਨਾਂ ਦੀਆਂ ਪਤਨੀਆ ਲਈ ਇਹ ਸਮਾਂ ਹੈ ਕਿ ਉਹ ਕਿਸ਼ਤੀ ਦੇ ਅੰਦਰ ਜਾਣ – ਇਹ ਅੱਠ ਲੋਕ ਸਨ |

---

## 03:06

ਪਰਮੇਸ਼ੁਰ ਨੇ ਹਰ ਜਾਨਵਰ ਅਤੇ ਪੰਛੀ ਦੇ ਨਰ ਅਤੇ ਮਾਦਾ ਦਾ ਜੋੜਾ, ਨੂਹ ਕੋਲ ਭੇਜਿਆ ਤਾਂ ਕਿ ਜਲ ਪਰਲੋ ਦੇ ਸਮੇਂ ਕਿਸ਼ਤੀ ਵਿੱਚ ਸੁਰੱਖਿਅਤ ਰਹਿਣ |ਪਰਮੇਸ਼ੁਰ ਨੇ ਹਰ ਕਿਸਮ ਦੇ ਪਸ਼ੂਆਂ ਵਿੱਚੋਂ ਸੱਤ ਨਰ ਅਤੇ ਸੱਤ ਮਾਦਾ ਭੇਜੇ ਜੋ ਬਲੀਆਂ ਲਈ ਇਸਤੇਮਾਲ ਕੀਤੇ ਜਾ ਸਕਦੇ ਸਨ |ਜਦੋਂ ਉਹ ਸਭ ਕਿਸ਼ਤੀ ਦੇ ਅੰਦਰ ਸਨ ਤਾਂ ਪਰਮੇਸ਼ੁਰ ਨੇ ਆਪ ਦਰਵਾਜ਼ਾ ਬੰਦ ਕੀਤਾ |

### ਕਿਹੜੇ ਜਾਨਵਰ ਜਲ ਪਰਲੋ ਆਉਣ ਤੋਂ ਪਹਿਲਾਂ ਕਿਸ਼ਤੀ ਵਿੱਚ ਆਏ ?

ਇੱਕ ਨਰ ਅਤੇ ਨਾਰੀ ਸਾਰੇ ਕਿਸਮ ਦੇ ਜਾਨਵਰਾਂ ਵਿੱਚੋਂ ਅਤੇ ਬਲੀ ਲਈ ਵਰਤੇ ਜਾਣ ਵਾਲੇ ਜਾਨਵਰਾਂ ਦੀ ਨਸਲ ਵਿੱਚੋਂ ਸੱਤ ਨਰ ਅਤੇ ਸੱਤ ਮਾਦਾ ਕਿਸ਼ਤੀ ਵਿੱਚ ਆਏ |

### ਕਿਸ਼ਤੀ ਵਿੱਚ ਨੂਹ ਦੇ ਪਰਿਵਾਰ ਅਤੇ ਜਾਨਵਰਾਂ ਦੇ ਪ੍ਰਵੇਸ਼ ਕਰਨ ਤੋਂ ਬਾਅਦ ਕਿਸ ਨੇ ਦਰਵਾਜਾ ਬੰਦ ਕੀਤਾ ?

ਪਰਮੇਸ਼ੁਰ ਨੇ ਦਰਵਾਜਾ ਬੰਦ ਕੀਤਾ |

---

## 03:07

ਤਦ ਬਾਰਿਸ਼ ਸ਼ੁਰੂ ਹੋਈ, ਅਤੇ ਬਾਰਿਸ਼ ਹੀ ਬਾਰਿਸ਼ ਸੀ |ਬਿਨਾਂ ਰੁਕੇ ਚਾਲੀ ਦਿਨ ਅਤੇ ਚਾਲੀ ਰਾਤ ਬਾਰਿਸ਼ ਹੋਈ |ਧਰਤੀ ਦੇ ਅੰਦਰੋਂ ਵੀ ਪਾਣੀ ਦੇ ਸੋਮੇ ਫੁੱਟ ਨਿੱਕਲੇ |ਸੰਸਾਰ ਵਿੱਚ ਸਭ ਕੁੱਝ ਪਾਣੀ ਨਾਲ ਢਕਿਆ ਗਿਆ ਸੀ, ਇੱਥੋਂ ਤੱਕ ਕਿ ਪਰਬਤਾਂ ਦੀਆਂ ਚੋਟੀਆਂ ਵੀ |

### ਕਿੰਨਾ ਸਮਾਂ ਬਾਰਸ਼ ਹੋਈ ?

ਚਾਲੀ ਦਿਨ ਅਤੇ ਚਾਲੀ ਰਾਤਾਂ |

---

## 03:08

ਸੁੱਕੀ ਧਰਤੀ ਉੱਤੇ ਰਹਿਣ ਵਾਲੀ ਹਰ ਚੀਜ਼ ਖ਼ਤਮ ਹੋ ਗਈ , ਉਹਨਾਂ ਲੋਕਾਂ ਨੂੰ ਛੱਡ ਕੇ ਜਿਹੜੇ ਕਿਸ਼ਤੀ ਵਿੱਚ ਸਨ |ਕਿਸ਼ਤੀ ਪਾਣੀ ਉੱਤੇ ਤੈਰਦੀ ਰਹੀ ਅਤੇ ਕਿਸ਼ਤੀ ਦੇ ਅੰਦਰ ਸਭ ਕੁੱਝ ਵਹਿਣ ਤੋਂ ਬਚਿਆ ਰਿਹਾ |

### ਪਰਲੋ ਦੇ ਪਾਣੀ ਕਿੰਨੀ ਉੱਚੀ ਚੜ੍ਹ ਗਏ ?

ਪਾਣੀਆਂ ਨੇ ਜਗਤ ਦਾ ਸਭ ਕੁੱਝ ਢਕ ਲਿਆ, ਇੱਥੋਂ ਤੱਕ ਕਿ ਸਭ ਤੋਂ ਉੱਚੇ ਪਰਬਤ ਵੀ |

### ਧਰਤੀ ਉੱਤੇ ਰਹਿਣ ਵਾਲੇ ਹਰ ਪ੍ਰਾਣੀ ਨਾਲ ਕੀ ਹੋਇਆ ?

ਸਭ ਕੁੱਝ ਮਰ ਗਿਆ |

---

## 03:09

ਬਾਰਿਸ਼ ਰੁੱਕਣ ਤੋਂ ਬਾਅਦ ਕਿਸ਼ਤੀ ਪਾਣੀ ਉੱਤੇ ਪੰਜ ਮਹੀਨੇ ਤੈਰਦੀ ਰਹੀ ਅਤੇ ਇਸ ਸਮੇਂ ਦੌਰਾਨ ਪਾਣੀ ਘਟਣਾ ਸ਼ੁਰੂ ਹੋ ਗਿਆ ਸੀ |ਤਦ ਇੱਕ ਦਿਨ ਕਿਸ਼ਤੀ ਪਹਾੜ ਦੀ ਚੋਟੀ ਉੱਤੇ ਟਿਕੀ, ਪਰ ਸੰਸਾਰ ਅਜੇ ਵੀ ਪਾਣੀ ਨਾਲ ਢਕਿਆ ਹੋਇਆ ਸੀ |ਅਗਲੇ ਤਿੰਨ ਮਹੀਨਿਆਂ ਬਾਅਦ ਪਰਬਤਾਂ ਦੀਆਂ ਚੋਟੀਆਂ ਦਿੱਸਣ ਲੱਗੀਆਂ |

---

## 03:10

ਅਗਲੇ ਹੋਰ ਚਾਲੀ ਦਿਨਾਂ ਬਾਅਦ ਨੂਹ ਨੇ ਕਾਂ ਨਾਮ ਦੇ ਪੰਛੀ ਨੂੰ ਬਾਹਰ ਭੇਜਿਆ ਕਿ ਦੇਖੇ ਕੀ ਪਾਣੀ ਸੁੱਕ ਗਿਆ ਹੈ ਜਾਂ ਨਹੀਂ |ਕਾਂ ਸੁੱਕੀ ਜਗ੍ਹਾ ਦੀ ਭਾਲ ਵਿੱਚ ਅੱਗੇ ਪਿੱਛੇ ਉੱਡਦਾ ਰਿਹਾ ਪਰ ਕੋਈ ਜਗ੍ਹਾ ਨਾ ਮਿਲੀ |

---

## 03:11

ਬਾਅਦ ਵਿੱਚ ਨੂਹ ਨੇ ਘੁੱਗੀ ਨਾਮ ਦਾ ਪੰਛੀ ਬਾਹਰ ਭੇਜਿਆ |ਪਰ ਇਸ ਪੰਛੀ ਨੂੰ ਵੀ ਸੁੱਕੀ ਜਗ੍ਹਾ ਨਾ ਮਿਲਣ ਕਰਕੇ ਇਹ ਨੂਹ ਕੋਲ ਵਾਪਸ ਆ ਗਿਆ |ਇੱਕ ਹਫ਼ਤੇ ਬਾਅਦ ਉਸ ਨੇ ਘੁੱਗੀ ਨੂੰ ਦੁਬਾਰਾ ਫੇਰ ਭੇਜਿਆ ਅਤੇ ਇਹ ਅਪਣੀ ਚੁੰਝ ਵਿੱਚ ਜੈਤੂਨ ਦੀ ਟਾਹਣੀ ਲੈ ਕੇ ਵਾਪਸ ਆਈ |ਪਾਣੀ ਹੇਠਾਂ ਜਾ ਰਿਹਾ ਸੀ ਅਤੇ ਪੌਦੇ ਦੁਬਾਰਾ ਪੁੰਗਰ ਰਹੇ ਸਨ |

---

## 03:12

ਨੂਹ ਨੇ ਇੱਕ ਹਫ਼ਤਾ ਹੋਰ ਇੰਤਜ਼ਾਰ ਕੀਤਾ ਅਤੇ ਘੁੱਗੀ ਨੂੰ ਤੀਸਰੀ ਵਾਰ ਭੇਜਿਆ |ਇਸ ਵਾਰ ਇਸ ਨੂੰ ਬੈਠਣ ਲਈ ਜਗ੍ਹਾ ਮਿਲ ਗਈ ਅਤੇ ਵਾਪਸ ਨਹੀਂ ਆਈ |ਪਾਣੀ ਸੁੱਕ ਰਿਹਾ ਸੀ !

### ਕਿਸ ਤਰ੍ਹਾਂ ਨੂਹ ਨੂੰ ਪਤਾ ਲੱਗਾ ਕਿ ਪਾਣੀ ਸੁੱਕ ਗਿਆ ਹੈ ?

ਉਸ ਨੇ ਬਾਹਰ ਇੱਕ ਘੁੱਗੀ ਭੇਜੀ ਅਤੇ ਉਹ ਵਾਪਸ ਨਾ ਆਈ |

---

## 03:13

ਦੋ ਮਹੀਨੇ ਬਾਅਦ ਪਰਮੇਸ਼ੁਰ ਨੇ ਨੂਹ ਨੂੰ ਕਿਹਾ, “ਤੂੰ ਅਤੇ ਤੇਰਾ ਪਰਿਵਾਰ ਅਤੇ ਸਾਰੇ ਜਾਨਵਰ ਕਿਸ਼ਤੀ ਤੋਂ ਹੁਣ ਬਾਹਰ ਜਾ ਸਕਦੇ ਹੋ |”ਪੁੱਤ ਪੋਤੇ ਪੈਦਾ ਕਰੋ ਅਤੇ ਸਾਰੀ ਧਰਤੀ ਨੂੰ ਭਰ ਦਿਓ |ਤਦ ਨੂਹ ਅਤੇ ਉਸਦਾ ਪਰਿਵਾਰ ਕਿਸ਼ਤੀ ਤੋਂ ਬਾਹਰ ਆਇਆ |

### ਜਦੋਂ ਨੂਹ ਅਤੇ ਉਸਦੇ ਪਰਿਵਾਰ ਨੇ ਕਿਸ਼ਤੀ ਛੱਡੀ ਤਾਂ ਪਰਮੇਸ਼ੁਰ ਨੇ ਉਹਨਾਂ ਨੂੰ ਕੀ ਕਰਨ ਲਈ ਕਿਹਾ ?

ਉਸ ਨੇ ਉਹਨਾਂ ਨੂੰ ਬਹੁਤ ਬੱਚੇ ਪੈਦਾ ਕਰਨ ਅਤੇ ਧਰਤੀ ਨੂੰ ਭਰਨ ਲਈ ਬਰਕਤ ਦਿੱਤੀ |

---

## 03:14

ਅਤੇ ਕਿਸ਼ਤੀ ਤੋਂ ਬਾਹਰ ਆਉਣ ਦੇ ਬਾਅਦ ਨੂਹ ਨੇ ਇੱਕ ਵੇਦੀ ਬਣਾਈ ਅਤੇ ਹਰ ਕਿਸਮ ਦੇ ਕੁੱਝ ਪਸ਼ੂਆਂ ਦੀ ਬਲੀ ਦਿੱਤੀ ਜੋ ਬਲੀ ਲਈ ਵਰਤੇ ਜਾ ਸਕਦੇ ਸੀ |ਪਰਮੇਸ਼ੁਰ ਬਲੀ ਤੋਂ ਖੁਸ਼ ਸੀ, ਅਤੇ ਉਸਨੇ ਨੂਹ ਅਤੇ ਉਸਦੇ ਪਰਿਵਾਰ ਨੂੰ ਬਰਕਤ ਦਿੱਤੀ |

### ਕਿਸ ਤਰ੍ਹਾਂ ਨੂਹ ਨੇ ਕਿਸ਼ਤੀ ਤੋਂ ਬਾਹਰ ਆਉਣ ਤੋਂ ਬਾਅਦ ਪਰਮੇਸ਼ੁਰ ਦੀ ਅਰਾਧਨਾ ਕੀਤੀ ?

ਉਸ ਨੇ ਇੱਕ ਜਗਵੇਦੀ ਬਣਾਈ ਅਤੇ ਉਸ ਉੱਤੇ ਕੁੱਝ ਜਾਨਵਰ ਬਲੀ ਕੀਤੇ |

---

## 03:15

ਪਰਮੇਸ਼ੁਰ ਨੇ ਕਿਹਾ, "ਮੈਂ ਵਾਇਦਾ ਕਰਦਾ ਹਾਂ ਕਿ ਅੱਗੇ ਤੋਂ ਕਦੀ ਵੀ ਲੋਕਾਂ ਦੀ ਬੁਰਾਈ ਕਾਰਨ ਜੋ ਉਹ ਕਰਦੇ ਹਨ ਧਰਤੀ ਨੂੰ ਸਰਾਪ ਨਹੀਂ ਦੇਵਾਂਗਾ, ਜਾਂ ਸੰਸਾਰ ਨੂੰ ਪਾਣੀ ਨਾਲ ਖ਼ਤਮ ਨਹੀਂ ਕਰਾਂਗਾ |"

### ਪਰਮੇਸ਼ੁਰ ਨੇ ਕੀ ਸੌਂਹ ਖਾਧੀ ਕਿ ਉਹ ਦੁਬਾਰਾ ਕਦੀ ਨਹੀਂ ਕਰੇਗਾ ?

ਧਰਤੀ ਨੂੰ ਕਦੀ ਸਰਾਪ ਨਾ ਦੇਵਾਗਾ ਅਤੇ ਫਿਰ ਪਾਣੀ ਨਾਲ ਤਬਾਹ ਨਾ ਕਰੇਗਾ |

---

## 03:16

ਤਦ ਪਰਮੇਸ਼ੁਰ ਨੇ ਆਪਣੇ ਵਾਇਦੇ ਦੀ ਨਿਸ਼ਾਨੀ ਵਜੋਂ ਇੱਕ ਸਤਰੰਗੀ ਪੀਂਘ ਬਣਾਈ |ਜਦ ਕਦੀ ਵੀ ਅਕਾਸ਼ ਵਿੱਚ ਸਤਰੰਗੀ ਪੀਂਘ ਦਿਖਾਈ ਦਿੰਦੀ ਹੈ, ਪਰਮੇਸ਼ੁਰ ਆਪਣੇ ਵਾਇਦੇ ਨੂੰ ਯਾਦ ਕਰਦਾ ਹੈ ਅਤੇ ਉਸਦੇ ਲੋਕ ਵੀ |

### ਪਰਮੇਸ਼ੁਰ ਨੇ ਆਪਣੇ ਵਾਅਦੇ ਲਈ ਕੀ ਨਿਸ਼ਾਨ ਰੱਖਿਆ ?

ਉਸ ਨੇ ਅਕਾਸ਼ ਵਿੱਚ ਇੱਕ ਸਤਰੰਗੀ ਪੀਂਘ ਬਣਾਈ |

# ਅਬਰਾਹਾਮ ਨਾਲ ਪਰਮੇਸ਼ੁਰ ਦਾ ਨੇਮ

## 04:01

ਜਲ-ਪਰਲੋ ਤੋਂ ਕਈ ਸਾਲ ਬਾਅਦ, ਸੰਸਾਰ ਵਿੱਚ ਦੁਬਾਰਾ ਫੇਰ ਬਹੁਤ ਸਾਰੇ ਲੋਕ ਸਨ ਅਤੇ ਉਹ ਸਾਰੇ ਇੱਕ ਹੀ ਭਾਸ਼ਾ ਬੋਲਦੇ ਸਨ |ਪਰਮੇਸ਼ੁਰ ਦੇ ਹੁਕਮ ਅਨੁਸਾਰ ਸਾਰੀ ਧਰਤੀ ਨੂੰ ਭਰਨ ਦੀ ਬਜਾਇ ਉਹ ਸਭ ਇੱਕਠੇ ਹੋਏ ਅਤੇ ਇੱਕ ਸ਼ਹਿਰ ਬਣਾਇਆ |

### ਕੀ ਜਲ ਪਰਲੋ ਤੋਂ ਬਾਅਦ ਲੋਕਾਂ ਨੇ ਧਰਤੀ ਨੂੰ ਭਰ ਦਿੱਤਾ ਜਿਵੇਂ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ ?

ਨਹੀਂ,ਉਹ ਇਕੱਠੇ ਹੋਏ ਅਤੇ ਇੱਕ ਸ਼ਹਿਰ ਬਣਾਇਆ |

### ਉਸ ਸਮੇਂ ਸੰਸਾਰ ਵਿੱਚ ਕਿੰਨੀਆਂ ਅੱਲਗ ਅਲੱਗ ਭਾਸ਼ਾਵਾਂ ਸਨ ?

ਸਿਰਫ਼ ਇੱਕ ਹੀ ਭਾਸ਼ਾ ਸੀ |

---

## 04:02

ਉਹਨਾਂ ਨੂੰ ਇਸ ਦਾ ਬਹੁਤ ਘੁਮੰਡ ਸੀ, ਅਤੇ ਜੋ ਪਰਮੇਸ਼ੁਰ ਨੇ ਕਿਹਾ ਸੀ ਉਸ ਦੀ ਉਹਨਾਂ ਨੇ ਕੋਈ ਪਰਵਾਹ ਨਾ ਕੀਤੀ |ਇੱਥੋਂ ਤੱਕ ਕਿ ਉਹਨਾਂ ਨੇ ਸਵਰਗ ਪਹੁੰਚਣ ਲਈ ਇੱਕ ਬੁਰਜ਼ ਬਣਾਉਣਾ ਵੀ ਸ਼ੁਰੂ ਕੀਤਾ |ਪਰਮੇਸ਼ੁਰ ਨੇ ਦੇਖਿਆ ਅਗਰ ਇਹ ਸਭ ਮਿਲਕੇ ਬੁਰਾਈ ਕਰਨ ਵਿੱਚ ਲੱਗੇ ਰਹੇ ਤਾਂ ਇਹ ਹੋਰ ਵੀ ਬਹੁਤ ਸਾਰੀਆਂ ਬੁਰੀਆਂ ਗੱਲਾਂ ਕਰ ਸਕਦੇ ਹਨ |

### ਧਰਤੀ ਨੂੰ ਭਰਨ ਦੀ ਬਜਾਇ ਲੋਕਾਂ ਨੇ ਇਕੱਠੇ ਮਿਲਕੇ ਕੀ ਕੰਮ ਕੀਤਾ ?

ਉਹਨਾਂ ਨੇ ਸਵਰਗ ਪਹੁੰਚਣ ਲਈ ਇੱਕ ਉੱਚਾ ਬੁਰਜ ਬਣਾਉਣਾ ਸ਼ੁਰੂ ਕੀਤਾ |

---

## 04:03

ਤਾਂ ਪਰਮੇਸ਼ੁਰ ਨੇ ਉਹਨਾਂ ਦੀ ਭਾਸ਼ਾ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਬਦਲ ਦਿੱਤੀ ਅਤੇ ਲੋਕਾਂ ਨੂੰ ਸਾਰੇ ਸੰਸਾਰ ਵਿੱਚ ਖਿਲਾਰ ਦਿੱਤਾ |ਉਹ ਸ਼ਹਿਰ ਜਿਸ ਨੂੰ ਉਹਨਾਂ ਨੇ ਬਣਾਉਣਾ ਸ਼ੁਰੂ ਕੀਤਾ ਸੀ ਉਹ ਬਾਬਲ ਕਹਾਉਂਦਾ ਸੀ, ਜਿਸ ਦਾ ਮਤਲਬ- “ਉਲਝਣਾ” |

### ਸਾਰੇ ਜਗਤ ਵਿੱਚ ਲੋਕਾਂ ਨੂੰ ਫੈਲਾਉਣ ਲਈ ਪਰਮੇਸ਼ੁਰ ਨੇ ਲੋਕਾਂ ਨਾਲ ਕੀ ਕੀਤਾ ?

ਉਸ ਨੇ ਉਹਨਾਂ ਦੀ ਭਾਸ਼ਾ ਬਹੁਤ ਸਾਰੀਆਂ ਅਲੱਗ-ਅਲੱਗ ਭਾਸ਼ਾਵਾਂ ਵਿੱਚ ਬਦਲ ਦਿੱਤੀ |

### ਉਸ ਸ਼ਹਿਰ ਦਾ ਕੀ ਨਾਮ ਸੀ ਜਿਸ ਨੂੰ ਉਹ ਬਣਾ ਰਹੇ ਸਨ ?

ਬਾਬਲ |

### “ਬਾਬਲ” ਨਾਮ ਦਾ ਕੀ ਮਤਲਬ ਹੈ ?

ਉੱਲਝਣਾ |

---

## 04:04

ਕਈ ਸੌ ਸਾਲਾਂ ਬਾਅਦ, ਪਰਮੇਸ਼ੁਰ ਨੇ ਇੱਕ ਵਿਅਕਤੀ ਨਾਲ ਗੱਲ ਕੀਤੀ, ਜਿਸ ਦਾ ਨਾਮ ਸੀ ਅਬਰਾਮ |ਪਰਮੇਸ਼ੁਰ ਨੇ ਉਸ ਨੂੰ ਕਿਹਾ,”ਆਪਣਾ ਦੇਸ ਅਤੇ ਆਪਣਾ ਪਰਿਵਾਰ ਛੱਡ ਅਤੇ ਉਸ ਦੇਸ ਵਿੱਚ ਜਾਹ ਜਿਹੜਾ ਮੈਂ ਤੈਨੂੰ ਦਿਖਾਉਂਦਾ ਹਾਂ |”ਮੈਂ ਤੈਨੂੰ ਬਰਕਤ ਦੇਵਾਂਗਾ ਅਤੇ ਤੈਨੂੰ ਵੱਡੀ ਕੌਮ ਬਣਾਵਾਂਗਾ| ਮੈਂ ਤੇਰਾ ਨਾਮ ਮਹਾਨ ਕਰਾਂਗਾ, ਮੈਂ ਉਹਨਾਂ ਨੂੰ ਬਰਕਤ ਦੇਵਾਂਗਾ ਜਿਹੜੇ ਤੈਨੂੰ ਬਰਕਤ ਦੇਣਗੇ ਅਤੇ ਉਹਨਾਂ ਨੂੰ ਸਰਾਪ ਜਿਹੜੇ ਤੈਨੂੰ ਸਰਾਪ ਦੇਣਗੇ | ਧਰਤੀ ਦੇ ਸਾਰੇ ਘਰਾਣੇ ਤੇਰੇ ਕਾਰਨ ਬਰਕਤ ਪਾਉਣਗੇ |

### ਪਰਮੇਸ਼ੁਰ ਨੇ ਅਬਰਾਮ ਨੂੰ ਕੀ ਕਰਨ ਲਈ ਕਿਹਾ ?

ਪਰਮੇਸ਼ੁਰ ਨੇ ਅਬਰਾਮ ਨੂੰ ਆਪਣਾ ਦੇਸ਼ ਅਤੇ ਪਰਿਵਾਰ ਛੱਡ ਕੇ ਦੂਸਰੇ ਦੇਸ਼ ਵਿੱਚ ਜਾਣ ਲਈ ਕਿਹਾ |

### ਪਰਮੇਸ਼ੁਰ ਨੇ ਅਬਰਾਮ ਦੇ ਲਈ ਕੀ ਕਰਨ ਦਾ ਵਾਅਦਾ ਕੀਤਾ ?

ਉਸ ਨੇ ਵਾਅਦਾ ਕੀਤਾ ਕਿ ਅਬਰਾਮ ਜਿੰਨਾ ਵੀ ਦੇਖੇ ਉਸ ਨੂੰ ਉਹ ਦੇਸ਼ ਦਿੱਤਾ ਜਾਵੇਗਾ ਤਾਂਕਿ ਉਸਦਾ ਨਾਮ ਮਹਾਨ ਹੋਵੇ, ਉਸਦੀ ਸੰਤਾਨ ਇੱਕ ਵੱਡੀ ਜਾਤੀ ਹੋਵੇ ਅਤੇ ਉਸਦੇ ਦੁਆਰਾ ਧਰਤੀ ਦੀਆਂ ਸਾਰੀਆਂ ਜਾਤੀਆਂ ਬਰਕਤ ਪਾਉਣ |

---

## 04:05

ਇਸ ਲਈ ਅਬਰਾਮ ਨੇ ਪਰਮੇਸ਼ੁਰ ਦਾ ਹੁਕਮ ਮੰਨਿਆ |ਉਸ ਨੇ ਅਪਣੀ ਪਤਨੀ ਸਾਰਈ ਦੇ ਨਾਲ ਆਪਣੇ ਸਾਰੇ ਨੌਕਰ ਅਤੇ ਸਾਰੀ ਸੰਪਤੀ ਲਈ ਅਤੇ ਉਸ ਦੇਸ ਵੱਲ ਤੁਰ ਪਿਆ ਜਿਹੜਾ ਪਰਮੇਸ਼ੁਰ ਨੇ ਉਸ ਨੂੰ ਦਿਖਾਇਆ ਸੀ- ਕਨਾਨ ਦਾ ਦੇਸ |

### ਅਬਰਾਮ ਕਿਸ ਦੇਸ਼ ਨੂੰ ਗਿਆ ?

ਕਨਾਨ ਦੇਸ਼ |

---

## 04:06

ਜਦੋਂ ਅਬਰਾਮ ਕਨਾਨ ਵਿੱਚ ਪਹੁੰਚਿਆ, ਪਰਮੇਸ਼ੁਰ ਨੇ ਕਿਹਾ, "ਆਪਣੇ ਚਾਰੇ ਪਾਸੇ ਦੇਖ |ਮੈਂ ਤੈਨੂੰ ਅਤੇ ਤੇਰੇ ਬੱਚਿਆ ਨੂੰ ਇਹ ਦੇਸ ਵਿਰਾਸਤ ਵਿੱਚ ਦੇਵਾਂਗਾ ਜੋ ਤੂੰ ਦੇਖ ਰਿਹਾ ਹੈਂ |ਤਦ ਅਬਰਾਮ ਉਸ ਦੇਸ ਵਿੱਚ ਵੱਸ ਗਿਆ |

### ਕਨਾਨ ਦੇ ਬਾਰੇ ਪਰਮੇਸ਼ੁਰ ਨੇ ਅਬਰਾਮ ਨਾਲ ਕੀ ਵਾਅਦਾ ਕੀਤਾ ?

ਪਰਮੇਸ਼ੁਰ ਇਹ ਦੇਸ਼ ਅਬਰਾਮ ਅਤੇ ਉਸਦੀ ਸੰਤਾਨ ਨੂੰ ਇੱਕ ਮਿਰਾਸ ਦੇ ਰੂਪ ਵਿੱਚ ਦੇਵੇਗਾ |

---

## 04:07

ਇੱਕ ਦਿਨ, ਅਬਰਾਮ ਮਲਕਿਸਿਦਕ ਨੂੰ ਮਿਲਿਆ, ਜੋ ਅੱਤ ਮਹਾਨ ਪਰਮੇਸ਼ੁਰ ਦਾ ਜਾਜਕ ਸੀ |ਮਲਕਿਸਿਦਕ ਨੇ ਅਬਰਾਮ ਨੂੰ ਬਰਕਤ ਦਿੱਤੀ ਅਤੇ ਕਿਹਾ, "ਮੁਬਾਰਕ ਹੋਵੇ ਅੱਤ ਮਹਾਨ ਪਰਮੇਸ਼ੁਰ ਸਵਰਗ ਅਤੇ ਧਰਤੀ ਦੇ ਮਾਲਕ ਦਾ ਅਬਰਾਮ |"ਤਦ ਅਬਰਾਮ ਨੇ ਆਪਣੀ ਸਾਰੀ ਸੰਪਤੀ ਦਾ ਦੱਸਵਾਂ ਹਿੱਸਾ ਮਲਕਿਸਿਦਕ ਨੂੰ ਦਿੱਤਾ |

### ਮਲਕੀਸਿਦਕ ਕੌਣ ਸੀ ?

ਉਹ ਅੱਤ ਮਹਾਨ ਪਰਮੇਸ਼ੁਰ ਦਾ ਜ਼ਾਜਕ ਸੀ |

### ਮਲਕੀਸਿਦਕ ਨੇ ਅਬਰਾਮ ਦੇ ਲਈ ਕੀ ਕੀਤਾ ?

ਉਸ ਨੇ ਅਬਰਾਮ ਨੂੰ ਬਰਕਤ ਦਿੱਤੀ |

### ਅਬਰਾਮ ਨੇ ਮਲਕੀਸਿਦਕ ਨੂੰ ਕੀ ਦਿੱਤਾ ?

ਆਪਣੇ ਸਾਰੇ ਧੰਨ ਦਾ ਦੱਸਵਾਂ ਹਿੱਸਾ |

### ਕਨਾਨ ਵਿੱਚ ਕਈ ਸਾਲ ਰਹਿਣ ਦੇ ਬਾਅਦ ਪਰਮੇਸ਼ੁਰ ਨੇ ਅਬਰਾਮ ਦੇ ਨਾਲ ਕੀ ਵਾਅਦਾ ਕੀਤਾ ?

ਅਬਰਾਮ ਦੇ ਇੱਕ ਪੁੱਤਰ ਹੋਵੇਗਾ ਅਤੇ ਹੋਰ ਵੀ ਬਹੁਤ ਸੰਤਾਨ ਜਿਵੇਂ ਅਕਾਸ਼ ਵਿੱਚ ਤਾਰੇ |

---

## 04:08

ਬਹੁਤ ਸਾਰੇ ਸਾਲ ਬੀਤ ਗਏ, ਪਰ ਅਬਰਾਮ ਅਤੇ ਸਾਰਈ ਦੇ ਕੋਈ ਪੁੱਤਰ ਨਹੀਂ ਸੀ |ਪਰਮੇਸ਼ੁਰ ਨੇ ਅਬਰਾਮ ਨਾਲ ਗੱਲ ਕੀਤੀ ਅਤੇ ਦੁਬਾਰਾ ਵਾਇਦਾ ਕੀਤਾ ਕਿ ਉਸ ਦੇ ਪੁੱਤਰ ਹੋਵੇਗਾ ਅਤੇ ਉਸ ਦੀ ਸੰਤਾਨ ਅਕਾਸ਼ ਦੇ ਤਾਰਿਆਂ ਜਿੰਨੀ ਹੋਵੇਗੀ |ਅਬਰਾਮ ਨੇ ਪਰਮੇਸ਼ੁਰ ਦੇ ਵਾਇਦੇ ਤੇ ਵਿਸ਼ਵਾਸ ਕੀਤਾ | ਪਰਮੇਸ਼ੁਰ ਨੇ ਘੋਸ਼ਣਾ ਕੀਤੀ ਕਿ ਅਬਰਾਮ ਧਰਮੀ ਹੈ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਵਾਇਦੇ ਤੇ ਵਿਸ਼ਵਾਸ ਕੀਤਾ |

### ਪਰਮੇਸ਼ੁਰ ਨੇ ਕਿਉਂ ਕਿਹਾ ਕਿ ਅਬਰਾਮ ਧਰਮੀ ਸੀ ?

ਕਿਉਂਕਿ ਅਬਰਾਮ ਨੇ ਪਰਮੇਸ਼ੁਰ ਦੇ ਵਾਅਦੇ ਉੱਤੇ ਵਿਸ਼ਵਾਸ ਕੀਤਾ |

---

## 04:09

ਤਦ ਪਰਮੇਸ਼ੁਰ ਨੇ ਅਬਰਾਮ ਨਾਲ ਨੇਮ ਬੰਨ੍ਹਿਆ |ਨੇਮ- ਦੋ ਧਿਰਾਂ ਵਿਚਕਾਰ ਸਮਝੌਤਾ ਹੁੰਦਾ ਹੈ |ਪਰਮੇਸ਼ੁਰ ਨੇ ਕਿਹਾ, "ਮੈਂ ਤੈਨੂੰ ਤੇਰੀ ਪਤਨੀ ਤੋਂ ਇੱਕ ਪੁੱਤਰ ਦੇਵਾਂਗਾ "ਮੈਂ ਤੇਰੀ ਸੰਤਾਨ ਨੂੰ ਕਨਾਨ ਦੇਸ ਦੇਵਾਂਗਾ |ਪਰ ਅਬਰਾਮ ਕੋਲ ਅਜੇ ਵੀ ਪੁੱਤਰ ਨਹੀਂ ਸੀ |

### ਇੱਕ ਨੇਮ ਕੀ ਹੈ ?

ਦੋ ਧਿਰਾਂ ਵਿਚਕਾਰ ਇੱਕ ਸਹਿਮਤੀ |

# ਵਾਇਦੇ ਦਾ ਪੁੱਤਰ

## 05:01

ਅਬਰਾਮ ਅਤੇ ਸਾਰਈ ਦੇ ਕਨਾਨ ਵਿੱਚ ਪਹੁੰਚਣ ਦੇ ਦਸ ਸਾਲ ਬਾਅਦ ਵੀ ਉਹਨਾਂ ਕੋਲ ਕੋਈ ਬੱਚਾ ਨਹੀਂ ਸੀ |ਇਸ ਲਈ ਅਬਰਾਮ ਦੀ ਪਤਨੀ ਨੇ ਉਸ ਨੂੰ ਕਿਹਾ, “ਜਦ ਕਿ ਪਰਮੇਸ਼ੁਰ ਨੇ ਮੈਨੂੰ ਮਾਂ ਬਣਨ ਦੀ ਆਗਿਆ ਨਹੀਂ ਦਿੱਤੀ ਅਤੇ ਹੁਣ ਮੈਂ ਬੱਚੇ ਪੈਦਾ ਕਰਨ ਲਈ ਕਾਫ਼ੀ ਬੁੱਢੀ ਵੀ ਹੋ ਗਈ ਹਾਂ, ਮੇਰੇ ਕੋਲ ਮੇਰੀ ਗੋਲੀ ਹਾਜਰਾ ਹੈ |ਉਸ ਨਾਲ ਵਿਆਹ ਕਰ ਲੈ ਤਾਂ ਕਿ ਉਹ ਮੇਰੇ ਲਈ ਬੱਚਾ ਪੈਦਾ ਕਰ ਸਕੇ |”

### ਸਾਰਈ ਕਿਉਂ ਸੋਚਦੀ ਸੀ ਕਿ ਉਸਦੇ ਬੱਚਾ ਨਹੀਂ ਹੋਵੇਗਾ ?

ਉਹ ਬਹੁਤ ਬੁੱਢੀ ਹੋ ਚੁੱਕੀ ਸੀ |

### ਬੱਚਾ ਪੈਦਾ ਕਰਨ ਲਈ ਸਾਰਈ ਨੇ ਅਬਰਾਮ ਨੂੰ ਕੀ ਕਰਨ ਲਈ ਕਿਹਾ ?

ਉਸ ਦੀ ਗੋਲੀ ਹਾਜਰਾ ਨਾਲ ਵਿਆਹ ਕਰੇ ਤਾਂ ਕਿ ਹਾਜਰਾ ਉਸ ਲਈ ਇੱਕ ਬੱਚਾ ਪੈਦਾ ਕਰੇ |

---

## 05:02

ਇਸ ਲਈ ਅਬਰਾਮ ਨੇ ਉਸ ਨਾਲ ਵਿਆਹ ਕੀਤਾ |ਹਾਜਰਾ ਦੇ ਮੁੰਡਾ ਹੋਇਆ ਅਤੇ ਅਬਰਾਮ ਨੇ ਉਸ ਦਾ ਨਾਮ ਇਸਮਾਏਲ ਰੱਖਿਆ |ਪਰ ਸਾਰਈ ਹਾਜਰਾ ਤੋਂ ਈਰਖਾ ਕਰਨ ਲੱਗੀ |ਜਦੋਂ ਇਸਮਾਏਲ ਤੇਰ੍ਹਾਂ ਵਰਿਆਂ ਦਾ ਹੋਇਆ, ਪਰਮੇਸ਼ੁਰ ਨੇ ਅਬਰਾਮ ਨਾਲ ਫੇਰ ਗੱਲ ਕੀਤੀ |

### ਹਾਜਰਾ ਦੇ ਲੜਕੇ ਦਾ ਕੀ ਨਾਮ ਸੀ ?

ਇਸਮਾਏਲ |

### ਸਾਰਈ ਅਤੇ ਹਾਜਰਾ ਦੇ ਵਿਚਕਾਰ ਕੀ ਸਮੱਸਿਆਂ ਪੈਦਾ ਹੋਈਆਂ ?

ਸਾਰਈ ਹਾਜਰਾ ਤੋਂ ਜਲਣ ਕਰਨ ਲੱਗੀ |

---

## 05:03

ਪਰਮੇਸ਼ੁਰ ਨੇ ਕਿਹਾ, “ਮੈਂ ਅੱਤ ਮਹਾਨ ਪਰਮੇਸ਼ੁਰ ਹਾਂ |ਮੈਂ ਤੇਰੇ ਨਾਲ ਨੇਮ ਬੰਨ੍ਹਾਂਗਾ |”ਤਦ ਅਬਰਾਮ ਧਰਤੀ ਤੱਕ ਝੁੱਕਿਆ |ਪਰਮੇਸ਼ੁਰ ਨੇ ਅਬਰਾਮ ਨੂੰ ਇਹ ਵੀ ਦੱਸਿਆ, “ਤੂੰ ਬਹੁਤੀਆਂ ਜਾਤੀਆਂ ਦਾ ਪਿਤਾ ਹੋਵੇਂਗਾ |ਮੈਂ ਤੈਨੂੰ ਅਤੇ ਤੇਰੇ ਵੰਸ ਨੂੰ ਕਨਾਨ ਦੇਸ ਮਿਲਖ ਦੇ ਰੂਪ ਵਿੱਚ ਦੇਵਾਂਗਾ ਅਤੇ ਸਦਾ ਲਈ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ |ਤੇਰੇ ਘਰਾਣੇ ਦੇ ਹਰੇਕ ਨਰ ਦੀ ਜ਼ਰੂਰ ਸੁੰਨਤ ਕੀਤੀ ਜਾਵੇ |”

### ਅਬਰਾਮ ਦੇ ਨਾਲ ਪਰਮੇਸ਼ੁਰ ਨੇ ਨੇਮ ਦਾ ਕੀ ਵਾਅਦਾ ਕੀਤਾ ਸੀ ?

ਅਬਰਾਮ ਬਹੁਤ ਜਾਤੀਆਂ ਦਾ ਪਿਤਾ ਹੋਵੇਗਾ, ਅਤੇ ਪਰਮੇਸ਼ੁਰ ਉਸ ਨੂੰ ਅਤੇ ਉਸਦੀ ਸੰਤਾਨ ਨੂੰ ਕਨਾਨ ਦੇਸ਼ ਦੇਵੇਗਾ |

### ਪਰਮੇਸ਼ੁਰ ਨੇ ਅਬਰਾਮ ਨੂੰ ਕੀ ਕਰਨ ਲਈ ਕਿਹਾ ਜੋ ਉਹਨਾਂ ਦੇ ਵਿਚਕਾਰ ਨੇਮ ਦਾ ਨਿਸ਼ਾਨ ਹੋਵੇ ?

ਉਹ ਆਪਣੇ ਪਰਿਵਾਰ ਵਿੱਚ ਹਰ ਨਰ ਦਾ ਖਤਨਾ ਕਰੇ |

---

## 05:04

“ਤੇਰੀ ਪਤਨੀ ਸਾਰਈ ਪੁੱਤਰ ਜਣੇਗੀ – ਉਹ ਵਾਇਦੇ ਦਾ ਪੁੱਤਰ ਹੋਵੇਗਾ |ਉਸ ਦਾ ਨਾਮ ਇਸਹਾਕ ਰੱਖੀਂ |ਮੈਂ ਆਪਣਾ ਨੇਮ ਉਸ ਨਾਲ ਬੰਨ੍ਹਾਂਗਾ, ਅਤੇ ਉਹ ਇੱਕ ਵੱਡੀ ਜਾਤੀ ਹੋਵੇਗਾ |ਮੈਂ ਇਸਮਾਏਲ ਨੂੰ ਵੀ ਇੱਕ ਵੱਡੀ ਜਾਤੀ ਬਣਾਵਾਂਗਾ ਪਰ ਮੇਰਾ ਨੇਮ ਇਸਹਾਕ ਨਾਲ ਹੋਵੇਗਾ |”ਤਦ ਪਰਮੇਸ਼ੁਰ ਨੇ ਅਬਰਾਮ ਦਾ ਨਾਮ ਬਦਲ ਕੇ ਅਬਰਾਹਾਮ ਰੱਖਿਆ, ਜਿਸ ਦਾ ਮਤਲਬ “ਬਹੁਤੀਆਂ ਜਾਤੀਆਂ ਦਾ ਪਿਤਾ” |ਪਰਮੇਸ਼ੁਰ ਨੇ ਸਾਰਈ ਦਾ ਨਾਮ ਵੀ ਬਦਲ ਕੇ ਸਾਰਾਹ ਰੱਖਿਆ, ਜਿਸ ਦਾ ਮਤਲਬ “ਰਾਜਕੁਮਾਰੀ|”

### ਪਰਮੇਸ਼ੁਰ ਕਿਸ ਨੂੰ ਵਾਅਦੇ ਦਾ ਪੁੱਤਰ ਹੋਣ ਲਈ ਦੇਖ ਰਿਹਾ ਸੀ ?

ਸਾਰਈ ਦੇ ਪੁੱਤਰ ਇਸਹਾਕ ਨੂੰ |

### ਪਰਮੇਸ਼ੁਰ ਨੇ ਕਿਸ ਨੂੰ ਕਿਹਾ ਕਿ ਇੱਕ ਵੱਡੀ ਕੌਮ ਬਣੇਗਾ ?

ਇਸਹਾਕ ਅਤੇ ਇਸਮਾਏਲ ਦੋਨਾਂ ਨੂੰ |

### ਅਬਰਾਮ ਦੇ ਨਵੇਂ ਨਾਮ “ਅਬਰਾਹਾਮ ” ਦਾ ਕੀ ਮਤਲਬ ਸੀ ?

ਬਹੁਤਿਆਂ ਦਾ ਪਿਤਾ |

---

## 05:05

ਉਸ ਦਿਨ ਅਬਰਾਹਾਮ ਨੇ ਆਪਣੇ ਘਰਾਣੇ ਦੇ ਸਾਰੇ ਨਰਾਂ ਦਾ ਖਤਨਾ ਕੀਤਾ |ਲੱਗ-ਭਗ ਇੱਕ ਸਾਲ ਬਾਅਦ, ਜਦੋਂ ਅਬਰਾਹਾਮ 100 ਸਾਲ ਦਾ ਸੀ ਅਤੇ ਸਾਰਾਹ 90 ਸਾਲ ਦੀ ਸੀ, ਸਾਰਾਹ ਨੇ ਅਬਰਾਹਾਮ ਦੇ ਬੱਚੇ ਨੂੰ ਜਨਮ ਦਿੱਤਾ |ਉਹਨਾਂ ਨੇ ਉਸ ਦਾ ਨਾਮ ਇਸਹਾਕ ਰੱਖਿਆ ਜਿਵੇਂ ਪਰਮੇਸ਼ੁਰ ਨੇ ਉਹਨਾਂ ਨੂੰ ਕਰਨ ਲਈ ਕਿਹਾ ਸੀ |

---

## 05:06

ਜਦੋਂ ਇਸਹਾਕ ਇੱਕ ਜਵਾਨ ਲੜਕਾ ਸੀ, ਪਰਮੇਸ਼ੁਰ ਨੇ ਅਬਰਾਹਾਮ ਨੂੰ ਇਹ ਕਹਿੰਦੇ ਹੋਏ ਪਰਖਿਆ, “ਇਸਹਾਕ ਨੂੰ ਲੈ, ਆਪਣੇ ਇੱਕੋ ਇੱਕ ਪੁੱਤਰ ਨੂੰ ਮੇਰੇ ਲਈ ਭੇਟ ਕਰਕੇ ਚੜ੍ਹਾ |”ਦੁਬਾਰਾ ਫਿਰ ਅਬਰਾਹਾਮ ਨੇ ਪਰਮੇਸ਼ੁਰ ਦਾ ਹੁਕਮ ਮੰਨਿਆ ਅਤੇ ਆਪਣੇ ਪੁੱਤਰ ਨੂੰ ਕੁਰਬਾਨ ਕਰਨ ਲਈ ਤਿਆਰ ਹੋ ਗਿਆ |

### ਜਦੋਂ ਇਸਹਾਕ ਜਵਾਨ ਹੋਇਆ ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਇਸਹਾਕ ਨਾਲ ਕੀ ਕਰਨ ਨੂੰ ਕਿਹਾ ?

ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ ਕੀ ਉਹ ਉਸ ਲਈ ਇਸਹਾਕ ਦੀ ਬਲੀ ਦੇਵੇ |

### ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਉਂ ਕਿਹਾ ਕਿ ਉਹ ਇਸਹਾਕ ਦੀ ਬਲੀ ਦੇਵੇ ?

ਅਬਰਾਹਾਮ ਦੇ ਵਿਸ਼ਵਾਸ ਨੂੰ ਪਰਖਣ ਲਈ |

---

## 05:07

ਅਬਰਾਹਾਮ ਅਤੇ ਇਸਹਾਕ ਕੁਰਬਾਨੀ ਦੀ ਜਗ੍ਹਾ ਵੱਲ ਗਏ, ਇਸਹਾਕ ਨੇ ਪੁੱਛਿਆ, “ਪਿਤਾ ਜੀ, ਸਾਡੇ ਕੋਲ ਕੁਰਬਾਨੀ ਲਈ ਲੱਕੜੀ ਹੈ ਪਰ ਲੇਲਾ ਕਿੱਥੇ ਹੈ ?”ਅਬਰਾਹਾਮ ਨੇ ਉੱਤਰ ਦਿੱਤਾ, “ਮੇਰੇ ਪੁੱਤਰ, ਕੁਰਬਾਨੀ ਲਈ ਲੇਲਾ ਪਰਮੇਸ਼ੁਰ ਖੁਦ ਦੇਵੇਗਾ |”

### ਅਬਰਾਹਾਮ ਨੇ ਇਸਹਾਕ ਨੂੰ ਬਲੀ ਲਈ ਲੇਲਾ ਨਾ ਹੋਣ ਦਾ ਕਾਰਨ ਕੀ ਦੱਸਿਆ ?

ਅਬਰਾਹਾਮ ਨੇ ਕਿਹਾ ਕਿ ਪਰਮੇਸ਼ੁਰ ਬਲੀ ਲਈ ਲੇਲਾ ਪ੍ਰਦਾਨ ਕਰੇਗਾ |

---

## 05:08

ਜਦੋਂ ਉਹ ਕੁਰਬਾਨੀ ਦੀ ਜਗ੍ਹਾ ਤੇ ਪਹੁੰਚ ਗਏ, ਅਬਰਾਮ ਨੇ ਆਪਣੇ ਪੁੱਤਰ ਇਸਹਾਕ ਨੂੰ ਬੰਨ੍ਹਿਆ ਅਤੇ ਉਸ ਨੂੰ ਵੇਦੀ ਉੱਤੇ ਲਿਟਾ ਦਿੱਤਾ |ਉਹ ਆਪਣੇ ਪੁੱਤਰ ਨੂੰ ਮਾਰਨ ਵਾਲਾ ਹੀ ਸੀ ਕਿ ਪਰਮੇਸ਼ੁਰ ਨੇ ਉਸਨੂੰ ਕਿਹਾ, “ਰੁੱਕ”ਲੜਕੇ ਨੂੰ ਹਾਨੀ ਨਾ ਪਹੁੰਚਾ !ਹੁਣ ਮੈਂ ਜਾਣ ਲਿਆ ਕਿ ਤੂੰ ਮੇਰੇ ਤੋਂ ਡਰਦਾ ਹੈਂ ਕਿਉਂਕਿ ਤੂੰ ਮੇਰੇ ਲਈ ਆਪਣਾ ਇੱਕਲੌਤਾ ਪੁੱਤਰ ਵੀ ਨਾ ਰੱਖਿਆ |”

### ਕੀ ਪਰਮੇਸ਼ੁਰ ਇਸਹਾਕ ਨੂੰ ਮਾਰਨਾ ਚਾਹੁੰਦਾ ਸੀ ?

ਨਹੀਂ |ਉਹ ਸਿਰਫ਼ ਦੇਖਣਾ ਚਾਹੁੰਦਾ ਸੀ ਕਿ ਕੀ ਅਬਰਾਹਾਮ ਉਸ ਦੇ ਹੁਕਮ ਦੀ ਪਾਲਣਾ ਕਰਦਾ ਹੈ ਜਾਂ ਨਹੀਂ |

---

## 05:09

ਅਬਰਾਹਾਮ ਨੇ ਨੇੜੇ ਹੀ ਇੱਕ ਲੇਲੇ ਨੂੰ ਝਾੜੀਆਂ ਵਿੱਚ ਫਸਿਆ ਦੇਖਿਆ |ਪਰਮੇਸ਼ੁਰ ਨੇ ਕੁਰਬਾਨੀ ਲਈ ਇਸਹਾਕ ਦੀ ਜਗ੍ਹਾ ਲੇਲਾ ਮੁਹੱਈਆ ਕੀਤਾ | ਅਬਰਾਹਾਮ ਨੇ ਖੁਸ਼ੀ ਨਾਲ ਲੇਲੇ ਨੂੰ ਕੁਰਬਾਨੀ ਲਈ ਭੇਂਟ ਕੀਤਾ |

### ਇਸਹਾਕ ਦੀ ਜਗ੍ਹਾ ਪਰਮੇਸ਼ੁਰ ਨੇ ਬਲੀ ਲਈ ਕੀ ਪ੍ਰਦਾਨ ਕੀਤਾ ?

ਉਸ ਨੇ ਝਾੜੀਆਂ ਵਿੱਚ ਫਸਿਆ ਹੋਇਆ ਇੱਕ ਲੇਲਾ ਪ੍ਰਦਾਨ ਕੀਤਾ |

---

## 05:10

ਤਦ ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ, “ਕਿਉਂਕਿ ਤੂੰ ਮੈਨੂੰ ਸਭ ਕੁੱਝ ਦੇਣ ਲਈ ਤਿਆਰ ਸੀ, ਇੱਥੋਂ ਤੀਕ ਕਿ ਆਪਣਾ ਇੱਕੋ ਇੱਕ ਪੁੱਤਰ ਵੀ, ਮੈਂ ਤੈਨੂੰ ਬਰਕਤ ਦੇਣ ਦਾ ਵਾਇਦਾ ਕਰਦਾ ਹਾਂ |ਤੇਰਾ ਵੰਸ ਅਕਾਸ਼ ਦੇ ਤਾਰਿਆਂ ਨਾਲੋਂ ਵੀ ਜ਼ਿਆਦਾ ਹੋਵੇਗਾ |ਕਿਉਂਕਿ ਤੂੰ ਮੇਰੇ ਹੁਕਮ ਦੀ ਪਾਲਣਾ ਕੀਤੀ ਹੈ, ਸੰਸਾਰ ਦੇ ਸਾਰੇ ਘਰਾਣੇ ਤੇਰੇ ਘਰਾਣੇ ਦੁਆਰਾ ਬਰਕਤ ਪਾਉਣਗੇ |”

### ਪਰਮੇਸ਼ੁਰ ਨੇ ਕੀ ਵਾਅਦਾ ਕੀਤਾ ਜਦ ਅਬਰਾਹਾਮ ਨੇ ਉਸ ਦੀ ਆਗਿਆਕਾਰੀ ਕੀਤੀ ਸੀ ?

ਉਸ ਨੇ ਵਾਅਦਾ ਕੀਤਾ ਕਿ ਅਬਰਾਹਾਮ ਦੀ ਸੰਤਾਨ ਅਕਾਸ਼ ਦੇ ਤਾਰਿਆਂ ਨਾਲੋਂ ਜ਼ਿਆਦਾ ਹੋਵੇਗੀ ਅਤੇ ਧਰਤੀ ਦੇ ਸਾਰੇ ਘਰਾਣੇ ਉਸਦੇ ਘਰਾਣੇ ਦੁਆਰਾ ਬਰਕਤ ਪਾਉਣਗੇ |

# ਪਰਮੇਸ਼ਵਰ ਇਸਹਾਕ ਲਈ ਮੁਹੱਇਆ ਕਰਦਾ ਹੈ

## 06:01

ਜਦੋਂ ਅਬਰਾਹਮ ਬਹੁਤ ਬੁੱਢਾ ਹੋ ਗਿਆ ਸੀ ਤਾਂ ਉਸ ਦਾ ਪੁੱਤਰ ਇਸਹਾਕ ਜਵਾਨ ਹੋ ਚੁੱਕਾ ਸੀ | ਇਸ ਲਈ ਅਬਰਾਹਮ ਨੇ ਆਪਣੇ ਨੌਕਰ ਨੂੰ ਉਸ ਦੇਸ ਵਿੱਚ ਭੇਜਿਆ ਜਿੱਥੇ ਉਸ ਦੇ ਰਿਸ਼ਤੇਦਾਰ ਰਹਿੰਦੇ ਸਨ ਤਾਂ ਕਿ ਉਸ ਦੇ ਪੁੱਤਰ ਇਸਹਾਕ ਲਈ ਪਤਨੀ ਲਿਆਵੇ |

### ਅਬਰਾਹਾਮ ਨੇ ਆਪਣੇ ਨੌਕਰ ਨੂੰ ਪਿੱਛੇ ਦੇਸ਼ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਕਿਉਂ ਭੇਜਿਆ ?

ਉਸਦੇ ਪੁੱਤਰ ਇਸਹਾਕ ਲਈ ਪਤਨੀ ਲੈ ਕੇ ਆਉਣ ਲਈ |

---

## 06:02

ਇੱਕ ਲੰਬੀ ਯਾਤਰਾ ਦੇ ਬਾਅਦ ਜਿੱਥੇ ਅਬਰਾਹਮ ਦੇ ਰਿਸ਼ਤੇਦਾਰ ਰਹਿੰਦੇ ਸਨ ਉੱਥੇ ਪਰਮੇਸ਼ੁਰ ਨੇ ਨੌਕਰ ਦੀ ਰਿਬਕਾਹ ਤੱਕ ਅਗਵਾਈ ਕੀਤੀ |ਉਹ ਅਬਰਾਹਮ ਦੇ ਭਰਾ ਦੀ ਪੋਤੀ ਸੀ |

### ਕਿਵੇਂ ਨੌਕਰ ਨੇ ਰਿਬਕਾਹ ਨੂੰ ਲੱਭਿਆ ?

ਪਰਮੇਸ਼ੁਰ ਨੇ ਨੌਕਰ ਦੀ ਅਗਵਾਈ ਕੀਤੀ |

### ਕਿਸ ਤਰ੍ਹਾਂ ਰਿਬਕਾਹ ਅਬਰਾਹਾਮ ਦੀ ਰਿਸ਼ਤੇਦਾਰ ਸੀ ?

ਰਿਬਕਾਹ ਅਬਰਾਹਾਮ ਦੇ ਭਰਾ ਦੀ ਪੋਤੀ ਸੀ |

---

## 06:03

ਰਿਬਕਾਹ ਆਪਣਾ ਪਰਿਵਾਰ ਛੱਡਣ ਅਤੇ ਨੌਕਰ ਨਾਲ ਇਸਹਾਕ ਦੇ ਘਰ ਜਾਣ ਲਈ ਤਿਆਰ ਹੋ ਗਈ |ਜਿੱਦਾਂ ਹੀ ਘਰ ਪਹੁੰਚੀ ਇਸਹਾਕ ਨੇ ਉਸ ਨਾਲ ਵਿਆਹ ਕਰ ਲਿਆ |

### ਕੀ ਰਿਬਕਾਹ ਉੱਤੇ ਜ਼ੋਰ ਪਾਇਆ ਗਿਆ ਸੀ ਕਿ ਉਹ ਇਸਹਾਕ ਨਾਲ ਵਿਆਹ ਕਰਾਉਣ ਲਈ ਨੌਕਰ ਦੇ ਨਾਲ ਜਾਵੇ ?

ਨਹੀਂ , ਉਹ ਜਾਣ ਲਈ ਆਪ ਹੀ ਸਹਿਮਤ ਹੋਈ |

---

## 06:04

ਲੰਬੇ ਸਮੇਂ ਬਾਅਦ, ਅਬਰਾਹਮ ਮਰ ਗਿਆ ਅਤੇ ਉਹ ਸਾਰੇ ਵਾਅਦੇ ਜਿਹੜੇ ਪਰਮੇਸ਼ੁਰ ਨੇ ਉਸ ਨਾਲ ਨੇਮ ਵਿੱਚ ਕੀਤੇ ਸਨ ਅੱਗੇ ਇਸਹਾਕ ਤੱਕ ਪਹੁੰਚ ਗਏ |ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਕਿ ਅਬਰਾਹਮ ਦੀ ਸੰਤਾਨ ਅਣ-ਗਿਣਤ ਹੋਵੇਗੀ ਪਰ ਇਸਹਾਕ ਦੀ ਪਤਨੀ ਦੇ ਕੋਈ ਸੰਤਾਨ ਨਹੀਂ ਸੀ |

### ਜਦੋਂ ਅਬਰਾਹਮ ਮਰ ਗਿਆ ਤਾਂ ਕਿਹੜੇ ਵਾਅਦੇ ਇਸਹਾਕ ਤੱਕ ਪਹੁੰਚੇ ?

ਸਾਰੇ ਵਾਅਦੇ ਜਿਹੜੇ ਪਰਮੇਸ਼ੁਰ ਨੇ ਅਬਰਾਹਾਮ ਨਾਲ ਕੀਤੇ ਸਨ ਜਿਸ ਵਿੱਚ ਇਹ ਵਾਅਦਾ ਵੀ ਸੀ ਕਿ ਤੇਰੀ ਸੰਤਾਨ ਅਣਗਿਣਤ ਹੋਵੇਗੀ |

### ਕਿਉਂ ਇਸ ਤਰ੍ਹਾਂ ਦਿਖਾਈ ਦਿੰਦਾ ਹੈ ਕਿ ਅਣਗਿਣਤ ਸੰਤਾਨ ਦਾ ਵਾਅਦਾ ਇਸਹਾਕ ਦੁਆਰਾ ਪੂਰਾ ਨਹੀਂ ਹੋਵੇਗਾ ?

ਰਿਬਕਾਹ ਦੇ ਕੋਈ ਸੰਤਾਨ ਨਹੀਂ ਹੋਈ ਸੀ |

---

## 06:05

ਇਸਹਾਕ ਨੇ ਰਿਬਕਾਹ ਲਈ ਪ੍ਰਾਰਥਨਾ ਕੀਤੀ ਅਤੇ ਪਰਮੇਸ਼ੁਰ ਨੇ ਉਹ ਜੁੜਵੇਂ ਬੱਚਿਆਂ ਨਾਲ ਗਰਭਵਤੀ ਹੋਣ ਲਈ ਅਸੀਸ ਦਿੱਤੀ |ਦੋਵੇਂ ਬੱਚੇ ਜਦੋਂ ਅਜੇ ਰਿਬਕਾਹ ਦੇ ਗਰਭ ਵਿੱਚ ਹੀ ਸਨ ਇੱਕ ਦੂਸਰੇ ਨਾਲ ਲੜਨ ਲੱਗੇ, ਇਸ ਲਈ ਰਿਬਕਾਹ ਨੇ ਪਰਮੇਸ਼ੁਰ ਤੋਂ ਪੁੱਛਿਆ ਕਿ ਇਹ ਕੀ ਹੋ ਰਿਹਾ ਸੀ |

---

## 06:06

"ਪਰਮੇਸ਼ੁਰ ਨੇ ਰਿਬਕਾਹ ਨੂੰ ਦੱਸਿਆ, “ਦੋ ਪੁੱਤਰ੍ਹਾਂ ਤੋਂ ਦੋ ਜਾਤੀਆਂ ਹੋਣਗੀਆਂ ਜੋ ਤੇਰੇ ਅੰਦਰ ਹਨ |”ਉਹ ਇੱਕ ਦੂਸਰੇ ਨਾਲ ਲੜਨਗੇ ਅਤੇ ਵੱਡਾ ਛੋਟੇ ਦੀ ਸੇਵਾ ਕਰੇਗਾ |

### ਪਰਮੇਸ਼ੁਰ ਰਿਬਕਾਹ ਨੂੰ ਜਨਮ ਤੋਂ ਪਹਿਲਾਂ ਹੀ ਉਸ ਦੇ ਦੋ ਜੁੜਵਾਂ ਲੜਕਿਆਂ ਬਾਰੇ ਕੀ ਦੱਸਦਾ ਹੈ ?

ਉਹ ਦੋ ਜਾਤੀਆਂ ਬਣਨਗੀਆਂ ਅਤੇ ਵੱਡਾ ਛੋਟੇ ਦੀ ਸੇਵਾ ਕਰੇਗਾ |

---

## 06:07

ਜਦੋਂ ਬੱਚੇ ਪੈਦਾ ਹੋਏ ਤਾਂ ਵੱਡਾ ਲਾਲ ਰੰਗ ਦੇ ਵਾਲਾਂ ਵਾਲਾ ਸੀ ਅਤੇ ਉਹਨਾਂ ਨੇ ਉਸ ਦਾ ਨਾਮ ਏਸਾਓ ਰੱਖਿਆ |ਤਦ ਛੋਟਾ ਬੇਟਾ ਏਸਾਓ ਦੀ ਅੱਡੀ ਨੂੰ ਫੜੀ ਬਾਹਰ ਨਿਕਲਿਆ ਅਤੇ ਉਹਨਾਂ ਨੇ ਉਸ ਦਾ ਨਾਮ ਯਾਕੂਬ ਰੱਖਿਆ

## ਵੱਡੇ ਪੁੱਤਰ ਦਾ ਕੀ ਨਾਮ ਸੀ ?

ਏਸਾਓ |

## ਛੋਟੇ ਪੁੱਤਰ ਦਾ ਕੀ ਨਾਮ ਸੀ ?

ਯਾਕੂਬ |

# ਪਰਮੇਸ਼ੁਰ ਯਾਕੂਬ ਨੂੰ ਬਰਕਤ ਦਿੰਦਾ ਹੈ

## 07:01

ਜਿਵੇਂ ਹੀ ਦੋਵੇਂ ਮੁੰਡੇ ਜਵਾਨ ਹੋਏ ਯਾਕੂਬ ਘਰੇ ਰਹਿਣਾ ਪਸੰਦ ਕਰਨ ਲੱਗਾ ਪਰ ਏਸਾਓ ਸ਼ਿਕਾਰ ਖੇਡਣਾ ਪਸੰਦ ਕਰਦਾ ਸੀ |ਰਿਬਕਾਹ ਯਾਕੂਬ ਨੂੰ ਪਿਆਰ ਕਰਦੀ ਸੀ ਪਰ ਇਸਹਾਕ ਏਸਾਓ ਨੂੰ ਪਿਆਰ ਕਰਦਾ ਸੀ |

---

## 07:02

ਇੱਕ ਦਿਨ, ਜਦੋਂ ਏਸਾਓ ਸ਼ਿਕਾਰ ਖੇਡ ਕੇ ਘਰ ਵਾਪਸ ਆਇਆ ਤਾਂ ਉਹ ਬਹੁਤ ਭੁੱਖਾ ਸੀ |ਏਸਾਓ ਨੇ ਯਾਕੂਬ ਨੂੰ ਕਿਹਾ, "ਕਿਰਪਾ ਕਰਕੇ ਮੈਨੂੰ ਕੁੱਝ ਭੋਜਨ ਦੇ ਜੋ ਤੂੰ ਬਣਾਇਆ ਹੈ |"ਯਾਕੂਬ ਨੇ ਉੱਤਰ ਦਿੱਤਾ, "ਪਹਿਲਾਂ ਮੈਨੂੰ ਆਪਣੇ ਜੇਠੇ ਹੋਣ ਦਾ ਹੱਕ ਦੇਹ |" ਏਸਾਓ ਨੇ ਯਾਕੂਬ ਨੂੰ ਆਪਣੇ ਜੇਠਾ ਹੋਣ ਦਾ ਹੱਕ ਦੇ ਦਿੱਤਾ |ਯਾਕੂਬ ਨੇ ਉਸ ਨੂੰ ਕੁੱਝ ਭੋਜਨ ਦਿੱਤਾ |

### ਕਿਸ ਤਰ੍ਹਾਂ ਯਾਕੂਬ ਦੇ ਛੋਟੇ ਪੁੱਤਰ ਨੇ ਵੱਡੇ ਪੁੱਤਰ ਦਾ ਹੱਕ ਪਾ ਲਿਆ ?

ਏਸਾਓ ਵੱਡੇ ਪੁੱਤਰ ਨੇ ਕੁੱਝ ਭੋਜਨ ਦੇ ਬਦਲੇ ਯਾਕੂਬ ਨੂੰ ਵੱਡੇ ਹੋਣ ਦਾ ਹੱਕ ਦੇ ਦਿੱਤਾ |

---

## 07:03

ਇਸਹਾਕ ਏਸਾਓ ਨੂੰ ਬਰਕਤ ਦੇਣਾ ਚਹੁੰਦਾ ਸੀ |ਪਰ ਇਸ ਤੋਂ ਪਹਿਲਾਂ ਉਹ ਬਰਕਤ ਦਿੰਦਾ, ਰਿਬਕਾਹ ਅਤੇ ਯਾਕੂਬ ਨੇ ਏਸਾਓ ਦੀ ਜਗ੍ਹਾ ਯਾਕੂਬ ਨੂੰ ਪੇਸ਼ ਕਰਕੇ ਉਸ ਨੂੰ ਠੱਗ ਲਿਆ |ਇਸਹਾਕ ਬੁੱਢਾ ਹੋ ਚੁੱਕਾ ਸੀ ਅਤੇ ਦੇਖ ਨਹੀਂ ਸਕਦਾ ਸੀ | ਇਸ ਲਈ ਯਾਕੂਬ ਨੇ ਏਸਾਓ ਦੇ ਕੱਪੜੇ ਪਾਏ ਅਤੇ ਆਪਣੀ ਧੋਣ ਅਤੇ ਹੱਥਾਂ ਤੇ ਬੱਕਰੀ ਦਾ ਚਮੜਾ ਲਾ ਲਿਆ |

### ਕਿਸ ਨੂੰ ਇਸਹਾਕ ਮੁੱਢਲੀਆਂ ਬਰਕਤਾਂ ਦੇਣਾ ਚਾਹੁੰਦਾ ਸੀ ?

ਏਸਾਓ ਨੂੰ |

### ਕਿਸ ਤਰ੍ਹਾਂ ਯਾਕੂਬ ਨੇ ਇਸਹਾਕ ਨਾਲ ਚਲਾਕੀ ਕੀਤੀ ਕਿ ਉਹ ਉਸ ਨੂੰ ਬਰਕਤ ਦੇਵੇ ?

ਉਸ ਨੇ ਬੱਕਰੀ ਦੀ ਖੱਲੜੀ ਪਹਿਨ ਕੇ ਏਸਾਓ ਹੋਣ ਦਾ ਬਹਾਨਾ ਕੀਤਾ ਤਾਂ ਕਿ ਇਸਹਾਕ ਸੋਚੇ ਕਿ ਉਹ ਏਸਾਓ ਹੈ |

---

## 07:04

ਯਾਕੂਬ ਇਸਹਾਕ ਕੋਲ ਆਇਆ ਅਤੇ ਕਿਹਾ, “ਮੈਂ ਏਸਾਓ ਹਾਂਮੈਂ ਇਸ ਲਈ ਆਇਆ ਹਾਂ ਕਿ ਤੂੰ ਮੈਨੂੰ ਬਰਕਤ ਦੇਵੇਂ |”ਜਦੋਂ ਇਸਹਾਕ ਨੇ ਬੱਕਰੀ ਦੇ ਚਮੜੇ ਨੂੰ ਮਹਿਸੂਸ ਕੀਤਾ ਅਤੇ ਕੱਪੜਿਆਂ ਨੂੰ ਸੁੰਘਿਆ ਉਸ ਨੇ ਸਮਝਿਆ ਕਿ ਇਹ ਏਸਾਓ ਹੈ ਅਤੇ ਉਸ ਨੂੰ ਬਰਕਤ ਦਿੱਤੀ |

---

## 07:05

ਏਸਾਓ ਯਾਕੂਬ ਨੂੰ ਨਫ਼ਰਤ ਕਰਦਾ ਸੀ ਕਿਉਂਕਿ ਉਸ ਨੇ ਉਸਦੇ ਜੇਠਾ ਹੋਣ ਦਾ ਹੱਕ ਅਤੇ ਬਰਕਤ ਨੂੰ ਖੋਹ ਲਿਆ ਸੀ |ਇਸ ਲਈ ਉਸਨੇ ਪਿਤਾ ਦੀ ਮੌਤ ਤੋਂ ਬਾਅਦ ਯਾਕੂਬ ਨੂੰ ਮਾਰਨ ਦੀ ਯੋਜਨਾ ਬਣਾਈ |

### ਏਸਾਓ ਨੇ ਯਾਕੂਬ ਨਾਲ ਕੀ ਕਰਨ ਦੀ ਯੋਜਨਾ ਬਣਾਈ ਜਦ ਯਾਕੂਬ ਨੇ ਏਸਾਓ ਦੀਆਂ ਬਰਕਤਾਂ ਨੂੰ ਖੋਹ ਲਿਆ ਸੀ ?

ਏਸਾਓ ਨੇ ਯੋਜਨਾ ਬਣਾਈ ਕਿ ਇਸਹਾਕ ਦੇ ਮਰਨ ਤੋਂ ਬਾਅਦ ਉਹ ਯਾਕੂਬ ਨੂੰ ਮਾਰ ਦੇਵੇਗਾ |

---

## 07:06

ਪਰ ਰਿਬਕਾਹ ਨੇ ਉਸ ਦੀ ਯੋਜਨਾ ਨੂੰ ਸੁਣ ਲਿਆ ਸੀ |ਇਸ ਲਈ ਉਸਨੇ ਅਤੇ ਇਸਹਾਕ ਨੇ ਯਾਕੂਬ ਨੂੰ ਦੂਰ ਉਸਦੇ ਰਿਸ਼ਤੇਦਾਰਾਂ ਕੋਲ ਰਹਿਣ ਲਈ ਭੇਜ ਦਿੱਤਾ |

### ਜਦੋਂ ਰਿਬਕਾਹ ਨੇ ਯਾਕੂਬ ਨੂੰ ਮਾਰਨ ਲਈ ਏਸਾਓ ਦੀ ਯੋਜਨਾ ਬਾਰੇ ਸੁਣਿਆ ਤਾਂ ਇਸਹਾਕ ਅਤੇ ਰਿਬਕਾਹ ਨੇ ਕੀ ਕੀਤਾ ?

ਉਹਨਾਂ ਨੇ ਯਾਕੂਬ ਨੂੰ ਦੂਰ ਰਿਬਕਾਹ ਦੇ ਰਿਸ਼ਤੇਦਾਰਾਂ ਕੋਲ ਰਹਿਣ ਲਈ ਭੇਜ ਦਿੱਤਾ |

---

## 07:07

ਯਾਕੂਬ ਰਿਬਕਾਹ ਦੇ ਰਿਸ਼ਤੇਦਾਰਾਂ ਕੋਲ ਕਈ ਸਾਲ ਰਿਹਾ |ਉਸ ਸਮੇਂ ਦੌਰਾਨ ਉਸ ਨੇ ਵਿਆਹ ਕਰ ਲਿਆ ਅਤੇ ਉਸਦੇ ਬਾਰਾਂ ਧੀਆਂ ਪੁੱਤਰ ਹੋਏ | ਪਰਮੇਸ਼ੁਰ ਨੇ ਉਸ ਨੂੰ ਬਹੁਤ ਅਮੀਰ ਕੀਤਾ |

### ਅਗਲੇ ਵੀਹ ਸਾਲਾਂ ਵਿੱਚ ਯਾਕੂਬ ਨਾਲ ਕੀ ਹੋਇਆ ?

ਉਸ ਨੇ ਵਿਆਹ ਕੀਤਾ, ਉਸਦੇ ਬਾਰਾਂ ਪੁੱਤਰ ਅਤੇ ਇੱਕ ਧੀ ਹੋਈ ਅਤੇ ਪਰਮੇਸ਼ੁਰ ਨੇ ਉਸਨੂੰ ਧਨੀ ਬਣਾਇਆ |

---

## 07:08

ਕਨਾਨ ਵਿੱਚ ਆਪਣੇ ਘਰ ਤੋਂ ਬਾਹਰ ਵੀਹ ਸਾਲ ਬਾਅਦ ਯਾਕੂਬ ਆਪਣੇ ਪਰਿਵਾਰ , ਨੌਕਰ ਅਤੇ ਪਸ਼ੂਆਂ ਦੇ ਝੁੰਡਾਂ ਨਾਲ ਵਾਪਸ ਆਇਆ |

---

## 07:09

ਯਾਕੂਬ ਬਹੁਤ ਡਰਿਆ ਹੋਇਆ ਸੀ ਕਿਉਂਕਿ ਉਹ ਸੋਚਦਾ ਸੀ ਕਿ ਏਸਾਓ ਅਜੇ ਵੀ ਉਸਨੂੰ ਮਾਰਨਾ ਚਾਹੁੰਦਾ ਸੀ |ਇਸ ਲਈ ਉਸ ਨੇ ਬਹੁਤ ਸਾਰੇ ਪਸ਼ੂਆਂ ਦੇ ਝੁੰਡ ਏਸਾਓ ਲਈ ਤੋਹਫ਼ੇ ਵਜੋਂ ਭੇਜੇ |ਏਸਾਓ ਕੋਲ ਪਸ਼ੂ ਲਿਆਉਣ ਵਾਲੇ ਨੌਕਰਾਂ ਨੇ ਕਿਹਾ, "ਤੇਰਾ ਦਾਸ ਯਾਕੂਬ ਇਹ ਪਸ਼ੂ ਤੈਨੂੰ ਭੇਂਟ ਕਰਦਾ ਹੈ |ਉਹ ਜ਼ਲਦੀ ਆ ਰਿਹਾ ਹੈ |"

### ਯਾਕੂਬ ਕਿਉਂ ਡਰਿਆ ਹੋਇਆ ਸੀ ਜਦੋਂ ਉਹ ਕਨਾਨ ਵਾਪਸ ਆਇਆ ?

ਉਸ ਨੇ ਸੋਚਿਆ ਕਿ ਏਸਾਓ ਉਸ ਨੂੰ ਮਾਰ ਦੇਵੇਗਾ |

### ਏਸਾਓ ਦੇ ਗੁੱਸੇ ਨੂੰ ਠੰਡਾ ਕਰਨ ਲਈ ਯਾਕੂਬ ਨੇ ਕੀ ਕੀਤਾ ?

ਉਸ ਨੇ ਏਸਾਓ ਲਈ ਜਾਨਵਰਾਂ ਦੇ ਵੱਗ ਨੂੰ ਤੋਹਫ਼ੇ ਵਿੱਚ ਭੇਜਿਆ |

---

## 07:10

ਪਰ ਏਸਾਓ ਨੇ ਪਹਿਲਾਂ ਹੀ ਯਾਕੂਬ ਨੂੰ ਮਾਫ਼ ਕਰ ਦਿੱਤਾ ਸੀ ਅਤੇ ਦੁਬਾਰਾ ਇੱਕ ਦੂਸਰੇ ਨੂੰ ਦੇਖਣ ਲਈ ਖੁਸ਼ ਸਨ |ਤਦ ਯਾਕੂਬ ਕਨਾਨ ਵਿੱਚ ਸਾਂਤੀ ਨਾਲ ਰਿਹਾ |ਤਦ ਇਸਹਾਕ ਮਰ ਗਿਆ, ਯਾਕੂਬ ਅਤੇ ਏਸਾਓ ਨੇ ਉਸ ਨੂੰ ਦੱਬ ਦਿੱਤਾ |ਨੇਮ ਦਾ ਵਾਅਦਾ ਜਿਹੜਾ ਪਰਮੇਸ਼ੁਰ ਨੇ ਅਬਰਾਹਮ ਨਾਲ ਕੀਤਾ ਸੀ ਹੁਣ ਇਸਹਾਕ ਤੋਂ ਯਾਕੂਬ ਤੱਕ ਪਹੁੰਚ ਗਿਆ |

### ਕੀ ਏਸਾਓ ਅਜੇ ਵੀ ਯਾਕੂਬ ਨਾਲ ਗੁੱਸੇ ਸੀ ?

ਨਹੀਂ , ਉਸਨੇ ਪਹਿਲਾਂ ਹੀ ਉਸਨੂੰ ਮਾਫ਼ ਕਰ ਦਿੱਤਾ ਸੀ |

### ਕਿੱਥੇ ਰਹਿਣ ਲਈ ਯਾਕੂਬ ਨੇ ਡੇਰਾ ਲਾਇਆ ?

ਕਨਾਨ ਵਿੱਚ |

### ਇਸਹਾਕ ਦੀ ਮੌਤ ਤੋਂ ਬਾਅਦ ਕਿਸ ਨੇ ਨੇਮ ਦੇ ਵਾਅਦੇ ਪ੍ਰਾਪਤ ਕੀਤੇ ਜੋ ਪਰਮੇਸ਼ੁਰ ਨੇ ਅਬਰਾਹਮ ਦੇ ਨਾਲ ਕੀਤੇ ਸੀ ?

ਯਾਕੂਬ ਨੇ |

# ਪਰਮੇਸ਼ੁਰ ਨੇ ਯੂਸੁਫ਼ ਅਤੇ ਉਸਦੇ ਪਰਿਵਾਰ ਨੂੰ ਬਚਾਇਆ

## 08:01

ਬਹੁਤ ਸਾਲ ਬਾਅਦ, ਜਦੋਂ ਯਾਕੂਬ ਬੁੱਢਾ ਹੋ ਚੁੱਕਾ ਸੀ ਉਸ ਨੇ ਆਪਣੇ ਚਹੇਤੇ ਪੁੱਤਰ ਯੂਸੁਫ਼ ਨੂੰ ਭੇਜਿਆ ਕਿ ਉਹ ਆਪਣੇ ਭਾਈਆਂ ਨੂੰ ਦੇਖੇ ਜੋ ਭੇਡਾਂ ਚਾਰਦੇ ਸਨ |

---

## 08:02

ਯੂਸੁਫ਼ ਦੇ ਭਾਈ ਉਸ ਨੂੰ ਨਫ਼ਰਤ ਕਰਦੇ ਸਨ ਕਿਉਂਕਿ ਉਹਨਾਂ ਦਾ ਪਿਤਾ ਉਸ ਨੂੰ ਸਭ ਨਾਲੋਂ ਜ਼ਿਆਦਾ ਪਿਆਰ ਕਰਦਾ ਸੀ ਕਿਉਂਕਿ ਯੂਸੁਫ਼ ਨੂੰ ਸੁਪਨਾ ਆਇਆ ਸੀ ਕਿ ਉਹ ਉਹਨਾਂ ਦਾ ਹਾਕਮ ਹੋਵੇਗਾ |ਜਦੋਂ ਯੂਸੁਫ਼ ਆਪਣੇ ਭਾਈਆਂ ਕੋਲ ਆਇਆ, ਉਹਨਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਕੁੱਝ ਵਪਾਰੀਆਂ ਕੋਲ ਗੁਲਾਮ ਕਰਕੇ ਵੇਚ ਦਿੱਤਾ |

### ਯੂਸੁਫ਼ ਦੇ ਭਰਾ ਉਸ ਨੂੰ ਕਿਉਂ ਨਫਰਤ ਕਰਦੇ ਸਨ ?

ਕਿਉਂਕਿ ਯੂਸੁਫ਼, ਯਾਕੂਬ ਦਾ ਪਿਆਰਾ ਪੁੱਤਰ ਸੀ ਅਤੇ ਯੂਸੁਫ਼ ਨੂੰ ਇੱਕ ਸੁਫਨਾ ਆਇਆ ਸੀ ਕਿ ਉਹ ਆਪਣੇ ਭਰਾਵਾਂ ਉੱਤੇ ਰਾਜ ਕਰੇਗਾ |

### ਯੂਸੁਫ਼ ਦੇ ਭਰਾਵਾਂ ਨੇ ਉਸ ਨਾਲ ਕਿਹੜੀ ਬੁਰਿਆਈ ਕੀਤੀ ?

ਉਹਨਾਂ ਨੇ ਉਸ ਨੂੰ ਫੜ੍ਹ ਲਿਆ ਅਤੇ ਉਸ ਨੂੰ ਗੁਲਾਮਾਂ ਦੇ ਵਪਾਰੀਆਂ ਕੋਲ ਵੇਚ ਦਿੱਤਾ |

---

## 08:03

ਇਸ ਤੋਂ ਪਹਿਲਾਂ ਯੂਸੁਫ਼ ਦੇ ਭਰਾ ਘਰੇ ਵਾਪਸ ਆਉਣ ਉਹਨਾਂ ਨੇ ਯੂਸੁਫ਼ ਦੇ ਚੋਲੇ ਨੂੰ ਫਾੜਿਆ ਅਤੇ ਬੱਕਰੀ ਦੇ ਲਹੂ ਵਿੱਚ ਡੋਬਿਆ |ਤਦ ਆਪਣੇ ਪਿਤਾ ਨੂੰ ਉਹ ਕੱਪੜੇ ਦਿਖਾਏ ਤਾਂ ਕਿ ਉਹ ਸਮਝੇ ਕਿ ਕਿਸੇ ਜ਼ੰਗਲੀ ਜਾਨਵਰ ਨੇ ਯੂਸੁਫ਼ ਨੂੰ ਮਾਰ ਦਿੱਤਾ ਹੈ |ਯਾਕੂਬ ਬਹੁਤ ਉਦਾਸ ਹੋਇਆ |

### ਕਿਵੇਂ ਯੂਸੁਫ਼ ਦੇ ਭਰਾਵਾਂ ਨੇ ਯਾਕੂਬ ਨੂੰ ਉਸ ਦੇ ਅਲੋਪ ਹੋਣ ਬਾਰੇ ਬਿਆਨ ਕੀਤਾ ?

ਉਹਨਾਂ ਨੇ ਯੂਸੁਫ਼ ਦੇ ਚੋਲੇ ਉੱਤੇ ਬੱਕਰੀ ਦਾ ਲਹੂ ਲਾਇਆ ਤਾਂ ਕਿ ਯਾਕੂਬ ਸਮਝੇ ਕਿ ਕਿਸੇ ਜੰਗਲੀ ਜਾਨਵਰ ਨੇ ਉਸ ਉੱਤੇ ਹਮਲਾ ਕੀਤਾ ਅਤੇ ਉਸ ਨੂੰ ਮਾਰ ਦਿੱਤਾ ਸੀ |

---

## 08:04

ਗੁਲਾਮਾਂ ਦੇ ਵਪਾਰੀ ਯੂਸੁਫ਼ ਨੂੰ ਮਿਸਰ ਲੈ ਗਏ |ਮਿਸਰ ਬਹੁਤ ਵਿਸ਼ਾਲ ਅਤੇ ਸ਼ਕਤੀਸ਼ਾਲੀ ਦੇਸ ਸੀ ਜੋ ਨੀਲ ਨਦੀ ਦੇ ਕਿਨਾਰੇ ਵੱਸਿਆ ਹੋਇਆ ਸੀ | ਗੁਲਾਮਾਂ ਦੇ ਵਪਾਰੀਆਂ ਨੇ ਯੂਸੁਫ਼ ਨੂੰ ਇੱਕ ਅਮੀਰ ਅਫ਼ਸਰ ਕੋਲ ਵੇਚ ਦਿੱਤਾ |ਯੂਸੁਫ਼ ਨੇ ਆਪਣੇ ਮਾਲਕ ਦੀ ਬਹੁਤ ਸੇਵਾ ਕੀਤੀ, ਅਤੇ ਪਰਮੇਸ਼ੁਰ ਨੇ ਯੂਸੁਫ਼ ਨੂੰ ਬਹੁਤ ਬਰਕਤ ਦਿੱਤੀ |

### ਕੀ ਪਰਮੇਸ਼ੁਰ ਨੇ ਯੂਸੁਫ਼ ਨੂੰ ਮਿਸਰ ਵਿੱਚ ਤਿਆਗ ਦਿੱਤਾ ਸੀ ?

ਨਹੀਂ |ਜੋ ਕੁੱਝ ਵੀ ਯੂਸੁਫ਼ ਨੇ ਕੀਤਾ ਪਰਮੇਸ਼ੁਰ ਨੇ ਸਭ ਵਿੱਚ ਉਸ ਨੂੰ ਬਰਕਤ ਦਿੱਤੀ |

---

## 08:05

ਉਸ ਦੇ ਮਾਲਕ ਦੀ ਪਤਨੀ ਨੇ ਯੂਸੁਫ਼ ਨਾਲ ਸੌਂਣ ਦੀ ਕੋਸ਼ਿਸ਼ ਕੀਤੀ, ਪਰ ਯੂਸੁਫ਼ ਨੇ ਇਸ ਪ੍ਰਕਾਰ ਪਰਮੇਸ਼ੁਰ ਦੇ ਵਿਰੁੱਧ ਪਾਪ ਕਰਨ ਨੂੰ ਇਨਕਾਰ ਕੀਤਾ |ਉਹ ਬਹੁਤ ਗੁੱਸੇ ਹੋਈ ਅਤੇ ਯੂਸੁਫ਼ ਤੇ ਝੂਠਾ ਦੋਸ਼ ਲਾਇਆ ਅਤੇ ਉਸ ਨੂੰ ਫੜ੍ਹ ਕੇ ਜ਼ੇਲ੍ਹ ਭੇਜ ਦਿੱਤਾ |ਜ਼ੇਲ੍ਹ ਵਿੱਚ ਵੀ ਯੂਸੁਫ਼ ਪਰਮੇਸ਼ੁਰ ਨਾਲ ਵਫ਼ਾਦਾਰ ਰਿਹਾ ਅਤੇ ਪਰਮੇਸ਼ੁਰ ਨੇ ਉਸ ਨੂੰ ਬਰਕਤ ਦਿੱਤੀ |

### ਯੂਸੁਫ਼ ਨੂੰ ਮਿਸਰ ਵਿੱਚ ਜ਼ੇਲ੍ਹ ਵਿੱਚ ਕਿਉਂ ਪਾ ਦਿੱਤਾ ?

ਯੂਸੁਫ਼ ਨੇ ਆਪਣੇ ਮਾਲਕ ਦੀ ਪਤਨੀ ਨਾਲ ਸੌਣ ਲਈ ਮਨ੍ਹਾ ਕੀਤਾ ਇਸ ਲਈ ਉਸ ਔਰਤ ਨੇ ਯੂਸੁਫ਼ ਉੱਤੇ ਝੂਠਾ ਦੋਸ਼ ਲਾਇਆ |

---

## 08:06

ਚਾਹੇ ਯੂਸੁਫ਼ ਨਿਰਦੋਸ਼ ਹੀ ਸੀ ਫਿਰ ਵੀ ਦੋ ਸਾਲ ਤੋਂ ਜ਼ੇਲ੍ਹ ਵਿੱਚ ਸੀ |ਇੱਕ ਰਾਤ ਫ਼ਿਰਊਨ ਨੂੰ ਜਿਸ ਨੂੰ ਮਿਸਰੀ ਲੋਕ ਰਾਜਾ ਕਹਿੰਦੇ ਸਨ ਦੋ ਸੁਪਨੇ ਆਏ ਜਿਸ ਨਾਲ ਉਹ ਬਹੁਤ ਪਰੇਸ਼ਾਨ ਹੋਇਆ | ਉਸ ਦਾ ਕੋਈ ਵੀ ਸਲਾਹਕਾਰ ਉਸ ਨੂੰ ਉਸਦੇ ਸੁਪਨਿਆਂ ਦਾ ਮਤਲਬ ਨਾ ਦੱਸ ਸੱਕਿਆ |

---

## 08:07

ਪਰਮੇਸ਼ੁਰ ਨੇ ਯੂਸੁਫ਼ ਨੂੰ ਸੁਪਨਿਆਂ ਦਾ ਅਰਥ ਕਰਨ ਦੇ ਯੋਗ ਬਣਾਇਆ, ਇਸ ਲਈ ਫ਼ਿਰਊਨ ਨੇ ਆਪਣੇ ਲਈ ਯੂਸੁਫ਼ ਨੂੰ ਜ਼ੇਲ੍ਹ ਤੋਂ ਬਾਹਰ ਲਿਆਂਦਾ | ਯੂਸੁਫ਼ ਨੇ ਉਸ ਲਈ ਸੁਪਨਿਆਂ ਦਾ ਅਰਥ ਕੀਤਾ ਅਤੇ ਕਿਹਾ, “ਪਰਮੇਸ਼ੁਰ ਸੱਤ ਸਾਲ ਬਹੁਤ ਫ਼ਸਲ ਦੇਵੇਗਾ ਅਤੇ ਅਗਲੇ ਸੱਤ ਸਾਲ ਅਕਾਲ ਦੇ ਹੋਣਗੇ |”

### ਕਿਹੜੀ ਯੋਗਤਾ ਪਰਮੇਸ਼ੁਰ ਨੇ ਯੂਸੁਫ਼ ਨੂੰ ਦਿੱਤੀ ਸੀ ?

ਸੁਫ਼ਨਿਆਂ ਦਾ ਅਰਥ ਦੱਸਣ ਦੀ |

### ਫ਼ਿਰਊਨ ਦੇ ਸੁਫ਼ਨੇ ਦਾ ਕੀ ਅਰਥ ਸੀ ?

ਪਰਮੇਸ਼ੁਰ ਸੱਤ ਸਾਲ ਬਹੁਤ ਫ਼ਸਲ ਦੇਣ ਜਾ ਰਿਹਾ ਹੈ ਅਤੇ ਅਗਲੇ ਸੱਤ ਸਾਲ ਅਕਾਲ ਹੋਵੇਗਾ |

---

## 08:08

ਫ਼ਿਰਊਨ ਯੂਸੁਫ਼ ਤੋਂ ਬਹੁਤ ਖੁਸ਼ ਹੋਇਆ ਅਤੇ ਉਸ ਨੂੰ ਸਾਰੇ ਮਿਸਰ ਵਿੱਚ ਦੂਸਰਾ ਸ਼ਕਤੀਸ਼ਾਲੀ ਅਧਿਕਾਰੀ ਸਥਾਪਿਤ ਕੀਤਾ |

### ਫ਼ਿਰਊਨ ਨੇ ਯੂਸੁਫ਼ ਨੂੰ ਕਿਵੇਂ ਨਵਾਜਿਆ ਉਸ ਦੇ ਸੁਫ਼ਨੇ ਦਾ ਅਰਥ ਦੱਸਣ ਤੋਂ ਬਾਅਦ ?

ਉਸ ਨੇ ਯੂਸੁਫ਼ ਨੂੰ ਦੂਜੇ ਦਰਜੇ ਦਾ ਸਭ ਤੋਂ ਉੱਤਮ ਵਿਅਕਤੀ ਬਣਾਇਆ |

---

## 08:09

ਯੂਸੁਫ਼ ਨੇ ਲੋਕਾਂ ਨੂੰ ਕਿਹਾ ਕਿ ਸੱਤ ਸਾਲ ਚੰਗੀ ਫ਼ਸਲ ਦੇ ਸਮੇਂ ਬਹੁਤ ਸਾਰਾ ਅਨਾਜ਼ ਜਮ੍ਹਾ ਕਰਨ |ਤਦ ਯੂਸੁਫ਼ ਨੇ ਅਕਾਲ ਦੇ ਦਿਨਾਂ ਵਿੱਚ ਲੋਕਾਂ ਨੂੰ ਅਨਾਜ਼ ਵੇਚਿਆ ਉਹਨਾਂ ਕੋਲ ਖਾਣ ਲਈ ਕਾਫ਼ੀ ਸੀ |

### ਕਿਸ ਤਰ੍ਹਾਂ ਯੂਸੁਫ਼ ਨੇ ਅਕਾਲ ਲਈ ਤਿਆਰੀ ਕੀਤੀ ?

ਯੂਸੁਫ਼ ਨੇ ਮਿਸਰੀਆਂ ਨੂੰ ਕਿਹਾ ਕਿ ਉਹ ਸੱਤ ਸਾਲ ਦੇ ਚੰਗੇ ਵਰ੍ਹਿਆਂ ਦੋਰਾਨ ਵੱਡੀ ਮਾਤਰ੍ਹਾਂ ਵਿੱਚ ਅਨਾਜ ਇੱਕਠਾ ਕਰਨ ਅਤੇ ਅਕਾਲ ਦੇ ਸਮੇਂ ਲੋਕਾਂ ਨੂੰ ਅਨਾਜ ਵੇਚਣ |

---

## 08:10

ਅਕਾਲ ਸਿਰਫ ਮਿਸਰ ਵਿੱਚ ਹੀ ਡਾਢਾ ਨਹੀਂ ਸੀ ਪਰ ਕਨਾਨ ਵਿੱਚ ਵੀ ਜਿੱਥੇ ਯਾਕੂਬ ਅਤੇ ਉਸ ਦਾ ਪਰਿਵਾਰ ਰਹਿੰਦੇ ਸਨ |

---

## 08:11

ਇਸ ਲਈ ਯਾਕੂਬ ਨੇ ਆਪਣੇ ਵੱਡੇ ਪੁੱਤਰ੍ਹਾਂ ਨੂੰ ਮਿਸਰ ਵਿੱਚ ਅਨਾਜ਼ ਖ਼ਰੀਦਣ ਲਈ ਭੇਜਿਆ |ਭਰਾਵਾਂ ਨੇ ਯੂਸੁਫ਼ ਨੂੰ ਨਾ ਪਛਾਣਿਆ ਜਦੋਂ ਉਹ ਭੋਜਨ ਖ਼ਰੀਦਣ ਲਈ ਯੂਸੁਫ਼ ਦੇ ਅੱਗੇ ਖੜ੍ਹੇ ਸਨ |ਪਰ ਯੂਸੁਫ਼ ਨੇ ਉਹਨਾਂ ਨੂੰ ਪਛਾਣ ਲਿਆ ਸੀ |

### ਕਿਉਂ ਯੂਸੁਫ਼ ਦੇ ਭਰਾ ਮਿਸਰ ਨੂੰ ਆਏ ?

ਉਹ ਅਨਾਜ ਖ਼ਰੀਦਣ ਲਈ ਆਏ ਕਿਉਕਿ ਕਨਾਨ ਵਿੱਚ ਵੀ ਅਕਾਲ ਬਹੁਤ ਭਾਰਾ ਸੀ |

---

## 08:12

ਆਪਣੇ ਭਰਾਵਾਂ ਨੂੰ ਪਰਖਣ ਦੇ ਬਾਅਦ ਕਿ ਉਹ ਬਦਲੇ ਹਨ ਜਾਂ ਨਹੀਂ ਯੂਸੁਫ਼ ਨੇ ਉਹਨਾਂ ਨੂੰ ਕਿਹਾ, “ਮੈਂ ਤੁਹਾਡਾ ਭਰਾ ਯੂਸੁਫ਼ ਹਾਂ !”ਨਾ ਡਰੋਂ | ਤੁਸੀਂ ਬੁਰਾ ਕਰਨ ਦੀ ਕੋਸ਼ਿਸ਼ ਕੀਤੀ ਜਦੋਂ ਤੁਸੀਂ ਮੈਨੂੰ ਇੱਕ ਗੁਲਾਮ ਕਰਕੇ ਵੇਚਿਆ ਸੀ , ਪਰ ਪਰਮੇਸ਼ੁਰ ਨੇ ਬੁਰਾਈ ਨੂੰ ਭਲਾਈ ਲਈ ਇਸਤੇਮਾਲ ਕਰ ਲਿਆ |ਆਓ ਅਤੇ ਮਿਸਰ ਵਿੱਚ ਰਹੋ ਤਾਂ ਕਿ ਮੈਂ ਤੁਹਾਡੀ ਅਤੇ ਤੁਹਾਡੇ ਪਰਿਵਾਰਾਂ ਦੇ ਦੇਖ ਭਾਲ ਕਰਾਂ |

### ਯੂਸੁਫ਼ ਨੇ ਆਪਣੇ ਭਰਾਵਾਂ ਨੂੰ ਦੱਸਣ ਤੋਂ ਪਹਿਲਾਂ ਉਹਨਾਂ ਨੂੰ ਕਿਉਂ ਪਰਖਣਾ ਚਾਹਿਆ ?

ਉਸ ਨੇ ਉਹਨਾਂ ਦੀ ਪਰਖ ਕੀਤੀ ਕਿ ਉਹ ਦੇਖੇ ਕਿ ਕੀ ਉਹ ਬਦਲ ਗਏ ਹਨ ਜਾਂ ਨਹੀਂ |

### ਕਿਵੇਂ ਪਰਮੇਸ਼ੁਰ ਨੇ ਯੂਸੁਫ਼ ਲਈ ਉਸਦੇ ਭਰਾਵਾਂ ਦੁਆਰਾ ਉਸਨੂੰ ਵੇਚਣ ਦੁਆਰਾ ਉਸ ਲਈ ਭਲਾਈ ਪੈਦਾ ਕੀਤੀ ?

ਯੂਸੁਫ਼ ਮਿਸਰ ਵਿੱਚ ਇੱਕ ਸ਼ਕਤੀਸ਼ਾਲੀ ਸ਼ਾਸਕ ਬਣ ਗਿਆ ਅਤੇ ਪਰਮੇਸ਼ੁਰ ਨੇ ਉਸਦੇ ਪਰਿਵਾਰ ਅਤੇ ਬਾਕੀ ਲੋਕਾਂ ਨੂੰ ਅਕਾਲ ਦੇ ਸਮੇਂ ਭੋਜਨ ਪ੍ਰਦਾਨ ਕਰਨ ਲਈ ਉਸ ਨੂੰ ਇਸਤੇਮਾਲ ਕੀਤਾ |

---

## 08:13

ਜਦੋਂ ਯੂਸੁਫ਼ ਦੇ ਭਰਾ ਘਰ ਮੁੜੇ ਅਤੇ ਆਪਣੇ ਪਿਤਾ ਯਾਕੂਬ ਨੂੰ ਦੱਸਿਆ ਕਿ ਯੂਸੁਫ਼ ਜੀਉਂਦਾ ਹੈ ਤਾਂ ਉਹ ਬਹੁਤ ਖੁਸ਼ ਹੋਇਆ |

---

## 08:14

ਚਾਹੇ ਯਾਕੂਬ ਬੁੱਢਾ ਆਦਮੀ ਸੀ ਉਹ ਆਪਣੇ ਪਰਿਵਾਰ ਨਾਲ ਮਿਸਰ ਚਲਾ ਗਿਆ ਅਤੇ ਉਹ ਉੱਥੇ ਰਹੇ |ਇਸ ਤੋਂ ਪਹਿਲਾਂ ਯਾਕੂਬ ਮਰਦਾ, ਉਸ ਨੇ ਆਪਣੇ ਹਰ ਇੱਕ ਪੁੱਤਰ ਨੂੰ ਬਰਕਤ ਦਿੱਤੀ |

### ਯਾਕੂਬ ਨੇ ਕੀ ਕੀਤਾ ਜਦੋਂ ਉਸ ਨੂੰ ਪਤਾ ਲੱਗਾ ਕਿ ਯੂਸੁਫ਼ ਜੀਉਂਦਾ ਹੈ ?

ਉਹ ਆਪਣਾ ਸਾਰਾ ਪਰਿਵਾਰ ਮਿਸਰ ਵਿੱਚ ਲੈ ਆਇਆ |

---

## 08:15

ਨੇਮ ਦਾ ਵਾਅਦਾ ਜਿਹੜਾ ਪਰਮੇਸ਼ੁਰ ਨੇ ਅਬਰਾਹਮ ਨੂੰ ਦਿੱਤਾ ਉਹ ਇਸਹਾਕ ਤੱਕ ਚਲਾ ਗਿਆ, ਫਿਰ ਯਾਕੂਬ ਕੋਲ ਅਤੇ ਫਿਰ ਯਾਕੂਬ ਦੇ ਬਾਰਾਂ ਪੁੱਤਰ੍ਹਾਂ ਅਤੇ ਉਹਨਾਂ ਦੇ ਪਰਿਵਾਰਾਂ ਤੱਕ ਚਲਾ ਗਿਆ |ਬਾਰਾਂ ਪੁੱਤਰ੍ਹਾਂ ਦੀ ਔਲਾਦ ਇਸਰਾਏਲ ਦੇ ਬਾਰਾਂ ਗੋਤਰ ਬਣੇ |

### ਯਾਕੂਬ ਦੇ ਮਰਨ ਤੋਂ ਬਾਅਦ ਕਿਸ ਨੇ ਉਹ ਵਾਅਦਾ ਗ੍ਰਹਿਣ ਕੀਤਾ ਜੋ ਪਰਮੇਸ਼ੁਰ ਨੇ ਅਬਰਾਹਾਮ ਨਾਲ ਕੀਤਾ ਸੀ ?

ਯਾਕੂਬ ਦੇ ਬਾਰਾਂ ਪੁੱਤਰਾਂ ਨੇ |

### ਯਾਕੂਬ ਦੇ ਬਾਰਾਂ ਪੁੱਤਰਾ ਦੇ ਵੰਸ਼ਜ ਕੀ ਬਣੇ ?

ਇਸਰਾਏਲ ਦੇ ਬਾਰਾਂ ਗੋਤਰ |

# ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ

## 09:01

ਯੂਸੁਫ਼ ਦੇ ਮਰਨ ਦੇ ਬਾਅਦ ਉਸ ਦੇ ਸਾਰੇ ਰਿਸ਼ਤੇਦਾਰ ਮਿਸਰ ਵਿੱਚ ਰਹੇ |ਉਹ ਅਤੇ ਉਹਨਾਂ ਦੀ ਔਲਾਦ ਲਗਾਤਾਰ ਬਹੁਤ ਸਾਲ ਉੱਥੇ ਰਹੇ ਅਤੇ ਉਹਨਾਂ ਦੇ ਬਹੁਤ ਸਾਰੇ ਬੱਚੇ ਪੈਦਾ ਹੋਏ |ਉਹਨਾਂ ਨੂੰ ਇਸਰਾਏਲੀ ਕਿਹਾ ਗਿਆ |

---

## 09:02

ਸੈਂਕੜੇ ਸਾਲਾਂ ਬਾਅਦ ਇਸਰਾਏਲੀਆਂ ਦੀ ਗਿਣਤੀ ਬਹੁਤ ਵੱਧ ਗਈ |ਮਿਸਰੀ ਯੂਸੁਫ਼ ਨੂੰ ਅਤੇ ਜੋ ਕੁੱਝ ਉਸਨੇ ਕੀਤਾ ਸੀ ਭੁੱਲ ਗਏ ਸਨ|ਮਿਸਰੀ ਇਸਰਾਏਲੀਆਂ ਤੋਂ ਡਰਨ ਲੱਗੇ ਕਿਉਂਕਿ ਉਹ ਬਹੁਤ ਹੋ ਗਏ ਸਨ |ਇਸ ਲਈ ਫ਼ਿਰਊਨ ਜੋ ਉਸ ਸਮੇਂ ਮਿਸਰ ਤੇ ਰਾਜ ਕਰਦਾ ਸੀ ਉਸ ਨੇ ਇਸਰਾਏਲੀਆਂ ਨੂੰ ਮਿਸਰੀਆਂ ਦੇ ਗੁਲਾਮ ਬਣਾ ਦਿੱਤਾ |

### ਮਿਸਰੀ ਇਸਰਾਏਲੀਆਂ ਤੋਂ ਕਿਉਂ ਡਰਦੇ ਸਨ ?

ਕਿਉਂਕਿ ਇਸਰਾਏਲੀ ਬਹੁਤ ਜ਼ਿਆਦਾ ਸਨ |

### ਫ਼ਿਰਊਨ ਨੇ ਇਸਰਾਏਲੀਆਂ ਨਾਲ ਕੀ ਕੀਤਾ ਕਿਉਕਿ ਉਹ ਉਹਨਾਂ ਤੋਂ ਡਰਦਾ ਸੀ ?

ਉਸ ਨੇ ਉਹਨਾਂ ਨੂੰ ਮਿਸਰ ਦੇ ਗੁਲਾਮ ਬਣਾ ਲਿਆ |

---

## 09:03

ਮਿਸਰੀਆਂ ਨੇ ਇਸਰਾਏਲੀਆਂ ਤੇ ਧੱਕਾ ਕੀਤਾ ਕਿ ਉਹ ਬਹੁਤ ਸਾਰੀਆਂ ਇਮਾਰਤਾਂ ਬਣਾਉਣ ਅਤੇ ਇੱਥੋਂ ਤੱਕ ਕਿ ਸਾਰੇ ਸ਼ਹਿਰ ਵੀ |ਸਖ਼ਤ ਮਿਹਨਤ ਨੇ ਉਹਨਾਂ ਦੀ ਜ਼ਿੰਦਗੀ ਬੇਕਾਰ ਕਰ ਦਿੱਤੀ ਸੀ, ਪਰ ਪਰਮੇਸ਼ੁਰ ਨੇ ਉਹਨਾਂ ਨੂੰ ਬਰਕਤ ਦਿੱਤੀ ਅਤੇ ਉਹਨਾਂ ਦੇ ਹੋਰ ਬੱਚੇ ਹੋਏ |

---

## 09:04

ਫ਼ਿਰਊਨ ਨੇ ਦੇਖਿਆ ਕਿ ਇਸਰਾਏਲੀਆਂ ਦੇ ਬਹੁਤ ਬੱਚੇ ਹੋ ਰਹੇ ਹਨ, ਇਸ ਲਈ ਉਸਨੇ ਆਪਣੇ ਲੋਕਾਂ ਨੂੰ ਹੁਕਮ ਦਿੱਤਾ ਕਿ ਇਸਰਾਏਲੀਆਂ ਦੇ ਨਵੇਂ ਜਨਮੇ ਲੜਕਿਆਂ ਨੂੰ ਨੀਲ ਨਦੀ ਵਿੱਚ ਸੁੱਟ ਕੇ ਮਾਰ ਦੇਵੋ |

### ਫ਼ਿਰਊਨ ਨੇ ਕਿਵੇਂ ਕੋਸ਼ਿਸ਼ ਕੀਤੀ ਉਹ ਇਸਰਾਏਲੀਆਂ ਨੂੰ ਵਧਣ ਤੋਂ ਰੋਕੇ ?

ਉਸ ਨੇ ਹੁਕਮ ਦਿੱਤਾ ਕਿ ਸਾਰੇ ਮਿਸਰੀਆਂ ਦੇ ਨਵ-ਜਨਮੇ ਬਾਲਕ ਨੀਲ ਨਦੀ ਵਿੱਚ ਸੁੱਟੇ ਜਾਣ |

---

## 09:05

ਇੱਕ ਇਸਰਾਏਲੀ ਔਰਤ ਨੇ ਇੱਕ ਲੜਕੇ ਨੂੰ ਜਨਮ ਦਿੱਤਾ |ਉਹ ਅਤੇ ਉਸਦੇ ਪਤੀ ਨੇ ਉਸ ਬੱਚੇ ਨੂੰ ਛੁਪਾ ਰੱਖਿਆ ਜਿੰਨਾ ਚਿਰ ਛੁਪਾ ਸਕਦੇ ਸਨ |

---

## 09:06

ਜਦੋਂ ਲੜਕੇ ਦੇ ਮਾਤਾ ਪਿਤਾ ਉਸਨੂੰ ਹੋਰ ਛੁਪਾ ਨਾ ਸਕੇ, ਉਹਨਾਂ ਨੇ ਉਸ ਨੂੰ ਇੱਕ ਤੈਰਨ ਵਾਲੀ ਟੋਕਰੀ ਵਿੱਚ ਪਾ ਕੇ ਨੀਲ ਨਦੀ ਵਿੱਚ ਕਾਨਿਆਂ ਕੋਲ ਰੱਖ ਦਿੱਤਾ ਤਾਂ ਕਿ ਉਹ ਮਰਨ ਤੋਂ ਬਚ ਸਕੇ |ਉਸ ਦੀ ਵੱਡੀ ਭੈਣ ਦੇਖਣ ਲੱਗੀ ਕਿ ਉਸ ਨਾਲ ਕੀ ਹੁੰਦਾ |

### ਨਦੀ ਵਿੱਚ ਇੱਕ ਟੋਕਰੀ ਵਿੱਚ ਪਏ ਲੜਕੇ ਨਾਲ ਕੀ ਹੋਇਆ ?

ਫ਼ਿਰਊਨ ਦੀ ਇੱਕ ਧੀ ਨੇ ਉਸ ਨੂੰ ਦੇਖਿਆ, ਉਸ ਨੂੰ ਆਪਣੇ ਪੁੱਤਰ ਵਜੋਂ ਲੈ ਲਿਆ ਅਤੇ ਉਸ ਦਾ ਨਾਮ ਮੂਸਾ ਰੱਖਿਆ |

---

## 09:07

ਫ਼ਿਰਊਨ ਦੀ ਲੜਕੀ ਨੇ ਟੋਕਰੀ ਦੇਖੀ ਅਤੇ ਉਸ ਵਿੱਚ ਦੇਖਿਆ |ਜਦੋਂ ਉਸ ਨੇ ਬੱਚੇ ਨੂੰ ਦੇਖਿਆ ਉਸ ਨੇ ਉਸ ਨੂੰ ਆਪਣੇ ਪੁੱਤਰ ਵਜੋਂ ਲੈ ਲਿਆ |ਉਸ ਨੇ ਇੱਕ ਇਸਰਾਏਲੀ ਔਰਤ ਨੌਕਰਾਣੀ ਨੂੰ ਰੱਖਿਆ ਕੇ ਉਸ ਨੂੰ ਦੁੱਧ ਪਿਲਾਵੇ ਬਿਨਾਂ ਜਾਣੇ ਕਿ ਇਹ ਉਸ ਬੱਚੇ ਦੀ ਮਾਂ ਸੀ |ਜਦੋਂ ਬੱਚਾ ਕਾਫ਼ੀ ਵੱਡਾ ਹੋ ਗਿਆ ਕਿ ਉਸ ਨੂੰ ਹੁਣ ਮਾਂ ਦੇ ਦੁੱਧ ਦੀ ਜ਼ਰੂਰਤ ਨਹੀਂ ਸੀ ਉਸ ਨੇ ਬੱਚਾ ਫ਼ਿਰਊਨ ਦੀ ਧੀ ਨੂੰ ਦੇ ਦਿੱਤਾ, ਉਸ ਨੇ ਉਸ ਦਾ ਨਾਮ ਮੂਸਾ ਰੱਖਿਆ |

### ਨਦੀ ਵਿੱਚ ਇੱਕ ਟੋਕਰੀ ਵਿੱਚ ਪਏ ਲੜਕੇ ਨਾਲ ਕੀ ਹੋਇਆ ?

ਫ਼ਿਰਊਨ ਦੀ ਇੱਕ ਧੀ ਨੇ ਉਸ ਨੂੰ ਦੇਖਿਆ, ਉਸ ਨੂੰ ਆਪਣੇ ਪੁੱਤਰ ਵਜੋਂ ਲੈ ਲਿਆ ਅਤੇ ਉਸ ਦਾ ਨਾਮ ਮੂਸਾ ਰੱਖਿਆ |

---

## 09:08

ਇੱਕ ਦਿਨ ਜਦੋਂ ਮੂਸਾ ਜਵਾਨ ਹੋ ਗਿਆ ਉਸ ਨੇ ਦੇਖਿਆ ਕਿ ਇੱਕ ਮਿਸਰੀ ਇੱਕ ਇਸਰਾਏਲੀ ਨੂੰ ਮਾਰ ਰਿਹਾ ਸੀ |ਮੂਸਾ ਨੇ ਆਪਣੇ ਇਸਰਾਏਲੀ ਭਾਈਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ |

### ਮੂਸਾ ਨੇ ਆਪਣੇ ਸਾਥੀ ਇਸਰਾਏਲੀਆਂ ਨੂੰ ਬਚਾਉਣ ਲਈ ਕੀ ਕੀਤਾ ?

ਉਸ ਨੇ ਇੱਕ ਮਿਸਰੀ ਨੂੰ ਮਾਰ ਦਿੱਤਾ ਜੋ ਇਸਰਾਏਲੀ ਨੂੰ ਮਾਰ ਰਿਹਾ ਸੀ ਅਤੇ ਉਸ ਨੇ ਮਿਸਰੀ ਦੀ ਲਾਸ਼ ਨੂੰ ਦੱਬ ਦਿੱਤਾ |

---

## 09:09

ਜਦੋਂ ਮੂਸਾ ਨੇ ਸੋਚਿਆ ਕਿ ਕੋਈ ਨਹੀਂ ਦੇਖਦਾ ਉਸ ਨੇ ਮਿਸਰੀ ਨੂੰ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਦੱਬ ਦਿੱਤਾ |ਪਰ ਕਿਸੇ ਨੇ ਦੇਖ ਲਿਆ ਜੋ ਮੂਸਾ ਨੇ ਕੀਤਾ ਸੀ |

### ਮੂਸਾ ਨੇ ਆਪਣੇ ਸਾਥੀ ਇਸਰਾਏਲੀਆਂ ਨੂੰ ਬਚਾਉਣ ਲਈ ਕੀ ਕੀਤਾ ?

ਉਸ ਨੇ ਇੱਕ ਮਿਸਰੀ ਨੂੰ ਮਾਰ ਦਿੱਤਾ ਜੋ ਇਸਰਾਏਲੀ ਨੂੰ ਮਾਰ ਰਿਹਾ ਸੀ ਅਤੇ ਉਸ ਨੇ ਮਿਸਰੀ ਦੀ ਲਾਸ਼ ਨੂੰ ਦੱਬ ਦਿੱਤਾ |

---

## 09:10

ਜਦੋਂ ਫ਼ਿਰਊਨ ਨੇ ਸੁਣਿਆ ਜੋ ਮੂਸਾ ਨੇ ਕੀ ਕੀਤਾ ਸੀ ਤਾਂ ਉਸ ਨੇ ਮੂਸਾ ਨੂੰ ਮਾਰਨ ਦੀ ਕੋਸ਼ਿਸ਼ ਕੀਤੀ |ਮੂਸਾ ਮਿਸਰ ਤੋਂ ਭੱਜ ਕੇ ਜੰਗਲ ਵਿੱਚ ਚਲਾ ਗਿਆ ਜਿੱਥੇ ਉਹ ਫ਼ਿਰਊਨ ਦੇ ਸਿਪਾਹੀਆਂ ਤੋਂ ਸੁਰੱਖਿਅਤ ਰਹੇਗਾ |

### ਮੂਸਾ ਮਿਸਰ ਤੋਂ ਕਿਉਂ ਭੱਜ ਗਿਆ ?

ਜਦੋਂ ਫ਼ਿਰਊਨ ਨੂੰ ਪਤਾ ਲੱਗਾ ਕਿ ਉਸ ਨੇ ਇੱਕ ਮਿਸਰੀ ਨੂੰ ਮਾਰ ਦਿੱਤਾ ਹੈ ਤਾਂ ਉਸ ਨੇ ਮੂਸਾ ਨੂੰ ਮਾਰਨਾ ਚਾਹਿਆ |

### ਫ਼ਿਰਊਨ ਤੋਂ ਬਚਣ ਲਈ ਮੂਸਾ ਕਿੱਥੇ ਗਿਆ ?

ਉਹ ਜੰਗਲ ਵਿੱਚ ਚਲਾ ਗਿਆ |

---

## 09:11

ਮੂਸਾ ਮਿਸਰ ਤੋਂ ਦੂਰ ਜੰਗਲ ਵਿੱਚ ਆਜੜੀ ਬਣ ਗਿਆ ਸੀ |ਉਸ ਨੇ ਉਸ ਜਗ੍ਹਾ ਦੀ ਇੱਕ ਔਰਤ ਨਾਲ ਵਿਆਹ ਕੀਤਾ ਅਤੇ ਉਸਦੇ ਦੋ ਪੱਤਰ ਹੋਏ |

---

## 09:12

ਇੱਕ ਦਿਨ ਜਦੋਂ ਮੂਸਾ ਭੇਡਾਂ ਚਾਰਦਾ ਸੀ ਉਸ ਨੇ ਇੱਕ ਝਾੜੀ ਦੇਖੀ ਜਿਸ ਨੂੰ ਅੱਗ ਲੱਗੀ ਹੋਈ ਸੀ |ਪਰ ਝਾੜੀ ਖ਼ਤਮ ਨਹੀਂ ਹੋਈ ਸੀ |ਮੂਸਾ ਝਾੜੀ ਵੱਲ ਗਿਆ ਕਿ ਉਸ ਨੂੰ ਚੰਗੀ ਤਰ੍ਹਾਂ ਦੇਖ ਸਕੇ |ਜਿਵੇਂ ਹੀ ਬਲਦੀ ਹੋਈ ਝਾੜੀ ਦੇ ਕੋਲ ਗਿਆ, ਪਰਮੇਸ਼ੁਰ ਦੀ ਅਵਾਜ਼ ਨੇ ਕਿਹਾ, "ਮੂਸਾ, ਆਪਣੀ ਜੁੱਤੀ ਉਤਾਰ ਦੇਹ |ਤੂੰ ਪਵਿੱਤਰ ਜਗ੍ਹਾ ਤੇ ਖੜ੍ਹਾ ਹੈ |"

### ਜਦੋਂ ਜੰਗਲ ਵਿੱਚ ਆਪਣੀਆਂ ਭੇਡਾਂ ਦੀ ਦੇਖ਼-ਭਾਲ ਕਰ ਰਿਹਾ ਸੀ ਤਾਂ ਮੂਸਾ ਨੇ ਇੱਕ ਕਿਹੜੀ ਅਜੀਬ ਗੱਲ ਦੇਖੀ ?

ਉਸ ਨੇ ਇੱਕ ਝਾੜੀ ਦੇਖੀ ਜਿਸ ਨੂੰ ਅੱਗ ਲੱਗੀ ਹੋਈ ਸੀ ਪਰ ਭਸਮ ਨਹੀਂ ਹੋ ਰਹੀ ਸੀ |

### ਜਿਵੇਂ ਹੀ ਉਹ ਝਾੜੀ ਦੇ ਕੋਲ ਗਿਆ ਤਾਂ ਪਰਮੇਸ਼ੁਰ ਨੇ ਮੂਸਾ ਨੂੰ ਕੀ ਕਿਹਾ ?

ਪਰਮੇਸ਼ੁਰ ਨੇ ਕਿਹਾ, "ਮੂਸਾ, ਆਪਣੀ ਜੁੱਤੀ ਉਤਾਰ ਦੇ |ਤੂੰ ਇੱਕ ਪਵਿੱਤਰ ਧਰਤੀ ਤੇ ਖੜ੍ਹਾ ਹੈ|"

---

## 09:13

ਪਰਮੇਸ਼ੁਰ ਨੇ ਕਿਹਾ, "ਮੈਂ ਆਪਣੇ ਲੋਕਾਂ ਦੇ ਦੁੱਖ ਨੂੰ ਦੇਖਿਆ ਹੈ |ਮੈਂ ਤੈਨੂੰ ਫ਼ਿਰਊਨ ਕੋਲ ਭੇਜਾਂਗਾ ਤਾਂ ਕਿ ਤੂੰ ਇਸਰਾਏਲੀਆਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਬਾਹਰ ਲਿਆਵੇਂ |ਮੈਂ ਉਹਨਾਂ ਨੂੰ ਕਨਾਨ ਦੇਸ ਦੇਵਾਂਗਾ, ਜਿਸ ਦੇਸ ਦਾ ਵਾਅਦਾ ਅਬਰਾਹਮ, ਇਸਹਾਕ, ਅਤੇ ਯਾਕੂਬ ਨਾਲ ਕੀਤਾ ਸੀ |

### ਅਸੀਂ ਕਿਵੇਂ ਜਾਣਦੇ ਹਾਂ ਕਿ ਪਰਮੇਸ਼ੁਰ ਮਿਸਰ ਵਿੱਚ ਇਸਰਾਏਲੀਆਂ ਦੀ ਚਿੰਤਾ ਕਰਦਾ ਸੀ ?

ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, "ਮੈਂ ਆਪਣੇ ਲੋਕਾਂ ਦੇ ਦੁੱਖ ਨੂੰ ਦੇਖਿਆ ਹੈ|"

### ਪਰਮੇਸ਼ੁਰ ਨੇ ਮੂਸਾ ਨੂੰ ਇਸਰਾਏਲੀਆਂ ਦੇ ਲਈ ਕੀ ਕਰਨ ਨੂੰ ਭੇਜਿਆ ?

ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ ਉਹ ਫ਼ਿਰਊਨ ਕੋਲ ਜਾਵੇ ਅਤੇ ਇਸਰਾਏਲੀਆਂ ਨੂੰ ਮਿਸਰ ਦੀ ਗੁਲਾਮੀ ਤੋਂ ਬਾਹਰ ਲੈ ਕੇ ਆਵੇ |

### ਉਹ ਕਿਹੜਾ ਦੇਸ਼ ਸੀ ਜੋ ਪਰਮੇਸ਼ੁਰ ਨੇ ਕਿਹਾ ਕਿ ਉਹ ਇਸਰਾਏਲੀਆਂ ਨੂੰ ਦੇਵੇਗਾ ?

ਕਨਾਨ ਦਾ ਦੇਸ਼ ਜਿਸ ਦੇਸ਼ ਦਾ ਪਰਮੇਸ਼ੁਰ ਨੇ ਅਬਰਾਹਾਮ, ਇਸਹਾਕ, ਅਤੇ ਯਾਕੂਬ ਨੂੰ ਦੇਣ ਦਾ ਵਾਅਦਾ ਕੀਤਾ ਸੀ |

---

## 09:14

ਮੂਸਾ ਨੇ ਪੁੱਛਿਆ, "ਕੀ ਹੋਵੇਗਾ ਜੇ ਲੋਕ ਪੁੱਛਣ ਕਿ ਮੈਨੂੰ ਕਿਸ ਨੇ ਭੇਜਿਆ ਹੈ, ਮੈਂ ਕਿ ਕਹਾਂਗਾ ?"ਪਰਮੇਸ਼ੁਰ ਨੇ ਕਿਹਾ, "ਮੈਂ ਹਾਂ ਜੋ ਹਾਂ |ਉਹਨਾਂ ਨੂੰ ਦੱਸ, "ਮੈਂ ਹਾਂ ਜੋ ਹਾਂ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ "ਉਹਨਾਂ ਨੂੰ ਵੀ ਦੱਸ, "ਮੈਂ ਯਹੋਵਾਹ ਹਾਂ, ਤੁਹਾਡੇ ਬਾਪ ਦਾਦਿਆਂ ਅਬਰਾਹਮ, ਇਸਹਾਕ ਅਤੇ ਯਾਕੂਬ ਦਾ ਪਰਮੇਸ਼ੁਰ |"ਇਹ ਮੇਰਾ ਨਾਮ ਹਮੇਸ਼ਾਂ ਲਈ ਹੈ |

### ਪਰਮੇਸ਼ੁਰ ਆਪਣਾ ਕਿਹੜਾ ਨਾਮ ਦੱਸਿਆ ਕਿ ਉਹ ਹਮੇਸ਼ਾਂ ਲਈ ਹੋਵੇਗਾ ?

ਯਹੋਵਾਹ |

---

## 09:15

ਮੂਸਾ ਡਰਦਾ ਸੀ ਅਤੇ ਫ਼ਿਰਊਨ ਕੋਲ ਨਹੀਂ ਜਾਣਾ ਚਾਹੁੰਦਾ ਸੀ ਕਿਉਂਕਿ ਉਸ ਨੇ ਸੋਚਿਆ ਕਿ ਉਹ ਚੰਗੀ ਤਰ੍ਹਾਂ ਬੋਲ ਨਹੀਂ ਸਕਦਾ, ਇਸ ਲਈ ਪਰਮੇਸ਼ੁਰ ਨੇ ਮੂਸਾ ਦੇ ਭਰਾ ਹਾਰੂਨ ਨੂੰ ਉਸ ਦੀ ਮੱਦਦ ਲਈ ਭੇਜਿਆ |ਪਰਮੇਸ਼ੁਰ ਨੇ ਮੂਸਾ ਅਤੇ ਹਾਰੂਨ ਨੂੰ ਚੇਤਾਵਨੀ ਦਿੱਤੀ ਕਿ ਫ਼ਿਰਊਨ ਦਾ ਮਨ ਕਠੋਰ ਹੋਵੇਗਾ |

### ਪਰਮੇਸ਼ੁਰ ਨੇ ਮੂਸਾ ਦੀ ਮਦਦ ਲਈ ਕਿਸ ਨੂੰ ਭੇਜਿਆ ?

ਪਰਮੇਸ਼ੁਰ ਨੇ ਮੂਸਾ ਦੇ ਭਰਾ ਹਾਰੂਨ ਨੂੰ ਉਸ ਦੀ ਮਦਦ ਕਰਨ ਲਈ ਭੇਜਿਆ |

### ਪਰਮੇਸ਼ੁਰ ਦੇ ਦੱਸੇ ਅਨੁਸਾਰ ਫ਼ਿਰਊਨ ਮੂਸਾ ਅਤੇ ਹਾਰੂਨ ਪ੍ਰਤੀ ਕਿਸ ਤਰ੍ਹਾਂ ਉੱਤਰ ਦੇਵਾਗਾ ?

ਫ਼ਿਰਊਨ ਦਾ ਦਿਲ ਕਠੋਰ ਹੋ ਜਾਵੇਗਾ |

# ਦਸ ਬਵਾਵਾਂ

## 10:01

ਮੂਸਾ ਅਤੇ ਹਾਰੂਨ ਫ਼ਿਰਊਨ ਕੋਲ ਗਏ |ਉਹਨਾਂ ਨੇ ਕਿਹਾ, "ਇਸਰਾਏਲ ਦਾ ਪਰਮੇਸ਼ੁਰ ਐਉਂ ਕਹਿੰਦਾ ਹੈ, 'ਮੇਰੇ ਲੋਕਾਂ ਨੂੰ ਜਾਣ ਦੇਹ !" ਫ਼ਿਰਊਨ ਨੇ ਉਹਨਾਂ ਦੀ ਨਾ ਸੁਣੀ |ਇਸਰਾਏਲੀਆਂ ਨੂੰ ਅਜਾਦ ਕਰਨ ਦੀ ਬਜਾਇ ਉਸ ਨੇ ਉਹਨਾਂ ਨੂੰ ਹੋਰ ਸਖ਼ਤ ਮਿਹਨਤ ਕਰਨ ਲਈ ਜ਼ੋਰ ਦਿੱਤਾ |

### ਉਹ ਪਰਮੇਸ਼ੁਰ ਦਾ ਕਿਹੜਾ ਸੰਦੇਸ਼ ਸੀ ਜੋ ਮੂਸਾ ਅਤੇ ਹਾਰੂਨ ਨੇ ਫ਼ਿਰਊਨ ਨੂੰ ਦਿੱਤਾ ?

"ਮੇਰੇ ਲੋਕਾਂ ਨੂੰ ਜਾਣ ਦੇਹ|"

### ਫ਼ਿਰਊਨ ਨੇ ਕੀ ਕੀਤਾ ਜਦੋਂ ਉਸ ਨੇ ਇਸ ਹੁਕਮ ਨੂੰ ਸੁਣਿਆ ?

ਉਸ ਨੇ ਇਸਰਾਏਲੀਆਂ ਨੂੰ ਇਸ ਤੋਂ ਵੀ ਵੱਧ ਕਠਿਨ ਕੰਮ ਕਰਨ ਨੂੰ ਕਿਹਾ |

---

## 10:02

ਫ਼ਿਰਊਨ ਲੋਕਾਂ ਨੂੰ ਭੇਜਣ ਤੋ ਇਨਕਾਰ ਕਰਦਾ ਰਿਹਾ, ਇਸ ਲਈ ਪਰਮੇਸ਼ੁਰ ਨੇ ਮਿਸਰ ਉੱਤੇ ਦਸ ਭਿਆਨਕ ਬਵਾਵਾਂ ਭੇਜੀਆਂ |ਇਹਨਾਂ ਬਵਾਵਾਂ ਦੁਆਰਾ ਪਰਮੇਸ਼ੁਰ ਨੇ ਫ਼ਿਰਊਨ ਉੱਤੇ ਪਰਗਟ ਕੀਤਾ ਕਿ ਉਹ ਫ਼ਿਰਊਨ ਅਤੇ ਮਿਸਰੀ ਦੇਵਤਿਆਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੈ |

### ਜਦੋਂ ਫ਼ਿਰਊਨ ਇਸਰਾਏਲੀਆਂ ਨੂੰ ਜਾਣ ਤੋਂ ਮਨ੍ਹਾ ਕਰਦਾ ਰਿਹਾ ਤਾਂ ਪਰਮੇਸ਼ੁਰ ਨੇ ਕੀ ਕੀਤਾ ?

ਉਸ ਨੇ ਮਿਸਰ ਉੱਤੇ ਦਸ ਭਿਅੰਕਰ ਬਵਾਂ ਭੇਜੀਆਂ |

### ਇਹਨਾਂ ਬਵਾਂ ਦੁਆਰਾ ਪਰਮੇਸ਼ੁਰ ਨੇ ਫ਼ਿਰਊਨ ਨੂੰ ਕੀ ਦਿਖਾਇਆ ?

ਕਿ ਉਹ ਫ਼ਿਰਊਨ ਅਤੇ ਮਿਸਰ ਦੇ ਸਾਰੇ ਦੇਵਤਿਆਂ ਤੋਂ ਵੀ ਜ਼ਿਆਦਾ ਸ਼ਕਤੀਸ਼ਾਲੀ ਹੈ |

---

## 10:03

ਪਰਮੇਸ਼ੁਰ ਨੇ ਨੀਲ ਨਦੀ ਨੂੰ ਲਹੂ ਬਣਾ ਦਿੱਤਾ, ਪਰ ਫ਼ਿਰਊਨ ਅਜੇ ਵੀ ਇਸਰਾਏਲੀਆਂ ਨੂੰ ਜਾਣ ਨਹੀਂ ਦਿੰਦਾ ਸੀ |

### ਪਰਮੇਸ਼ੁਰ ਨੇ ਨੀਲ ਨਦੀ ਦੇ ਪਾਣੀ ਵਿੱਚ ਕੀ ਕੀਤਾ ?

ਪਰਮੇਸ਼ੁਰ ਨੇ ਨੀਲ ਨਦੀ ਦੇ ਪਾਣੀ ਨੂੰ ਲਹੂ ਵਿੱਚ ਬਦਲ ਦਿੱਤਾ |

---

## 10:04

ਪਰਮੇਸ਼ੁਰ ਨੇ ਸਾਰੇ ਮਿਸਰ ਵਿੱਚ ਡੱਡੂ ਭੇਜੇ |ਫ਼ਿਰਊਨ ਨੇ ਮੂਸਾ ਅੱਗੇ ਬੇਨਤੀ ਕੀਤੀ ਕਿ ਡੱਡੂਆਂ ਨੂੰ ਹਟਾਵੇ |ਪਰ ਸਾਰੇ ਡੱਡੂਆਂ ਦੇ ਮਰਨ ਦੇ ਬਾਅਦ ਫ਼ਿਰਊਨ ਨੇ ਆਪਣੇ ਮਨ ਨੂੰ ਕਠੋਰ ਕੀਤਾ ਅਤੇ ਇਸਰਾਏਲੀਆਂ ਨੂੰ ਮਿਸਰ ਤੋਂ ਜਾਣ ਨਹੀਂ ਦਿੱਤਾ |

---

## 10:05

ਇਸ ਲਈ ਪਰਮੇਸ਼ੁਰ ਨੇ ਪਿੱਸੂਆਂ ਦੀ ਬਵਾ ਭੇਜੀ |ਫਿਰ ਉਸ ਨੇ ਮੱਖੀਆਂ ਦੀ ਬਵਾ ਭੇਜੀ |ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਬੁਲਾਇਆ ਅਤੇ ਕਿਹਾ ਕਿ ਜੇਕਰ ਉਹ ਇਹਨਾਂ ਬਵਾਵਾਂ ਨੂੰ ਰੋਕ ਦੇਣ ਤਾਂ ਇਸਰਾਏਲੀ ਮਿਸਰ ਤੋਂ ਜਾ ਸਕਦੇ ਹਨ |ਜਦੋਂ ਮੂਸਾ ਨੇ ਪ੍ਰਾਰਥਨਾ ਕੀਤੀ ਪਰਮੇਸ਼ੁਰ ਨੇ ਮਿਸਰ ਤੋਂ ਮੱਖੀਆਂ ਹਟਾ ਦਿੱਤੀਆਂ |ਪਰ ਫ਼ਿਰਊਨ ਨੇ ਆਪਣਾ ਮਨ ਕਠੋਰ ਕੀਤਾ ਅਤੇ ਲੋਕਾਂ ਨੂੰ ਨਾ ਜਾਣ ਦਿੱਤਾ |

---

## 10:06

ਅੱਗੇ, ਪਰਮੇਸ਼ੁਰ ਨੇ ਮਿਸਰੀਆਂ ਦੇ ਸਾਰੇ ਖੇਤੀਬਾੜੀ ਵਾਲੇ ਪਸ਼ੂਆਂ ਨੂੰ ਬੀਮਾਰ ਕੀਤਾ ਅਤੇ ਉਹ ਮਰ ਗਏ |ਪਰ ਫ਼ਿਰਊਨ ਦਾ ਮਨ ਕਠੋਰ ਕੀਤਾ ਅਤੇ ਇਸਰਾਏਲੀਆਂ ਨੂੰ ਨਾ ਜਾਣ ਦਿੱਤਾ |

---

## 10:07

ਤਦ ਪਰਮੇਸ਼ੁਰ ਨੇ ਮੂਸਾ ਨੂੰ ਕਿਹਾ ਕਿ ਫ਼ਿਰਊਨ ਦੇ ਸਾਹਮਣੇ ਹਵਾ ਵਿੱਚ ਰਾਖ ਸੁੱਟ |ਜਦੋਂ ਉਸ ਨੇ ਅਜਿਹਾ ਕੀਤਾ, ਮਿਸਰੀਆਂ ਦੇ ਦੁੱਖ ਦੇਣ ਵਾਲੇ ਫੋੜੇ ਨਿੱਕਲੇ ਪਰ ਇਸਰਾਏਲੀਆਂ ਦੇ ਨਹੀਂ |ਪਰਮੇਸ਼ੁਰ ਨੇ ਫ਼ਿਰਊਨ ਦੇ ਮਨ ਨੂੰ ਕਠੋਰ ਕੀਤਾ, ਅਤੇ ਫ਼ਿਰਊਨ ਨੇ ਇਸਰਾਏਲੀਆਂ ਨੂੰ ਅਜ਼ਾਦੀ ਨਾਲ ਨਾ ਜਾਣ ਦਿੱਤਾ |

### ਚਮੜੀ ਦੇ ਦਰਦਨਾਇਕ ਫੋੜਿਆਂ ਦੀ ਬਵਾ ਨਾਲ ਕੌਣ ਦੁਖੀ ਹੋਇਆ ?

ਫੋੜੇ ਮਿਸਰੀਆਂ ਉੱਤੇ ਪ੍ਰਗਟ ਹੋਏ ਪਰ ਇਸਰਾਏਲੀਆਂ ਉੱਤੇ ਨਹੀਂ |

---

## 10:08

ਇਸ ਤੋਂ ਬਾਅਦ, ਪਰਮੇਸ਼ੁਰ ਨੇ ਗੜੇ ਭੇਜੇ ਅਤੇ ਮਿਸਰੀਆਂ ਦੀ ਸਾਰੀ ਫ਼ਸਲ ਤਬਾਹ ਕਰ ਦਿੱਤੀ ਅਤੇ ਜੋ ਕੋਈ ਵੀ ਬਾਹਰ ਗਿਆ ਮਾਰਿਆ ਗਿਆ | ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਬੁਲਾਇਆ ਅਤੇ ਕਿਹਾ, "ਮੈਂ ਪਾਪ ਕੀਤਾ ਹੈ |ਤੁਸੀਂ ਜਾ ਸਕਦੇ ਹੋ |"ਮੂਸਾ ਨੇ ਪ੍ਰਾਰਥਨਾ ਕੀਤੀ, ਅਤੇ ਸਵਰਗ ਤੋਂ ਗੜੇ ਡਿੱਗਣੇ ਬੰਦ ਹੋ ਗਏ |

---

## 10:09

ਪਰ ਫ਼ਿਰਊਨ ਨੇ ਫਿਰ ਪਾਪ ਕੀਤਾ ਅਤੇ ਆਪਣੇ ਮਨ ਨੂੰ ਕਠੋਰ ਕੀਤਾ |ਉਸ ਨੇ ਇਸਰਾਏਲੀਆਂ ਨੂੰ ਅਜ਼ਾਦੀ ਨਾਲ ਨਾ ਜਾਣ ਦਿੱਤਾ |

---

## 10:10

ਇਸ ਲਈ ਪਰਮੇਸ਼ੁਰ ਨੇ ਮਿਸਰੀਆਂ ਉੱਪਰ ਟਿੱਡੀ ਦਲ ਭੇਜਿਆ |ਇਹਨਾਂ ਟਿੱਡੀਆਂ ਨੇ ਉਹ ਸਾਰੀ ਫ਼ਸਲ ਖਾ ਲਈ ਜਿਹੜੀ ਗੜਿਆਂ ਤੋਂ ਬੱਚ ਗਈ ਸੀ |

---

## 10:11

ਤਦ ਪਰਮੇਸ਼ੁਰ ਨੇ ਹਨ੍ਹੇਰਾ ਭੇਜਿਆ ਜੋ ਤਿੰਨ ਦਿਨਾਂ ਤੱਕ ਰਿਹਾ |ਇਹ ਇੰਨਾ ਜ਼ਿਆਦਾ ਹਨ੍ਹੇਰਾ ਸੀ ਕਿ ਮਿਸਰੀ ਆਪਣੇ ਘਰਾਂ ਤੋਂ ਬਾਹਰ ਨਾ ਜਾ ਸਕੇ | ਪਰ ਜਿੱਥੇ ਇਸਰਾਏਲੀ ਰਹਿੰਦੇ ਸਨ ਉੱਥੇ ਰੌਸ਼ਨੀ ਸੀ |

### ਕੀ ਅਨ੍ਹੇਰੇ ਦੀ ਬਵਾ ਨੇ ਹਰ ਇੱਕ ਨੂੰ ਬਰਾਬਰ ਪ੍ਰਭਾਵਿਤ ਕੀਤਾ ?

ਨਹੀਂ |ਜਿੱਥੇ ਮਿਸਰੀ ਰਹਿੰਦੇ ਸਨ ਉੱਥੇ ਅਨ੍ਹੇਰਾ ਸੀ ਪਰ ਜਿੱਥੇ ਇਸਰਾਏਲੀ ਰਹਿੰਦੇ ਸਨ ਉੱਥੇ ਰੋਸ਼ਨੀ ਸੀ |

---

## 10:12

ਇਹਨਾਂ ਨੌਂ ਬਵਾਵਾਂ ਤੋਂ ਬਾਅਦ ਵੀ ਫ਼ਿਰਊਨ ਨੇ ਇਸਰਾਏਲੀਆਂ ਨੂੰ ਜਾਣ ਤੋਂ ਇਨਕਾਰ ਕਰ ਦਿੱਤਾ |ਜਦੋਂ ਫ਼ਿਰਊਨ ਨਾ ਸੁਣਦਾ ਸੀ, ਪਰਮੇਸ਼ੁਰ ਨੇ ਆਖਰੀ ਬਵਾ ਭੇਜਣ ਦੀ ਯੋਜਨਾ ਬਣਾਈ |ਇਹ ਫ਼ਿਰਊਨ ਦੇ ਮਨ ਨੂੰ ਬਦਲੇਗੀ |

## ਫ਼ਿਰਊਨ ਨੇ ਕਿਸ ਤਰ੍ਹਾਂ ਇਹਨਾਂ ਪਹਿਲੀਆਂ ਨੌ ਬਵਾਂ ਪ੍ਰਤੀ ਆਪਣੀ ਪ੍ਰਤੀਕਿਰਿਆ ਦਿਖਾਈ ?

ਉਸ ਨੇ ਲੋਕਾਂ ਨੂੰ ਅਜ਼ਾਦ ਜਾਣ ਨਾ ਦਿੱਤਾ |

## ਪਹਿਲੀਆਂ ਨੌਂ ਬਵਾਂ ਪ੍ਰਤੀ ਫ਼ਿਰਊਨ ਦੇ ਉੱਤਰ ਨਾ ਦੇਣ ਤੋਂ ਬਾਅਦ ਪਰਮੇਸ਼ੁਰ ਨੇ ਕੀਤਾ ?

ਪਰਮੇਸ਼ੁਰ ਨੇ ਇੱਕ ਆਖ਼ਰੀ ਬਵਾ ਭੇਜਣ ਦੀ ਯੋਜਨਾ ਬਣਾਈ |

## ਇਸ ਆਖ਼ਰੀ ਬਵਾ ਨੇ ਕੀ ਕੀਤਾ ਜੋ ਪਹਿਲੀਆਂ ਨੌਂ ਬਵਾਵਾਂ ਨੇ ਨਹੀਂ ਕੀਤਾ ਸੀ ?

ਇਹ ਫ਼ਿਰਊਨ ਦੇ ਮਨ ਨੂੰ ਬਦਲਦੀ ਹੈ |

# ਪਸਾਹ

## 11:01

ਪਸਾਹਪਰਮੇਸ਼ੁਰ ਨੇ ਫ਼ਿਰਊਨ ਨੂੰ ਚੇਤਾਵਨੀ ਦਿੱਤੀ ਕਿ ਜੇ ਉਸ ਨੇ ਇਸਰਾਏਲੀਆਂ ਨੂੰ ਨਾ ਜਾਣ ਦਿੱਤਾ ਤਾਂ ਉਹ ਉਹਨਾਂ ਦੇ ਅਤੇ ਉਹਨਾਂ ਦੇ ਪਸ਼ੂਆਂ ਦੇ ਪਲੋਠੇ ਮਾਰ ਦੇਵੇਗਾ | ਜਦੋਂ ਉਸ ਨੇ ਸੁਣਿਆ ਤਦ ਵੀ ਪਰਮੇਸ਼ੁਰ ਦਾ ਵਿਸ਼ਵਾਸ ਕਰਨ ਅਤੇ ਆਗਿਆ ਮੰਨਣ ਤੋਂ ਇਨਕਾਰ ਕੀਤਾ |

### ਪਰਮੇਸ਼ੁਰ ਨੇ ਕੀ ਆਖਿਆ ਜੋ ਉਹ ਮਿਸਰੀਆਂ ਨਾਲ ਕੀ ਕਰੇਗਾ, ਜੇ ਫ਼ਿਰਊਨ ਇਸਰਾਏਲੀਆਂ ਨੂੰ ਨਾ ਭੇਜੇਗਾ ?

ਉਹ ਇਨਸਾਨਾਂ ਅਤੇ ਜਾਨਵਰਾਂ ਦੇ ਸਾਰੇ ਪਹਿਲੋਠਿਆਂ ਨੂੰ ਮਾਰ ਦੇਵੇਗਾ |

---

## 11:02

ਜਿਹੜੇ ਪਰਮੇਸ਼ੁਰ ਤੇ ਵਿਸ਼ਵਾਸ ਕਰਦੇ ਹਨ ਉਹਨਾਂ ਦੇ ਪਲੋਠਿਆਂ ਨੂੰ ਬਚਾਉਣ ਲਈ ਉਸ ਨੇ ਤਰੀਕਾ ਦਿੱਤਾ |ਹਰ ਇੱਕ ਪਰਿਵਾਰ ਨੇ ਬੱਜ ਰਹਿਤ ਲੇਲਾ ਲੈਣਾ ਅਤੇ ਉਸ ਨੂੰ ਕੱਟਣਾ ਸੀ |

### ਲੋਕ ਕਿਸ ਤਰ੍ਹਾਂ ਆਪਣੇ ਪਹਿਲੋਠਿਆਂ ਨੂੰ ਬਚਾ ਸਕਦੇ ਸਨ ?

ਉਹਨਾਂ ਨੂੰ ਇੱਕ ਸਿੱਧ ਲੇਲੇ ਨੂੰ ਕੱਟਣਾ ਸੀ ਅਤੇ ਉਸ ਦਾ ਲਹੂ ਆਪਣੇ ਘਰ ਦੀਆਂ ਚੌਗਾਠਾਂ ਤੇ ਲਾਉਣਾ ਸੀ |

---

## 11:03

ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਿਹਾ ਕਿ ਉਹ ਲੇਲੇ ਦੇ ਲਹੂ ਵਿੱਚੋਂ ਕੁੱਝ ਲੈ ਕੇ ਆਪਣੇ ਘਰ ਦੀਆਂ ਚੌਗਾਠਾਂ ਤੇਂ ਲਗਾਉਣ ਅਤੇ ਮੀਟ ਨੂੰ ਭੁੰਨ ਕੇ ਛੇਤੀ ਛੇਤੀ ਵਾਲੀ ਖ਼ਮੀਰ ਰੋਟੀ ਨਾਲ ਖਾਣ |ਅਤੇ ਉਸ ਨੇ ਉਹਨਾਂ ਨੂੰ ਇਹ ਵੀ ਕਿਹਾ ਕਿ ਜਦੋਂ ਖਾਣ ਤਾਂ ਮਿਸਰ ਛੱਡਣ ਲਈ ਤਿਆਰ ਹੋ ਜਾਣ|

### ਲੋਕ ਕਿਸ ਤਰ੍ਹਾਂ ਆਪਣੇ ਪਹਿਲੋਠਿਆਂ ਨੂੰ ਬਚਾ ਸਕਦੇ ਸਨ ?

ਉਹਨਾਂ ਨੂੰ ਇੱਕ ਸਿੱਧ ਲੇਲੇ ਨੂੰ ਕੱਟਣਾ ਸੀ ਅਤੇ ਉਸ ਦਾ ਲਹੂ ਆਪਣੇ ਘਰ ਦੀਆਂ ਚੌਗਾਠਾਂ ਤੇ ਲਾਉਣਾ ਸੀ |

### ਕਿਹੜਾ ਖ਼ਾਸ ਭੋਜਨ ਇਸ ਭੁੰਨੇ ਹੋਏ ਲੇਲੇ ਦੇ ਨਾਲ ਖਾਣ ਲਈ ਪਰਮੇਸ਼ੁਰ ਨੇ ਕਿਹਾ ਸੀ ?

ਰੋਟੀ ਜੋ ਬਿਨ੍ਹਾਂ ਖ਼ਮੀਰ ਤੋਂ ਹੋਵੇ |

### ਇਸਰਾਏਲੀਆਂ ਨੂੰ ਕਿਹੜਾ ਕੰਮ ਕਰਨ ਲਈ ਤਿਆਰ ਰਹਿਣਾ ਸੀ ਜਦੋਂ ਉਹ ਖਾਂਦੇ ਸਨ ?

ਮਿਸਰ ਛੱਡਣ ਲਈ |

---

## 11:04

ਇਸਰਾਏਲੀਆਂ ਨੇ ਬਿਲਕੁਲ ਉਵੇਂ ਹੀ ਕੀਤਾ ਜਿਵੇਂ ਪਰਮੇਸ਼ੁਰ ਨੇ ਉਹਨਾਂ ਨੂੰ ਕਰਨ ਲਈ ਹੁਕਮ ਦਿੱਤਾ ਸੀ |ਰਾਤ ਦੇ ਅੱਧ ਵਿੱਚ, ਪਰਮੇਸ਼ੁਰ ਮਿਸਰ ਵਿੱਚ ਹਰ ਇੱਕ ਪਲੋਠੇ ਲੜਕੇ ਨੂੰ ਮਾਰਨ ਲਈ ਨਿੱਕਲਿਆ |

---

## 11:05

ਇਸਰਾਏਲੀਆਂ ਦੇ ਸਾਰੇ ਘਰਾਣਿਆਂ ਦੀਆਂ ਚੌਂਗਾਠਾਂ ਤੇ ਲਹੂ ਸੀ, ਇਸ ਲਈ ਪਰਮੇਸ਼ੁਰ ਉਹਨਾਂ ਘਰਾਂ ਦੇ ਉੱਪਰੋਂ ਲੰਘ ਗਿਆ |ਉਹਨਾਂ ਵਿਚਕਾਰ ਹਰ ਕੋਈ ਸੁਰੱਖਿਅਤ ਸੀ |ਉਹ ਲੇਲੇ ਦੇ ਲਹੂ ਕਾਰਨ ਬਚ ਗਏ |

### ਪਰਮੇਸ਼ੁਰ ਨੇ ਉਹਨਾਂ ਘਰਾਂ ਦੇ ਨਾਲ ਕੀ ਕੀਤਾ ਜਿਹਨਾਂ ਉੱਤੇ ਲਹੂ ਲੱਗਾ ਹੋਇਆ ਸੀ ?

ਉਹ ਉਹਨਾਂ ਘਰਾਂ ਦੇ ਉੱਤੋਂ ਲੰਘ ਗਿਆ ਅਤੇ ਉਹਨਾਂ ਦੇ ਅੰਦਰ ਹਰ ਇੱਕ ਸੁਰੱਖਿਅਤ ਸੀ |

---

## 11:06

ਪਰ ਮਿਸਰੀਆਂ ਨੇ ਪਰਮੇਸ਼ੁਰ ਤੇ ਵਿਸ਼ਵਾਸ ਨਹੀਂ ਕੀਤਾ ਅਤੇ ਉਸ ਦਾ ਹੁਕਮ ਨਹੀਂ ਮੰਨਿਆ |ਇਸ ਲਈ ਪਰਮੇਸ਼ੁਰ ਉਹਨਾਂ ਦੇ ਘਰਾਂ ਉੱਪਰੋਂ ਨਹੀਂ ਲੰਘਿਆ |ਪਰਮੇਸ਼ੁਰ ਨੇ ਮਿਸਰੀਆਂ ਦੇ ਹਰ ਇੱਕ ਪਲੋਠੇ ਲੜਕੇ ਨੂੰ ਮਾਰਿਆ |

### ਪਰਮੇਸ਼ੁਰ ਨੇ ਹਰ ਮਿਸਰੀ ਘਰ ਵਿੱਚ ਕੀ ਕੀਤਾ ?

ਉਸ ਨੇ ਹਰ ਇੱਕ ਮਿਸਰੀ ਦਾ ਪਹਿਲੋਠਾ ਪੁੱਤਰ ਮਾਰ ਦਿੱਤਾ |

---

## 11:07

ਹਰ ਮਿਸਰੀ ਪਹਿਲੋਠੇ ਲੜਕਾ ਮਰ ਗਿਆ, ਜ਼ੇਲ੍ਹ ਵਿੱਚ ਹਰ ਕੈਦੀ ਦਾ ਪਹਿਲੋਠੇ ਇੱਥੋਂ ਤੱਕ ਕਿ ਫ਼ਿਰਊਨ ਦਾ ਪਲੋਠਾ ਵੀ ਮਰ ਗਿਆ |ਮਿਸਰ ਵਿੱਚ ਬਹੁਤ ਸਾਰੇ ਲੋਕ ਆਪਣੇ ਗਹਿਰੇ ਦੁੱਖ ਦੇ ਕਾਰਨ ਵਿਰਲਾਪ ਕਰਦੇ ਅਤੇ ਰੋਂਦੇ ਸਨ |

### ਮਿਸਰੀਆਂ ਦੇ ਕਿੰਨੇ ਪਹਿਲੋਠੇ ਪੁੱਤਰ ਮਾਰੇ ਗਏ ਸਨ ?

ਉਹ ਸਾਰੇ ਮਾਰੇ ਗਏ ਸਨ, ਜਿਸ ਵਿੱਚ ਫ਼ਿਰਊਨ ਦਾ ਪੁੱਤਰ ਵੀ ਸੀ |

---

## 11:08

ਉਸੇ ਰਾਤ, ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਬੁਲਾਇਆ ਅਤੇ ਕਿਹਾ, “ਇਸਰਾਏਲੀਆਂ ਨੂੰ ਲੈ ਅਤੇ ਜਲਦੀ ਨਾਲ ਮਿਸਰ ਵਿੱਚੋਂ ਨਿੱਕਲ ਜਾਹ| ”ਮਿਸਰੀ ਲੋਕਾਂ ਨੇ ਵੀ ਇਸਰਾਏਲੀਆਂ ਦੀ ਅੱਗੇ ਬੇਨਤੀ ਕੀਤੀ ਕਿ ਜਲਦੀ ਨਾਲ ਮਿਸਰ ਛੱਡ ਦਿਓ |

### ਇਸ ਬਵਾ ਦੇ ਬਾਅਦ ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਕੀ ਕਿਹਾ ?

“ਇਸਰਾਏਲੀਆਂ ਨੂੰ ਨਾਲ ਲਓ ਅਤੇ ਜਲਦੀ ਨਾਲ ਮਿਸਰ ਨੂੰ ਛੱਡ ਦਿਓ !”

# ਕੂਚ

## 12:01

ਇਸਰਾਏਲੀ ਮਿਸਰ ਛੱਡਣ ਲਈ ਬਹੁਤ ਖ਼ੁਸ਼ ਸਨ |ਹੁਣ ਅੱਗੇ ਤੋਂ ਉਹ ਗੁਲਾਮ ਨਹੀਂ ਸਨ ਅਤੇ ਵਾਇਦੇ ਦੇ ਦੇਸ ਵਿੱਚ ਜਾ ਰਹੇ ਸਨ |ਜੋ ਕੱਝ ਵੀ ਇਸਰਾਏਲੀਆਂ ਨੇ ਮੰਗਿਆ ਮਿਸਰੀਆਂ ਨੇ ਦੇ ਦਿੱਤਾ, ਇਥੋਂ ਤੱਕ ਕਿ ਸੋਨਾ, ਚਾਂਦੀ ਅਤੇ ਬਹੁਮੁੱਲੀਆਂ ਚੀਜ਼ਾਂ ਵੀ ਦਿੱਤੀਆਂ |ਦੂਸਰੇ ਦੇਸਾਂ ਦੇ ਕੁੱਝ ਲੋਕਾਂ ਨੇ ਪਰਮੇਸ਼ੁਰ ਵਿੱਚ ਵਿਸ਼ਵਾਸ ਕੀਤਾ ਅਤੇ ਜਿਵੇਂ ਹੀ ਇਸਰਾਏਲੀਆਂ ਨੇ ਮਿਸਰ ਛੱਡਿਆ ਉਹਨਾਂ ਦੇ ਨਾਲ ਚੱਲ ਪਏ |

### ਜਦੋਂ ਇਸਰਾਏਲੀ ਗਏ ਤਾਂ ਮਿਸਰੀਆਂ ਨੇ ਉਹਨਾਂ ਨੂੰ ਕੀ ਦਿੱਤਾ ?

ਜੋ ਕੁੱਝ ਵੀ ਉਹਨਾਂ ਨੇ ਮੰਗਿਆ ਇੱਥੋਂ ਤੱਕ ਸੋਨਾ, ਚਾਂਦੀ ਅਤੇ ਹੋਰ ਵੀ ਬਹੁਮੁੱਲੀਆਂ ਵਸਤਾਂ |

### ਇਸਰਾਏਲੀਆਂ ਦੇ ਨਾਲ ਹੋ ਕਿਸ ਨੇ ਮਿਸਰ ਛੱਡਿਆ ?

ਕੁੱਝ ਹੋਰ ਦੂਸਰੇ ਦੇਸ਼ਾਂ ਦੇ ਲੋਕ ਵੀ ਜੋ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਦੇ ਸਨ |

### ਪਰਮੇਸ਼ੁਰ ਨੇ ਕਿਸ ਤਰ੍ਹਾਂ ਇਸਰਾਏਲੀਆਂ ਦੀ ਅਗਵਾਈ ਕੀਤੀ ?

ਦਿਨ ਦੇ ਸਮੇਂ ਬੱਦਲ ਦਾ ਥੰਮ੍ਹ ਅਤੇ ਰਾਤ ਨੂੰ ਅੱਗ ਦੇ ਥੰਮ੍ਹ ਨਾਲ |

---

## 12:02

ਪਰਮੇਸ਼ੁਰ ਨੇ ਦਿਨ ਦੇ ਸਮੇਂ ਉਹਨਾਂ ਦੇ ਅੱਗੇ ਅੱਗੇ ਇੱਕ ਉੱਚੇ ਬੱਦਲ ਦੇ ਖੰਬੇ ਦੇ ਰੂਪ ਵਿੱਚ ਅਗਵਾਈ ਕੀਤੀ ਅਤੇ ਜੋ ਰਾਤ ਨੂੰ ਅੱਗ ਦਾ ਉੱਚਾ ਥੰਮ੍ਹ ਬਣ ਜਾਂਦਾ ਸੀ |ਪਰਮੇਸ਼ੁਰ ਹਮੇਸ਼ਾਂ ਉਹਨਾਂ ਦੇ ਨਾਲ ਸੀ ਉਹਨਾਂ ਦੀ ਯਾਤਰਾ ਵਿੱਚ ਮਦਦ ਕਰਦਾ ਸੀ |ਉਹਨਾਂ ਨੇ ਸਿਰਫ਼ ਉਸ ਦੇ ਪਿੱਛੇ ਪਿੱਛੇ ਚੱਲਣਾ ਸੀ |

---

## 12:03

ਕੁੱਝ ਸਮੇਂ ਦੇ ਬਾਅਦ ਫ਼ਿਰਊਨ ਅਤੇ ਉਸਦੇ ਲੋਕਾਂ ਨੇ ਆਪਣਾ ਮਨ ਬਦਲ ਲਿਆ ਅਤੇ ਦੁਬਾਰਾ ਫੇਰ ਇਸਰਾਏਲੀਆਂ ਨੂੰ ਆਪਣੇ ਗੁਲਾਮ ਬਣਾਉਣਾ ਚਾਹਿਆ |ਪਰਮੇਸ਼ੁਰ ਨੇ ਫ਼ਿਰਊਨ ਦਾ ਮਨ ਕਠੋਰ ਹੋਣ ਦਿੱਤਾ ਕਿ ਲੋਕ ਦੇਖ ਸਕਣ ਕਿ ਉਹ ਇੱਕੋ ਇੱਕ ਸੱਚਾ ਪਰਮੇਸ਼ੁਰ ਹੈ ਅਤੇ ਸਮਝ ਸਕਣ ਕਿ ਯਹੋਵਾਹ ਫ਼ਿਰਊਨ ਅਤੇ ਉਸਦੇ ਦੇਵਤਿਆਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ |

### ਪਰਮੇਸ਼ੁਰ ਨੇ ਫ਼ਿਰਊਨ ਦੇ ਦਿਲ ਨੂੰ ਕਿਉਂ ਕਠੋਰ ਕੀਤਾ ਅਤੇ ਉਸ ਨੇ ਇਸਰਾਏਲੀਆਂ ਦਾ ਪਿੱਛਾ ਕੀਤਾ ?

ਇਹ ਦਿਖਾਵੇ ਕਿ ਉਹ ਇੱਕ ਸੱਚਾ ਪਰਮੇਸ਼ੁਰ ਹੈ ਜੋ ਫ਼ਿਰਊਨ ਅਤੇ ਉਸਦੇ ਦੇਵਤਿਆਂ ਨਾਲੋ ਜ਼ਿਆਦਾ ਤਾਕਤਵਰ ਹੈ |

---

## 12:04

ਇਸ ਲਈ ਫ਼ਿਰਊਨ ਅਤੇ ਉਸਦੀ ਸੈਨਾਂ ਨੇ ਇਸਰਾਏਲੀਆਂ ਦਾ ਪਿੱਛਾ ਕੀਤਾ ਕਿ ਉਹਨਾਂ ਨੂੰ ਦੁਬਾਰਾ ਫੇਰ ਆਪਣੇ ਗੁਲਾਮ ਬਣਾ ਲੈਣ |ਜਦੋਂ ਇਸਰਾਏਲੀਆਂ ਨੇ ਮਿਸਰੀਆਂ ਦੀ ਸੈਨਾਂ ਨੂੰ ਆਉਂਦੇ ਦੇਖਿਆ ਤਾਂ ਉਹਨਾਂ ਨੂੰ ਸਮਝ ਆਇਆ ਕਿ ਉਹ ਫ਼ਿਰਊਨ ਅਤੇ ਲਾਲ ਸਮੁੰਦਰ ਦੇ ਵਿਚਕਾਰ ਫਸ ਗਏ ਹਨ |ਉਹ ਬਹੁਤ ਡਰ ਗਏ ਅਤੇ ਚਿੱਲਾਉਣ ਲੱਗੇ, "ਅਸੀਂ ਮਿਸਰ ਕਿਉਂ ਛੱਡਿਆ ?ਅਸੀਂ ਮਰ ਜਾਵਾਂਗੇ !"

### ਜਦੋਂ ਇਸਰਾਏਲੀ ਫ਼ਿਰਊਨ ਦੀ ਫੌਜ਼ ਅਤੇ ਸਮੁੰਦਰ ਦੇ ਵਿਚਕਾਰ ਫਸ ਗਏ ਤਾਂ ਉਹਨਾਂ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ?

ਉਹਨਾਂ ਨੇ ਕਿਹਾ, "ਅਸੀਂ ਕਿਉਂ ਮਿਸਰ ਛੱਡ ਆਏ?ਅਸੀਂ ਤਾਂ ਮਰਨ ਜਾ ਰਹੇਂ ਹਾਂ!"

---

## 12:05

ਮੂਸਾ ਨੇ ਇਸਰਾਏਲੀਆਂ ਨੂੰ ਕਿਹਾ, "ਡਰਨਾ ਬੰਦ ਕਰੋ !ਅੱਜ ਪਰਮੇਸ਼ੁਰ ਤੁਹਾਡੇ ਲਈ ਲੜੇਗਾ ਅਤੇ ਤੁਹਾਨੂੰ ਬਚਾਵੇਗਾ |"ਪਰਮੇਸ਼ੁਰ ਨੇ ਮੂਸਾ ਨੂੰ ਦੱਸਿਆ, "ਲੋਕਾਂ ਨੂੰ ਕਹਿ ਕਿ ਉਹ ਲਾਲ ਸਮੁੰਦਰ ਵੱਲ ਵਧਣ |"

### ਮੂਸਾ ਨੇ ਇਸਰਾਏਲੀਆਂ ਦੇ ਡਰ ਨੂੰ ਸ਼ਾਂਤ ਕਰਨ ਲਈ ਕੀ ਕਿਹਾ ?

"ਡਰਨਾ ਬੰਦ ਕਰੋ!ਅੱਜ ਪਰਮੇਸ਼ੁਰ ਤੁਹਾਡੇ ਲਈ ਲੜੇਗਾ ਅਤੇ ਤੁਹਾਨੂੰ ਬਚਾਵੇਗਾ |"

---

## 12:06

ਤਦ ਪਰਮੇਸ਼ੁਰ ਨੇ ਬੱਦਲ ਦਾ ਥੰਮ੍ਹ ਬਦਲ ਕੇ ਇਸਰਾਏਲੀਆਂ ਅਤੇ ਮਿਸਰੀਆਂ ਦੇ ਵਿਚਕਾਰ ਕਰ ਦਿੱਤਾ ਇਸ ਲਈ ਮਿਸਰੀ ਇਸਰਾਏਲੀਆਂ ਨੂੰ ਦੇਖ ਨਾ ਸਕੇ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਜਦੋਂ ਉਹਨਾਂ ਨੇ ਬਚ ਨਿੱਕਲਣਾ ਸ਼ੁਰੂ ਕੀਤਾ ਤਾਂ ਮਿਸਰੀਆਂ ਦੀਆਂ ਨਜ਼ਰਾਂ ਤੋਂ ਬਚਾਇਆ ?

ਉਸ ਨੇ ਬੱਦਲ ਦੇ ਥੰਮ੍ਹ ਨੂੰ ਉਹਨਾਂ ਦੇ ਵਿਚਕਾਰ ਖੜ੍ਹਾ ਕਰ ਦਿੱਤਾ |

---

## 12:07

ਪਰਮੇਸ਼ੁਰ ਨੇ ਮੂਸਾ ਨੂੰ ਕਿਹਾ ਕਿ ਆਪਣਾ ਹੱਥ ਸਮੁੰਦਰ ਵੱਲ ਉਠਾ ਅਤੇ ਪਾਣੀਆਂ ਨੂੰ ਵੰਡ ਦੇਹ |ਤਦ ਪਰਮੇਸ਼ੁਰ ਨੇ ਸਮੁੰਦਰ ਦੇ ਵਿਚਕਾਰ ਹਵਾ ਚਲਾਈ ਕਿ ਪਾਣੀ ਨੂੰ ਸੱਜੇ ਖੱਬੇ ਵੱਲ ਧੱਕੇ ਅਤੇ ਸਮੁੰਦਰ ਦੇ ਵਿਚਕਾਰ ਮਾਰਗ ਤਿਆਰ ਹੋ ਗਿਆ |

### ਪਰਮੇਸ਼ੁਰ ਨੇ ਮੂਸਾ ਨੂੰ ਇਸਰਾਏਲੀਆਂ ਦੇ ਬਚਾਓ ਲਈ ਰਸਤਾ ਤਿਆਰ ਕਰਨ ਲਈ ਕੀ ਕਰਨ ਨੂੰ ਕਿਹਾ ?

ਪਰਮੇਸ਼ੁਰ ਨੇ ਉਸ ਨੂੰ ਸਮੁੰਦਰ ਉੱਤੇ ਆਪਣਾ ਹੱਥ ਖੜ੍ਹਾ ਕਰਨ ਲਈ ਕਿਹਾ ਤਾਂ ਕਿ ਪਾਣੀ ਵੰਡਿਆ ਜਾਵੇ |

---

## 12:08

ਇਸਰਾਏਲੀ ਸਮੁੰਦਰ ਦੇ ਵਿੱਚਕਾਰੋਂ ਸੁੱਕੀ ਧਰਤੀ ਉੱਤੋਂ ਲੰਘੇ ਜਿਸਦੇ ਦੋਹਾਂ ਪਾਸਿਆਂ ਤੇ ਪਾਣੀ ਦੀਆਂ ਦੀਵਾਰਾਂ ਸਨ |

### ਕਿਸ ਤਰ੍ਹਾਂ ਇਸਰਾਏਲੀ ਸਮੁੰਦਰ ਨੂੰ ਪਾਰ ਕਰਨ ਵਿੱਚ ਸਫਲ ਹੋਏ ?

ਉਹ ਉਸ ਵਿੱਚ ਸੁੱਕੀ ਧਰਤੀ ਦੇ ਉੱਤੋਂ ਲੰਘ ਗਏ |

---

## 12:09

ਤਦ ਪਰਮੇਸ਼ੁਰ ਨੇ ਮਿਸਰੀਆਂ ਦੇ ਰਾਹ ਵਿੱਚੋਂ ਬੱਦਲ ਦੇ ਥੰਮ੍ਹ ਨੂੰ ਉਠਾਇਆ ਤਾਂ ਕਿ ਉਹ ਇਸਰਾਏਲੀਆਂ ਨੂੰ ਬਚਕੇ ਨਿਕੱਲਦੇ ਹੋਏ ਦੇਖ ਸਕਣ | ਮਿਸਰੀਆਂ ਨੇ ਫੈਸਲਾ ਕੀਤਾ ਕਿ ਉਹ ਉਹਨਾਂ ਦਾ ਪਿੱਛਾ ਕਰਨ |

---

## 12:10

ਇਸ ਲਈ ਉਹਨਾਂ ਨੇ ਸਮੁੰਦਰ ਦੇ ਮਾਰਗ ਦੁਆਰਾ ਇਸਰਾਏਲੀਆਂ ਦਾ ਪਿੱਛਾ ਕੀਤਾ ਪਰ ਪਰਮੇਸ਼ੁਰ ਨੇ ਮਿਸਰੀਆਂ ਨੂੰ ਘਬਰਾ ਦਿੱਤਾ ਅਤੇ ਉਹਨਾਂ ਦੇ ਰੱਥਾਂ ਨੂੰ ਫਸਾ ਦਿੱਤਾ |ਉਹ ਚਿੱਲਾਏ, "ਭੱਜ ਚੱਲੋ! ਕਿਉਂ ਕਿ ਪਰਮੇਸ਼ੁਰ ਇਸਰਾਏਲੀਆਂ ਲਈ ਲੜ ਰਿਹਾ ਹੈ !"

### ਮਿਸਰੀਆਂ ਦੇ ਨਾਲ ਕੀ ਹੋਇਆ ਜਦੋਂ ਉਹ ਸਮੁੰਦਰ ਵਿੱਚ ਇਸਰਾਏਲੀਆਂ ਦਾ ਪਿੱਛਾ ਕਰਦੇ ਸਨ ?

ਪਰਮੇਸ਼ੁਰ ਨੇ ਮਿਸਰੀਆਂ ਨੂੰ ਘਬਰਾ ਦਿੱਤਾ ਅਤੇ ਉਹਨਾਂ ਦੇ ਰੱਥ ਫਸ ਗਏ |

---

## 12:11

ਇਸਰਾਏਲੀਆਂ ਦੇ ਸੁਰੱਖਿਆ ਨਾਲ ਸਮੁੰਦਰ ਦੇ ਦੂਸਰੇ ਕਿਨਾਰੇ ਪਹੁੰਚਣ ਤੋਂ ਬਾਅਦ, ਪਰਮੇਸ਼ੁਰ ਨੇ ਮੂਸਾ ਨੂੰ ਕਿਹਾ ਕਿ ਫੇਰ ਆਪਣੇ ਹੱਥ ਨੂੰ ਲੰਬਾ ਕਰ |ਜਦੋਂ ਉਸ ਨੇ ਹੁਕਮ ਮੰਨਿਆ ਤਾਂ ਪਾਣੀ ਮਿਸਰੀਆਂ ਉੱਪਰ ਡਿੱਗਿਆ ਅਤੇ ਆਪਣੀ ਸਹੀ ਜਗ੍ਹਾ ਤੇ ਆ ਗਿਆ |ਸਾਰੀ ਮਿਸਰੀ ਸੈਨਾਂ ਰੁੜ੍ਹ ਗਈ |

### ਪਰਮੇਸ਼ੁਰ ਨੇ ਮਿਸਰੀਆਂ ਨੂੰ ਕਿਸ ਤਰ੍ਹਾਂ ਤਬਾਹ ਕੀਤਾ ?

ਪਾਣੀ ਨੇ ਮਿਸਰੀ ਸੈਨਾਂ ਨੂੰ ਢੱਕ ਦਿੱਤਾ ਤੇ ਉਹ ਡੁੱਬ ਗਏ |

---

## 12:12

ਜਦੋਂ ਇਸਰਾਏਲੀਆਂ ਨੇ ਦੇਖਿਆ ਕਿ ਮਿਸਰੀ ਮਰ ਗਏ ਹਨ, ਉਹਨਾਂ ਪਰਮੇਸ਼ੁਰ ਤੇ ਭਰੋਸਾ ਕੀਤਾ ਅਤੇ ਵਿਸ਼ਵਾਸ ਕੀਤਾ ਕਿ ਮੂਸਾ ਪਰਮੇਸ਼ੁਰ ਦਾ ਨਬੀ ਹੈ |

### ਇਸਰਾਏਲੀਆਂ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ਜਦੋਂ ਉਹਨਾਂ ਨੇ ਦੇਖਿਆ ਕਿ ਮਿਸਰੀ ਮਰ ਗਏ ਹਨ ?

ਉਹਨਾਂ ਨੇ ਪਰਮੇਸ਼ੁਰ ਤੇ ਭਰੋਸਾ ਕੀਤਾ ਅਤੇ ਵਿਸ਼ਵਾਸ ਕੀਤਾ ਕਿ ਮੂਸਾ ਪਰਮੇਸ਼ੁਰ ਦਾ ਇੱਕ ਨਬੀ ਹੈ |

### ਕਿਉਂ ਇਸਰਾਏਲੀਆਂ ਨੇ ਗੀਤ ਗਾਏ ਅਤੇ ਪਰਮੇਸ਼ੁਰ ਦੀ ਅਰਾਧਨਾ ਕੀਤੀ ?

ਕਿਉਂਕਿ ਉਸ ਨੇ ਉਹਨਾਂ ਨੂੰ ਮਿਸਰੀਆਂ ਤੋਂ ਬਚਾਇਆ |

---

## 12:13

ਇਸਰਾਏਲੀਆਂ ਨੇ ਅਨੰਦ ਕੀਤਾ ਕਿਉਂਕਿ ਪਰਮੇਸ਼ੁਰ ਨੇ ਉਹਨਾਂ ਨੂੰ ਮੌਤ ਅਤੇ ਗੁਲਾਮੀ ਤੋਂ ਛੁਡਾਇਆ |ਹੁਣ ਉਹ ਪਰਮੇਸ਼ੁਰ ਦੀ ਸੇਵਾ ਕਰਨ ਲਈ ਤਿਆਰ ਸਨ |ਇਸਰਾਏਲੀਆਂ ਨੇ ਆਪਣੀ ਨਵੀਂ ਅਜ਼ਾਦੀ ਦਾ ਜਸ਼ਨ ਮਨਾਉਣ ਲਈ ਬਹੁਤ ਗੀਤ ਗਾਏ ਅਤੇ ਪਰਮੇਸ਼ੁਰ ਦੀ ਮਹਿਮਾ ਕੀਤੀ ਕਿ ਉਸ ਨੇ ਉਹਨਾਂ ਨੂੰ ਮਿਸਰੀ ਸੈਨਾਂ ਤੋਂ ਬਚਾਇਆ |

---

## 12:14

ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਹੁਕਮ ਦਿੱਤਾ ਕਿ ਉਹ ਹਰ ਸਾਲ ਪਸਾਹ ਦਾ ਪਰਬ ਮਨਾਉਣ ਤਾਂ ਕਿ ਯਾਦ ਰਹੇ ਕਿਸ ਤਰ੍ਹਾਂ ਪਰਮੇਸ਼ੁਰ ਨੇ ਉਹਨਾਂ ਨੂੰ ਮਿਸਰੀਆਂ ਉੱਤੇ ਜਿੱਤ ਦਿੱਤੀ ਅਤੇ ਗੁਲਾਮੀ ਤੋਂ ਛੁਡਾਇਆ | ਉਹਨਾਂ ਨੇ ਬੱਜ ਰਹਿਤ ਲੇਲਾ ਕੱਟਦੇ ਹੋਏ ਅਤੇ ਉਸ ਨਾਲ ਖ਼ਮੀਰ ਤੋਂ ਬਿਨਾ ਰੋਟੀ ਖਾਂਦੇ ਹੋਏ ਇਸ ਨੂੰ ਮਨਾਇਆ |

### ਪਰਮੇਸ਼ੁਰ ਨੇ ਮਿਸਰੀਆਂ ਉੱਤੇ ਆਪਣੀ ਜਿੱਤ ਨੂੰ ਯਾਦ ਰੱਖਣ ਲਈ ਇਸਰਾਏਲੀਆਂ ਨੂੰ ਕੀ ਕਰਨ ਲਈ ਕਿਹਾ ?

ਉਸ ਨੇ ਹੁਕਮ ਦਿੱਤਾ ਕਿ ਉਹ ਹਰ ਸਾਲ ਪਸਾਹ ਦਾ ਤਿਉਹਾਰ ਮਨਾਉਣ |

# ਇਸਰਾਏਲੀਆਂ ਨਾਲ ਪਰਮੇਸ਼ੁਰ ਦਾ ਨੇਮ

## 13:01

ਇਸਰਾਏਲੀਆਂ ਨੂੰ ਲਾਲ ਸਮੁੰਦਰ ਵਿੱਚੋਂ ਪਾਰ ਲੰਘਾਉਣ ਦੇ ਬਾਅਦ ਪਰਮੇਸ਼ੁਰ ਨੇ ਉਹਨਾਂ ਦੀ ਜੰਗਲ ਵਿੱਚ ਅਗਵਾਈ ਕਰਦੇ ਹੋਏ ਸੀਨਈ ਪਰਬਤ ਤੱਕ ਪਹੁੰਚਾਇਆ |ਇਹ ਉਹੀ ਪਰਬਤ ਸੀ ਜਿੱਥੇ ਮੂਸਾ ਨੇ ਬਲਦੀ ਹੋਈ ਝਾੜੀ ਦੇਖੀ ਸੀ |ਲੋਕਾਂ ਨੇ ਪਰਬਤ ਦੇ ਹੇਠਾਂ ਆਪਣੇ ਤੰਬੂ ਲਗਾਏ |

### ਲਾਲ ਸਮੁੰਦਰ ਨੂੰ ਪਾਰ ਕਰਨ ਤੋਂ ਬਾਅਦ ਪਰਮੇਸ਼ੁਰ ਨੇ ਇਸਰਾਏਲੀਆਂ ਦੀ ਕਿੱਥੇ ਲਈ ਅਗਵਾਈ ਕੀਤੀ ?

ਉਹ ਉਹਨਾਂ ਨੂੰ ਸੀਨਈ ਪਰਬਤ ਵੱਲ ਲੈ ਗਿਆ |

---

## 13:02

ਪਰਮੇਸ਼ੁਰ ਨੇ ਮੂਸਾ ਅਤੇ ਇਸਰਾਏਲ ਦੇ ਲੋਕਾਂ ਨੂੰ ਕਿਹਾ, “ਜੇਕਰ ਤੁਸੀਂ ਮੇਰੇ ਹੁਕਮਾਂ ਨੂੰ ਮੰਨੋਂ ਅਤੇ ਮੇਰੇ ਨੇਮ ਦੀ ਪਾਲਣਾ ਕਰੋ, ਤੁਸੀਂ ਮੇਰੀ ਨਿੱਜੀ ਵਿਰਾਸਤ, ਜਾਜ਼ਕਾਂ ਦਾ ਰਾਜ ਅਤੇ ਪਵਿੱਤਰ ਪਰਜਾ ਹੋਵੋਗੇ |”

### ਪਰਮੇਸ਼ੁਰ ਨੇ ਇਸਰਾਏਲੀਆਂ ਨਾਲ ਕੀ ਵਾਅਦਾ ਕੀਤਾ ਕਿ ਉਹ ਕੀ ਬਣ ਜਾਣਗੇ ਜੇ ਉਹ ਉਸ ਦੀ ਪਾਲਣਾ ਕਰਨ ?

ਉਹ ਉਸ ਦੀ ਨਿੱਜੀ ਵਿਰਾਸਤ, ਜ਼ਾਜਕਾਂ ਦਾ ਰਾਜ, ਪਵਿੱਤਰ ਜਾਤੀ ਹੋਣਗੇ |

---

## 13:03

ਤਿੰਨ ਦਿਨ ਬਾਅਦ, ਜਦੋਂ ਲੋਕਾਂ ਨੇ ਆਪਣੇ ਆਪ ਨੂੰ ਆਤਮਿਕ ਤੌਰ ਤੇ ਤਿਆਰ ਕਰ ਲਿਆ ਸੀ ਪਰਮੇਸ਼ੁਰ ਸੀਨਈ ਪਹਾੜ ਤੇ ਚਮਕ, ਗਰਜਣ, ਧੂੰਏਂ ਅਤੇ ਤੁਰ੍ਹੀਆਂ ਦੀ ਵੱਡੀ ਅਵਾਜ਼ ਨਾਲ ਉੱਤਰਿਆ |ਸਿਰਫ਼ ਮੂਸਾ ਨੂੰ ਹੀ ਪਹਾੜ ਉੱਤੇ ਜਾਣ ਦੀ ਇਜ਼ਾਜਤ ਸੀ |

### ਜਦੋਂ ਉਹ ਪਹਾੜ ਸੀਨਈ ਤੇ ਉੱਤਰਿਆ ਤਾਂ ਪਰਮੇਸ਼ੁਰ ਦੇ ਨਾਲ ਕੀ ਨਿਸ਼ਾਨੀ ਸੀ ?

ਗਰਜਣ, ਚਮਕ, ਧੂੰਆਂ, ਅਤੇ ਉੱਚੀ ਤੁਰ੍ਹੀ ਦੀ ਅਵਾਜ਼ |

---

## 13:04

ਤਦ ਪਰਮੇਸ਼ੁਰ ਨੇ ਉਹਨਾਂ ਨੂੰ ਨੇਮ ਦਿੱਤਾ ਅਤੇ ਕਿਹਾ, "ਮੈਂ ਯਹੋਵਾਹ ਹਾਂ, ਤੁਹਾਡਾ ਪਰਮੇਸ਼ੁਰ ਜਿਸ ਨੇ ਤੁਹਾਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ ਹੈ | ਦੂਸਰੇ ਦੇਵਤਿਆਂ ਦੀ ਪੂਜਾ ਨਾ ਕਰੋ |"

---

## 13:05

"ਮੂਰਤੀਆਂ ਨਾ ਬਣਾਓ ਅਤੇ ਉਹਨਾਂ ਦੀ ਪੂਜਾ ਨਾ ਕਰੋ, ਕਿਉਂਕਿ ਮੈਂ, ਯਹੋਵਾਹ ਜਲਨ ਰੱਖਣ ਵਾਲਾ ਪਰਮੇਸ਼ੁਰ ਹਾਂ |ਮੇਰਾ ਨਾਮ ਵਿਅਰਥ ਨਾ ਲੈਣਾ | ਸਬਤ ਨੂੰ ਪਵਿੱਤਰ ਰੱਖਣਾ ਜ਼ਰੂਰੀ ਜਾਣੋ |ਇਸ ਲਈ ਛੇ ਦਿਨ ਆਪਣੇ ਸਾਰੇ ਕੰਮ ਕਰੋ ਕਿਉਂਕਿ ਸੱਤਵਾਂ ਦਿਨ ਤੁਹਾਡੇ ਅਰਾਮ ਦਾ ਅਤੇ ਮੈਨੂੰ ਯਾਦ ਕਰਨ ਦਾ ਦਿਨ ਹੈ |

---

## 13:06

"ਆਪਣੇ ਮਾਤਾ ਪਿਤਾ ਦਾ ਆਦਰ ਕਰੋ |ਕਤਲ ਨਾ ਕਰੋ |ਜ਼ਨਾਹ ਨਾ ਕਰੋ |ਚੋਰੀ ਨਾ ਕਰੋ |ਝੂਠ ਨਾ ਬੋਲੋ |ਆਪਣੇ ਗੁਆਂਢੀ ਦੀ ਤੀਵੀਂ ਦੀ ਲਾਲਸਾ ਨਾ ਕਰ,

---

## 13:07

ਨਾ ਉਸਦੇ ਘਰ ਦਾ, ਨਾ ਕਿਸੇ ਚੀਜ਼ ਦੀ ਜੋ ਉਸ ਦੀ ਹੈ |"ਤਦ ਪਰਮੇਸ਼ੁਰ ਨੇ ਇਹਨਾਂ ਆਗਿਆਂ ਨੂੰ ਦੋ ਪੱਥਰ ਦੀਆਂ ਫੱਟੀਆਂ ਤੇ ਲਿਖਿਆ ਅਤੇ ਮੂਸਾ ਨੂੰ ਦਿੱਤਾ |ਪਰਮੇਸ਼ੁਰ ਨੇ ਮੰਨਣ ਲਈ ਹੋਰ ਵੀ ਕਈ ਕਾਇਦੇ ਅਤੇ ਕਾਨੂੰਨ ਦਿੱਤੇ | ਜੇਕਰ ਲੋਕ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨਗੇ ਤਾਂ ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਉਹ ਉਹਨਾਂ ਨੂੰ ਬਰਕਤ ਦੇਵੇਗਾ ਅਤੇ ਉਹਨਾਂ ਨੂੰ ਸੰਭਾਲੇਗਾ |

### ਜੇ ਉਹ ਉਸ ਦੇ ਹੁਕਮਾਂ ਦੀ ਉਲੰਘਣਾ ਕਰਦੇ ਹਨ ਤਾ ਪਰਮੇਸ਼ੁਰ ਇਸਰਾਏਲ ਦੇ ਨਾਲ ਕੀ ਕਰੇਗਾ ?

ਉਹ ਉਹਨਾਂ ਨੂੰ ਸਜਾ ਦੇਵੇਗਾ |

---

## 13:08

ਜੇਕਰ ਉਹ ਉਹਨਾਂ ਦੀ ਪਾਲਣਾ ਨਹੀਂ ਕਰਦੇ ਤਾਂ ਪਰਮੇਸ਼ੁਰ ਉਹਨਾਂ ਨੂੰ ਸਜ਼ਾ ਦੇਵੇਗਾ |ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਉਸ ਤੰਬੂ ਦਾ ਵੀ ਵਿਸਥਾਰ ਵਿੱਚ ਖਾਕਾ ਦਿੱਤਾ ਸੀ ਜੋ ਉਹ ਚਾਹੁੰਦਾ ਸੀ ਕਿ ਉਹ ਬਣਾਉਣ |ਇਸ ਨੂੰ ਮਿਲਾਪ ਦਾ ਤੰਬੂ ਕਿਹਾ ਜਾਂਦਾ ਸੀ, ਅਤੇ ਇਸ ਵਿੱਚ ਦੋ ਕਮਰੇ ਸਨ ਜਿਹਨਾਂ ਨੂੰ ਇੱਕ ਮੋਟਾ ਪਰਦਾ ਅੱਲਗ ਕਰਦਾ ਸੀ |

### ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਉਸ ਲਈ ਕੀ ਬਣਾਉਣ ਲਈ ਕਿਹਾ ?

ਉਸ ਨੇ ਉਹਨਾਂ ਨੂੰ ਮਿਲਾਪ ਦਾ ਤੰਬੂ ਬਣਾਉਣ ਲਈ ਕਿਹਾ |

### ਉਸ ਪਰਦੇ ਦੇ ਪਿੱਛੇ ਕੌਣ ਜਾ ਸਕਦਾ ਸੀ ਜਿੱਥੇ ਪਰਮੇਸ਼ੁਰ ਵਾਸ ਕਰਦਾ ਸੀ ?

ਸਿਰਫ਼ ਮਹਾਂ ਜ਼ਾਜਕ |

---

## 13:09

ਸਿਰਫ਼ ਮਹਾਂ ਜਾਜ਼ਕ ਹੀ ਪਰਦੇ ਦੇ ਪਾਰ ਉਸ ਕਮਰੇ ਵਿੱਚ ਜਾ ਸਕਦਾ ਸੀ ਕਿਉਂਕਿ ਪਰਮੇਸ਼ੁਰ ਉੱਥੇ ਰਹਿੰਦਾ ਸੀ |ਕੋਈ ਵੀ ਜੋ ਪਰਮੇਸ਼ੁਰ ਦੇ ਕਾਨੂੰਨ ਦੀ ਅਣਆਗਿਆਕਾਰੀ ਕਰਦਾ ਉਸ ਨੂੰ ਮਿਲਾਪ ਦੇ ਤੰਬੂ ਸਾਹਮਣੇ ਬੇਦੀ ਉੱਤੇ ਪਰਮੇਸ਼ੁਰ ਅੱਗੇ ਬਲੀ ਲਈ ਇੱਕ ਪਸ਼ੂ ਲਿਆਉਣਾ ਪੈਂਦਾ ਸੀ |ਬਲੀ ਦਿੱਤੇ ਪਸ਼ੂ ਦਾ ਲਹੂ ਵਿਅਕਤੀ ਦੇ ਪਾਪ ਨੂੰ ਢੱਕ ਦਿੰਦਾ ਅਤੇ ਪਰਮੇਸ਼ੁਰ ਦੀ ਨਿਗਾਹ ਵਿੱਚ ਵਿਅਕਤੀ ਨੂੰ ਸਾਫ਼ ਕਰਦਾ ਸੀ |ਪਰਮੇਸ਼ੁਰ ਨੇ ਮੂਸਾ ਦੇ ਭਰਾ ਹਾਰੂਨ ਅਤੇ ਉਸਦੀ ਸੰਤਾਨ ਨੂੰ ਆਪਣੇ ਜਾਜ਼ਕ ਹੋਣ ਲਈ ਚੁਣਿਆ |

### ਲੋਕ ਆਪਣੇ ਪਾਪਾਂ ਨੂੰ ਕਿਸ ਤਰ੍ਹਾਂ ਢੱਕਦੇ ?

ਉਹ ਜ਼ਾਜਕ ਕੋਲ ਬਲੀ ਦੇ ਲਈ ਇੱਕ ਜਾਨਵਰ ਲੈ ਕੇ ਆਉਂਦੇ |ਬਲੀ ਦਾ ਲਹੂ ਉਹਨਾਂ ਦੇ ਪਾਪਾਂ ਨੂੰ ਢੱਕਦਾ ਸੀ |

### ਪਰਮੇਸ਼ੁਰ ਨੇ ਆਪਣਾ ਜ਼ਾਜਕ ਹੋਣ ਲਈ ਕਿਸ ਨੂੰ ਚੁਣਿਆ ?

ਹਾਰੂਨ ਅਤੇ ਉਸ ਦੀ ਸੰਤਾਨ |

---

## 13:10

ਸਾਰੇ ਲੋਕ ਪਰਮੇਸ਼ੁਰ ਦੇ ਕਾਨੂੰਨਾਂ ਨੂੰ ਮੰਨਣ ਲਈ ਰਾਜ਼ੀ ਹੋ ਗਏ ਜੋ ਪਰਮੇਸ਼ੁਰ ਨੇ ਉਹਨਾਂ ਨੂੰ ਦਿੱਤੇ ਸਨ, ਕਿ ਸਿਰਫ਼ ਪਰਮੇਸ਼ੁਰ ਦੀ ਹੀ ਉਪਾਸਨਾ ਕਰਨਾ ਅਤੇ ਉਸ ਦੇ ਖ਼ਾਸ ਲੋਕ ਬਣਨਾ |ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਵਾਇਦਾ ਕਰਨ ਤੋਂ ਥੋੜ੍ਹੇ ਸਮੇਂ ਬਾਅਦ ਹੀ ਉਹਨਾਂ ਨੇ ਭਿਆਨਕ ਪਾਪ ਕੀਤਾ |

---

## 13:11

ਕਈ ਦਿਨਾਂ ਤੋਂ ਮੂਸਾ ਸੀਨਈ ਪਹਾੜ ਉੱਤੇ ਪਰਮੇਸ਼ੁਰ ਨਾਲ ਗੱਲਾਂ ਕਰਨ ਲਈ ਗਿਆ ਹੋਇਆ ਸੀ |ਲੋਕ ਉਸਦਾ ਇੰਤਜ਼ਾਰ ਕਰਦੇ ਥੱਕ ਗਏ |ਇਸ ਲਈ ਉਹਨਾਂ ਨੇ ਹਾਰੂਨ ਕੋਲ ਸੋਨਾ ਲਿਆਂਦਾ ਅਤੇ ਉਸ ਨੂੰ ਕਿਹਾ ਕਿ ਉਹਨਾਂ ਲਈ ਇੱਕ ਮੂਰਤ ਬਣਾਏ !

### ਲੋਕਾਂ ਨੇ ਕੀ ਕੀਤਾ ਜਦੋਂ ਉਹ ਮੂਸਾ ਦੇ ਪਹਾੜ ਤੋਂ ਉਤਰਨ ਦੀ ਉਡੀਕ ਵਿੱਚ ਥੱਕ ਗਏ ?

ਉਹਨਾਂ ਨੇ ਹਾਰੂਨ ਨੂੰ ਕਿਹਾ ਕਿ ਉਹ ਉਹਨਾਂ ਲਈ ਇੱਕ ਸੋਨੇ ਦੀ ਮੂਰਤ ਬਣਾਵੇ ਅਤੇ ਤਦ ਉਹ ਉਸਦੀ ਉਪਾਸਨਾ ਕਰਨ ਅਤੇ ਉਸ ਅੱਗੇ ਬਲੀਆਂ ਦੇਣ ਲੱਗੇ |

---

## 13:12

ਹਾਰੂਨ ਨੇ ਵੱਛੇ ਦੇ ਰੂਪ ਵਿੱਚ ਸੋਨੇ ਦੀ ਮੂਰਤ ਬਣਾਈ |ਲੋਕ ਮੂਰਤ ਦੀ ਪੂਜਾ ਕਰਨ ਲੱਗੇ ਅਤੇ ਬਲੀਆਂ ਚੜ੍ਹਾਉਣ ਲੱਗੇ |ਉਹਨਾਂ ਦੇ ਪਾਪ ਦੇ ਕਾਰਨ ਪਰਮੇਸ਼ੁਰ ਉਹਨਾਂ ਨਾਲ ਬਹੁਤ ਗੁੱਸੇ ਹੋਇਆ ਅਤੇ ਉਹਨਾਂ ਨੂੰ ਖ਼ਤਮ ਕਰਨ ਦੀ ਯੋਜਨਾ ਬਣਾਈ |

### ਲੋਕਾਂ ਨੇ ਕੀ ਕੀਤਾ ਜਦੋਂ ਉਹ ਮੂਸਾ ਦੇ ਪਹਾੜ ਤੋਂ ਉਤਰਨ ਦੀ ਉਡੀਕ ਵਿੱਚ ਥੱਕ ਗਏ ?

ਉਹਨਾਂ ਨੇ ਹਾਰੂਨ ਨੂੰ ਕਿਹਾ ਕਿ ਉਹ ਉਹਨਾਂ ਲਈ ਇੱਕ ਸੋਨੇ ਦੀ ਮੂਰਤ ਬਣਾਵੇ ਅਤੇ ਤਦ ਉਹ ਉਸਦੀ ਉਪਾਸਨਾ ਕਰਨ ਅਤੇ ਉਸ ਅੱਗੇ ਬਲੀਆਂ ਦੇਣ ਲੱਗੇ |

### ਕਿਉਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਤਬਾਹ ਨਾ ਕੀਤਾ ਜਦੋਂ ਉਹਨਾਂ ਨੇ ਉਲੰਘਣਾ ਕੀਤੀ ?

ਕਿਉਂਕਿ ਮੂਸਾ ਨੇ ਉਹਨਾਂ ਲਈ ਪ੍ਰਾਰਥਨਾ ਕੀਤੀ |

---

## 13:13

ਪਰ ਮੂਸਾ ਨੇ ਉਹਨਾਂ ਲਈ ਪ੍ਰਾਰਥਨਾ ਕੀਤੀ ਅਤੇ ਪਰਮੇਸ਼ੁਰ ਨੇ ਉਸ ਦੀ ਪ੍ਰਾਰਥਨਾ ਨੂੰ ਸੁਣਿਆ ਅਤੇ ਉਹਨਾਂ ਦਾ ਨਾਸ਼ ਨਾ ਕੀਤਾ |ਜਦੋਂ ਮੂਸਾ ਹੇਠਾਂ ਉੱਤਰਿਆ ਅਤੇ ਮੂਰਤ ਨੂੰ ਦੇਖਿਆ ਉਹ ਬਹੁਤ ਗੁੱਸੇ ਹੋਇਆ ਕਿ ਉਸ ਨੇ ਉਹ ਪੱਥਰ ਦੀਆਂ ਫੱਟੀਆਂ ਚਕਨਾਚੂਰ ਕਰ ਦਿੱਤੀਆਂ ਜਿਹਨਾਂ ਉੱਤੇ ਪਰਮੇਸ਼ੁਰ ਨੇ ਦਸ ਹੁਕਮ ਲਿਖੇ ਸਨ |

### ਉਹਨਾਂ ਪੱਥਰਾਂ ਨਾਲ ਕੀ ਹੋਇਆ ਜਿਹਨਾਂ ਉੱਤੇ ਪਰਮੇਸ਼ੁਰ ਨੇ ਦਸ ਹੁਕਮ ਲਿਖੇ ਸਨ ?

ਮੂਸਾ ਗੁੱਸੇ ਵਿੱਚ ਸੀ ਅਤੇ ਉਸ ਨੇ ਪੱਥਰਾਂ ਨੂੰ ਤਬਾਹ ਕਰ ਦਿੱਤਾ |

---

## 13:14

ਤਦ ਮੂਸਾ ਨੇ ਮੂਰਤ ਨੂੰ ਪੀਸ ਕੇ ਪਾਣੀ ਉੱਤੇ ਸੁੱਟ ਦਿੱਤਾ ਅਤੇ ਅਤੇ ਲੋਕਾਂ ਨੂੰ ਉਹ ਪਾਣੀ ਪਿਆਇਆ |ਪਰਮੇਸ਼ੁਰ ਨੇ ਲੋਕਾਂ ਉੱਤੇ ਬਵਾ ਭੇਜੀ ਅਤੇ ਕਈ ਮਰ ਗਏ |

### ਮੂਸਾ ਨੇ ਮੂਰਤ ਨਾਲ ਕੀ ਕੀਤਾ ?

ਉਸ ਨੇ ਮੂਰਤ ਨੂੰ ਤੋੜ੍ਹ ਕੇ ਮਿੱਟੀ ਕਰ ਦਿੱਤਾ ਅਤੇ ਇਸ ਨੂੰ ਪਾਣੀ ਵਿੱਚ ਸੁੱਟ ਦਿੱਤਾ ਅਤੇ ਲੋਕਾਂ ਨੂੰ ਪਿਆਇਆ |

---

## 13:15

ਮੂਸਾ ਫੇਰ ਪਹਾੜ ਤੇ ਚੜ੍ਹ ਗਿਆ ਅਤੇ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਲੋਕਾਂ ਨੂੰ ਮਾਫ਼ ਕਰੇ |ਪਰਮੇਸ਼ੁਰ ਨੇ ਮੂਸਾ ਨੂੰ ਸੁਣਿਆ ਅਤੇ ਉਹਨਾਂ ਨੂੰ ਮਾਫ਼ ਕੀਤਾ |ਮੂਸਾ ਨੇ ਨਵੀਆਂ ਫੱਟੀਆਂ ਤੇ ਦਸ ਆਗਿਆਵਾਂ ਨੂੰ ਲਿਖਿਆ ਉਹਨਾਂ ਫੱਟੀਆਂ ਦੀ ਜਗ੍ਹਾ ਜੋ ਉਸ ਨੇ ਖ਼ਤਮ ਕਰ ਦਿੱਤੀਆਂ ਸਨ |ਤਦ ਪਰਮੇਸ਼ੁਰ ਨੇ ਸੀਨਈ ਪਹਾੜ ਤੋਂ ਵਾਇਦੇ ਦੇ ਦੇਸ ਵੱਲ ਇਸਰਾਏਲੀਆਂ ਦੀ ਅਗਵਾਈ ਕੀਤੀ |

### ਦਸ ਹੁਕਮ ਦੁਬਾਰਾ ਪੱਥਰਾਂ ਤੇ ਕਿਵੇਂ ਲਿਖੇ ਗਏ ?

ਮੂਸਾ ਨੇ ਨਵੇਂ ਪੱਥਰਾਂ ਉੱਤੇ ਦਸ ਹੁਕਮ ਲਿਖੇ |

### ਸੀਨਈ ਪਹਾੜ ਤੋਂ ਬਾਅਦ ਇਸਰਾਏਲੀ ਕਿੱਥੇ ਗਏ ?

ਪਰਮੇਸ਼ੁਰ ਨੇ ਇਸਰਾਏਲੀਆਂ ਦੀ ਅਗਵਾਈ ਵਾਅਦੇ ਦੇ ਦੇਸ਼ ਵੱਲ ਕੀਤੀ |

# ਜੰਗਲ ਵਿੱਚ ਘੁੰਮਣਾ

## 14:01

ਨੇਮ ਦੇ ਇੱਕ ਭਾਗ ਵਜੋਂ ਉਹ ਕਾਨੂੰਨ ਜੋ ਪਰਮੇਸ਼ੁਰ ਚਾਹੁੰਦਾ ਸੀ ਕਿ ਇਸਰਾਏਲੀ ਮੰਨਣ ਪਰਮੇਸ਼ੁਰ ਦੁਆਰਾ ਦੱਸਣ ਤੋਂ ਬਾਅਦ ਉਹ ਸੀਨਈ ਪਹਾੜ ਤੋਂ ਚੱਲ ਪਏ |ਪਰਮੇਸ਼ੁਰ ਨੇ ਉਹਨਾਂ ਦੀ ਵਾਇਦੇ ਦੇ ਦੇਸ ਵੱਲ ਅਗਵਾਈ ਕੀਤੀ ਜਿਸ ਨੂੰ ਕਨਾਨ ਕਿਹਾ ਜਾਂਦਾ ਸੀ |ਬੱਦਲ ਦਾ ਥੰਮ੍ਹ ਉਹਨਾਂ ਦੇ ਅੱਗੇ ਅੱਗੇ ਕਨਾਨ ਵੱਲ ਚੱਲ ਪਿਆ ਅਤੇ ਉਹ ਉਸਦੇ ਪਿੱਛੇ ਪਿੱਛੇ ਚੱਲਦੇ ਗਏ |

### ਸੀਨਈ ਪਰਬਤ ਛੱਡਣ ਤੋਂ ਬਾਅਦ ਪਰਮੇਸ਼ੁਰ ਨੇ ਇਸਰਾਏਲੀਆਂ ਦੀ ਕਿੱਥੇ ਲਈ ਅਗਵਾਈ ਕੀਤੀ ?

ਉਸ ਨੇ ਉਹਨਾਂ ਦੀ ਕਨਾਨ, ਜੋ ਕਿ ਵਾਅਦੇ ਦਾ ਦੇਸ਼ ਸੀ ਵੱਲ ਅਗਵਾਈ ਕੀਤੀ |

---

## 14:02

ਪਰਮੇਸ਼ੁਰ ਨੇ ਅਬਰਾਹਮ, ਇਸਹਾਕ ਅਤੇ ਯਾਕੂਬ ਨਾਲ ਵਾਇਦਾ ਕੀਤਾ ਸੀ ਕਿ ਉਹ ਉਹਨਾਂ ਦੀ ਔਲਾਦ ਨੂੰ ਵਾਇਦੇ ਦਾ ਦੇਸ ਦੇਵੇਗਾ ਪਰ ਹੁਣ ਉੱਥੇ ਬਹੁਤ ਸਾਰੇ ਲੋਕਾਂ ਦੇ ਸਮੂਹ ਰਹਿੰਦੇ ਸਨ |ਜਿਹਨਾਂ ਨੂੰ ਕਨਾਨੀ ਕਿਹਾ ਜਾਂਦਾ ਸੀ |ਕਨਾਨੀ ਪਰਮੇਸ਼ੁਰ ਦੀ ਅਰਾਧਨਾ ਨਹੀਂ ਕਰਦੇ ਸਨ ਅਤੇ ਨਾ ਹੀ ਉਸਦੀ ਆਗਿਆ ਮੰਨਦੇ ਸਨ |ਉਹ ਝੂਠੇ ਦੇਵਤਿਆਂ ਦੀ ਪੂਜਾ ਕਰਦੇ ਅਤੇ ਬਹੁਤ ਬੁਰੇ ਕੰਮ ਕਰਦੇ ਸਨ |

---

## 14:03

ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਿਹਾ, "ਤੁਸੀਂ ਇਹਨਾਂ ਸਾਰੇ ਕਨਾਨੀਆਂ ਨੂੰ ਵਾਇਦੇ ਦੇ ਦੇਸ ਵਿੱਚੋਂ ਬਾਹਰ ਕੱਢੋ| ਉਹਨਾਂ ਨਾਲ ਸਾਂਝ ਨਾ ਪਾਓ ਅਤੇ ਉਹਨਾਂ ਵਿੱਚ ਵਿਆਹ ਨਾ ਕਰੋ |ਤੁਸੀਂ ਬਿਲਕੁੱਲ ਉਹਨਾਂ ਦੀਆਂ ਮੂਰਤਾਂ ਨੂੰ ਨਸ਼ਟ ਕਰ ਦੇਵੋ |ਜੇਕਰ ਤੁਸੀਂ ਮੇਰੀ ਆਗਿਆ ਨਹੀਂ ਮੰਨੋਗੇ ਅਤੇ ਇਸ ਦੀ ਬਜਾਇ ਉਹਨਾਂ ਦੀਆਂ ਮੂਰਤਾਂ ਦੀ ਪੂਜਾ ਕਰੋਗੇ |"

### ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਨਾਨੀਆਂ ਨਾਲ ਕੀ ਕਰਨ ਨੂੰ ਕਿਹਾ ?

ਉਸ ਨੇ ਉਹਨਾਂ ਨੂੰ ਕਿਹਾ ਕਿ ਉਹਨਾਂ ਸਾਰਿਆਂ ਨੂੰ ਖ਼ਤਮ ਕਰ ਦੇਵੋ ਅਤੇ ਉਹਨਾਂ ਨਾਲ ਸ਼ਾਂਤੀ ਨਹੀਂ ਰੱਖਣੀ, ਉਹਨਾਂ ਨਾਲ ਵਿਆਹ ਨਹੀਂ ਕਰਨੇ ਅਤੇ ਉਹਨਾਂ ਦੀਆਂ ਸਾਰੀਆਂ ਮੂਰਤੀਆਂ ਨੂੰ ਤਬਾਹ ਕਰ ਦੇਵੋ |

---

## 14:04

ਜਦੋਂ ਇਸਰਾਏਲੀ ਕਨਾਨ ਦੀਆਂ ਹੱਦਾਂ ਤੇ ਪਹੁੰਚੇ, ਮੂਸਾ ਨੇ ਇਸਰਾਏਲ ਦੇ ਬਾਰਾਂ ਗੋਤਾਂ ਵਿੱਚੋਂ ਬਾਰਾਂ ਮਨੁੱਖ ਚੁਣੇ |ਉਸ ਨੇ ਉਹਨਾਂ ਮਨੁੱਖਾਂ ਨੂੰ ਹਦਾਇਤਾਂ ਦਿੱਤੀਆਂ ਕਿ ਦੇਸ ਵਿੱਚ ਜਾਣ ਅਤੇ ਸੂਹ ਲੈਣ ਕਿ ਇਹ ਕਿਹੋ ਜਿਹਾ ਲੱਗਦਾ ਹੈ |ਉਹਨਾਂ ਨੇ ਇਹ ਵੀ ਸੂਹ ਲੈਣੀ ਸੀ ਕਿ ਕੀ ਕਨਾਨੀ ਤਕੜੇ ਜਾਂ ਮਾੜੇ ਹਨ ਅਤੇ ਥੋੜ੍ਹੇ ਹਨ ਜਾਂ ਬਹੁਤੇ ਹਨ |

---

## 14:05

ਇਹ ਬਾਰਾਂ ਆਦਮੀ ਕਨਾਨ ਵਿੱਚ ਚਾਲੀ ਦਿਨ ਫਿਰਦੇ ਰਹੇ ਅਤੇ ਵਾਪਸ ਆਏ |ਉਹਨਾਂ ਨੇ ਲੋਕਾਂ ਨੂੰ ਦੱਸਿਆ, “ਦੇਸ ਬਹੁਤ ਉਪਜਾਊ ਹੈ ਅਤੇ ਫਸਲ ਬਹੁਤ ਹੈ |ਪਰ ਤਿੰਨ ਭੇਦੀਆਂ ਨੇ ਕਿਹਾ, “ਸ਼ਹਿਰ ਬਹੁਤ ਮਜ਼ਬੂਤ ਹਨ ਅਤੇ ਲੋਕ ਬਲਵਾਨ ਹਨ !ਜੇਕਰ ਅਸੀਂ ਉਹਨਾਂ ਉੱਤੇ ਹਮਲਾ ਕਰੀਏ ਤਾਂ ਉਹ ਜ਼ਰੂਰ ਸਾਨੂੰ ਹਰਾ ਦੇਣਗੇ ਅਤੇ ਮਾਰ ਦੇਣਗੇ !”

### ਕਨਾਨ ਦੇਸ਼ ਬਾਰੇ ਬਾਰਾਂ ਭੇਤੀਆਂ ਨੇ ਕੀ ਕਿਹਾ ?

ਦੇਸ਼ ਬਹੁਤ ਉਪਜਾਊ ਹੈ ਅਤੇ ਫ਼ਸਲ ਬਹੁਤੀ ਹੈ |

### ਕਿਉਂ ਦਸ ਭੇਤੀਆਂ ਨੇ ਕਿਹਾ ਕਿ ਇਸਰਾਏਲੀਆਂ ਨੂੰ ਕਨਾਨ ਦੇਸ਼ ਦੇ ਲੋਕਾਂ ਉੱਤੇ ਹਮਲਾ ਨਹੀਂ ਕਰਨਾ ਚਾਹੀਦਾ ?

ਉਹਨਾਂ ਨੇ ਕਿਹਾ, “ਸ਼ਹਿਰ ਮਜ਼ਬੂਤ ਹਨ ਅਤੇ ਲੋਕ ਬਲਵਾਨ ਹਨ |ਜੇ ਅਸੀਂ ਉਹਨਾਂ ਉੱਤੇ ਹਮਲਾ ਕਰੀਏ ਉਹ ਸਾਨੂੰ ਹਰਾ ਦੇਣਗੇ ਅਤੇ ਮਾਰ ਦੇਣਗੇ !”

---

## 14:06

ਇੱਕ ਦਮ ਦੋ ਦੂਸਰੇ ਭੇਦੀ ਕਾਲੇਬ ਅਤੇ ਯਹੋਸ਼ੁਆ ਬੋਲੇ, “ਇਹ ਸੱਚ ਹੈ ਕਿ ਕਨਾਨ ਦੇ ਲੋਕ ਲੰਬੇ ਅਤੇ ਤਕੜੇ ਹਨ ਪਰ ਅਸੀਂ ਸੱਚ ਮੁਚ ਉਹਨਾਂ ਨੂੰ ਹਰਾ ਦੇਵਾਂਗੇ !ਪਰਮੇਸ਼ੁਰ ਸਾਡੇ ਲਈ ਯੁੱਧ ਲੜੇਗਾ !”

### ਯਹੋਸ਼ੁਆ ਅਤੇ ਕਾਲੇਬ ਨੇ ਕਨਾਨ ਦੇ ਲੋਕਾਂ ਬਾਰੇ ਕੀ ਕਿਹਾ ?

ਲੋਕ ਤਕੜੇ ਹਨ ਪਰ ਅਸੀਂ ਉਹਨਾਂ ਨੂੰ ਹਰਾ ਸਕਦੇ ਹਾਂ,ਯਹੋਵਾਹ ਸਾਡੇ ਲਈ ਲੜੇਗਾ !

---

## 14:07

ਪਰ ਲੋਕਾਂ ਨੇ ਕਾਲੇਬ ਅਤੇ ਯਹੋਸ਼ੁਆ ਦੀ ਨਾ ਸੁਣੀ |ਉਹ ਮੂਸਾ ਅਤੇ ਹਾਰੂਨ ਨਾਲ ਗੁੱਸੇ ਹੋਏ ਅਤੇ ਕਿਹਾ, “ਕਿਉਂ ਤੂੰ ਸਾਨੂੰ ਇਸ ਭਿਆਨਕ ਜਗ੍ਹਾ ਤੇ ਲੈ ਕੇ ਆਇਆ ਹੈਂ ?ਇੱਥੇ ਯੁੱਧ ਵਿੱਚ ਮਰਨ ਨਾਲੋਂ ਸਾਡੇ ਲਈ ਮਿਸਰ ਵਿੱਚ ਰਹਿਣਾ ਚੰਗਾ ਸੀ ਜਿੱਥੇ ਸਾਡੀਆਂ ਤੀਵੀਆਂ ਅਤੇ ਬੱਚੇ ਗੁਲਾਮ ਹੁੰਦੇ |”ਲੋਕ ਦੂਸਰਾ ਅਗੂਆ ਲੱਭਣਾ ਚਾਹੁੰਦੇ ਸਨ ਜੋ ਉਹਨਾਂ ਨੂੰ ਵਾਪਸ ਮਿਸਰ ਵਿੱਚ ਲੈ ਜਾਵੇ |

### ਭੇਤੀਆਂ ਦਾ ਵਿਰਤਾਂਤ ਸੁਣਨ ਤੋਂ ਬਾਅਦ ਲੋਕਾਂ ਨੇ ਕੀ ਕਰਨਾ ਚਾਹਿਆ ?

ਉਹਨਾਂ ਨੇ ਇੱਕ ਹੋਰ ਆਗੂ ਚੁਣਨਾ ਚਾਹਿਆ ਤਾਂਕਿ ਉਹ ਮਿਸਰ ਵਾਪਸ ਚਲੇ ਜਾਣ |

---

## 14:08

ਪਰਮੇਸ਼ੁਰ ਬਹੁਤ ਗੁੱਸੇ ਹੋਇਆ ਅਤੇ ਕਿਹਾ ਸਭ ਮਿਲਾਪ ਦੇ ਤੰਬੂ ਕੋਲ ਆਓ |ਪਰਮੇਸ਼ੁਰ ਨੇ ਕਿਹਾ, “ਕਿਉਂਕਿ ਤੁਸੀਂ ਮੇਰੇ ਵਿਰੁੱਧ ਬਲਵਾ ਕੀਤਾ ਹੈ ਇਸ ਲਈ ਸਾਰੇ ਲੋਕ ਇਸ ਜੰਗਲ ਵਿੱਚ ਭਟਕਣਗੇ |ਕਾਲੇਬ ਅਤੇ ਯਹੋਸ਼ੁਆ ਨੂੰ ਛੱਡ ਕੇ ਜਿੰਨੇ ਵੀਹ ਸਾਲ ਦੀ ਉਮਰ ਤੋਂ ਉੱਤੇ ਜਾ ਵੀਹ ਸਾਲ ਦੇ ਹਨ ਕਦੀ ਵੀ ਵਾਇਦੇ ਦੇ ਦੇਸ ਵਿੱਚ ਨਾ ਜਾਣਗੇ |”

### ਪਰਮੇਸ਼ੁਰ ਨੇ ਕਿਵੇਂ ਕਿਹਾ ਕਿ ਉਹ ਲੋਕਾਂ ਨੂੰ ਉਹਨਾਂ ਦੀ ਉਲੰਘਣਾ ਦੀ ਸਜਾ ਦੇਵੇਗਾ ?

ਯਹੋਸ਼ੁਆ ਅਤੇ ਕਾਲੇਬ ਨੂੰ ਛੱਡ ਕੇ ਜਦ ਤੱਕ ਬਾਕੀ ਸਾਰੇ ਜਿਹੜੇ ਵੀਹ ਸਾਲ ਦੇ ਅਤੇ ਉਸ ਤੋਂ ਉੱਪਰ ਦੇ ਹਨ ਮਰ ਨਹੀਂ ਜਾਂਦੇ ਉਹ ਜੰਗਲ ਵਿੱਚ ਘੁੰਮਣਗੇ |

---

## 14:09

ਜਦੋਂ ਲੋਕਾਂ ਨੇ ਇਹ ਸੁਣਿਆ ਉਹ ਉਦਾਸ ਹੋਏ ਕਿ ਉਹਨਾਂ ਨੇ ਪਾਪ ਕੀਤਾ ਸੀ |ਉਹਨਾਂ ਨੇ ਆਪਣੇ ਹੱਥਿਆਰ ਲਏ ਅਤੇ ਕਨਾਨ ਦੇ ਲੋਕਾਂ ਉੱਤੇ ਹਮਲਾ ਕਰਨ ਲਈ ਨਿੱਕਲੇ |ਮੂਸਾ ਨੇ ਉਹਨਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਨਾ ਜਾਣ ਕਿਉਂਕਿ ਪਰਮੇਸ਼ੁਰ ਉਹਨਾਂ ਦੇ ਸੰਗ ਨਹੀਂ ਸੀ ਪਰ ਉਹਨਾਂ ਨੇ ਉਸ ਦੀ ਨਾ ਸੁਣੀ |

---

## 14:10

ਪਰਮੇਸ਼ੁਰ ਉਹਨਾਂ ਨਾਲ ਯੁੱਧ ਵਿੱਚ ਨਹੀਂ ਗਿਆ ਇਸ ਲਈ ਉਹ ਹਾਰ ਗਏ ਅਤੇ ਕਈ ਮਾਰੇ ਗਏ |ਤਦ ਇਸਰਾਏਲੀ ਕਨਾਨ ਤੋਂ ਵਾਪਸ ਆਏ ਅਤੇ ਜੰਗਲ ਵਿੱਚ ਚਾਲੀ ਸਾਲ ਘੁਮੰਦੇ ਰਹੇ |

### ਕਿਉਂ ਇਸਰਾਏਲੀ ਹਾਰ ਗਏ ਜਦੋਂ ਉਹਨਾਂ ਨੇ ਕਨਾਨੀਆਂ ਤੇ ਹਮਲਾ ਕੀਤਾ ?

ਕਿਉਂਕਿ ਪਰਮੇਸ਼ੁਰ ਉਹਨਾਂ ਦੇ ਨਾਲ ਯੁੱਧ ਵਿੱਚ ਨਹੀਂ ਗਿਆ |

---

## 14:11

ਚਾਲੀ ਸਾਲ ਲੋਕਾਂ ਦੇ ਜੰਗਲ ਵਿੱਚ ਘੁੰਮਣ ਦੇ ਸਮੇਂ ਪਰਮੇਸ਼ੁਰ ਨੇ ਉਹਨਾਂ ਲਈ ਮੁਹੱਈਆ ਕੀਤਾ |ਉਸ ਨੇ ਉਹਨਾਂ ਨੂੰ ਸਵਰਗ ਤੋਂ ਰੋਟੀ ਦਿੱਤੀ ਜਿਸਨੂੰ "ਮੰਨਾ " ਕਹਿੰਦੇ ਸਨ |ਉਸ ਨੇ ਉਹਨਾਂ ਦੇ ਤੰਬੂਆਂ ਵਿੱਚ ਬਟੇਰਿਆਂ (ਜੋ ਆਮ ਅਕਾਰ ਦੇ ਪੰਛੀ ਹੁੰਦੇ ਹਨ) ਦੇ ਝੁੰਡ ਵੀ ਭੇਜੇ ਕਿ ਉਹ ਮੀਟ ਖਾ ਸਕਣ | ਇਸ ਸਾਰੇ ਸਮੇਂ ਦੌਰਾਨ ਪਰਮੇਸ਼ੁਰ ਨੇ ਉਹਨਾਂ ਦੇ ਕੱਪੜੇ ਅਤੇ ਜੁੱਤੀਆਂ ਨਾ ਘਸਣ ਦਿੱਤੀਆਂ |

### ਕਿੰਨਾ ਸਮਾਂ ਇਸਰਾਏਲੀ ਜੰਗਲ ਵਿੱਚ ਘੁੰਮਦੇ ਰਹੇ ?

ਚਾਲੀ ਸਾਲ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਜੰਗਲ ਵਿੱਚ ਇਸਰਾਏਲੀਆਂ ਲਈ ਮੁਹੱਇਆ ਕੀਤਾ ?

ਉਸ ਨੇ ਉਹਨਾਂ ਨੂੰ "ਮੰਨਾ", ਬਟੇਰਿਆਂ ਦੇ ਝੁੰਡ ਦਿੱਤੇ ਅਤੇ ਉਹਨਾਂ ਦੇ ਕੱਪੜੇ ਅਤੇ ਜੁੱਤੀਆਂ ਨਾ ਫਟੀਆਂ |

---

## 14:12

ਇੱਥੋਂ ਤੱਕ ਕੇ ਪਰਮੇਸ਼ੁਰ ਨੇ ਚਮਤਕਾਰੀ ਢੰਗ ਨਾਲ ਉਹਨਾਂ ਨੂੰ ਚੱਟਾਨ ਵਿੱਚੋਂ ਪਾਣੀ ਵੀ ਪਿਲਾਇਆ |ਪਰ ਇਸ ਸਭ ਦੇ ਬਾਵਯੂਦ ਵੀ ਇਸਰਾਏਲ ਦੇ ਲੋਕਾਂ ਨੇ ਪਰਮੇਸ਼ੁਰ ਅਤੇ ਮੂਸਾ ਦੇ ਵਿਰੁੱਧ ਸ਼ਿਕਾਇਤ ਕੀਤੀ ਅਤੇ ਕੁੜਕੁੜਾਏ |ਫਿਰ ਵੀ ਪਰਮੇਸ਼ੁਰ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਕੀਤੇ ਆਪਣੇ ਵਾਇਦੇ ਪ੍ਰਤੀ ਵਫ਼ਾਦਾਰ ਸੀ |

### ਜਦੋਂ ਲੋਕ ਕੁੜ ਕੁੜਾਏ ਅਤੇ ਪਰਮੇਸ਼ੁਰ ਨੂੰ ਉਲਾਹਮਾਂ ਦੇਣ ਲੱਗੇ ਤਾਂ ਪਰਮੇਸ਼ੁਰ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ?

ਪਰਮੇਸ਼ੁਰ ਤਦ ਵੀ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਕੀਤੇ ਵਾਅਦੇ ਪ੍ਰਤੀ ਵਫ਼ਾਦਾਰ ਸੀ |

---

## 14:13

ਇੱਕ ਹੋਰ ਸਮੇਂ ਤੇ ਜਦੋਂ ਲੋਕਾਂ ਕੋਲ ਪਾਣੀ ਨਹੀਂ ਸੀ, ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, "ਚੱਟਾਨ ਨੂੰ ਬੋਲ ਅਤੇ ਇਸ ਵਿੱਚੋਂ ਪਾਣੀ ਨਿੱਕਲ ਆਵੇਗਾ |"ਪਰ ਮੂਸਾ ਨੇ ਸਾਰੇ ਲੋਕਾਂ ਦੇ ਸਾਹਮਣੇ ਚੱਟਾਨ ਨੂੰ ਬੋਲਣ ਦੀ ਬਜਾਇ ਆਪਣੀ ਸੋਟੀ ਨਾਲ ਦੋ ਵਾਰ ਮਾਰ ਕੇ ਪਰਮੇਸ਼ੁਰ ਦਾ ਅਨਾਦਰ ਕੀਤਾ |ਸਭ ਦੇ ਪੀਣ ਲਈ ਚੱਟਾਨ ਵਿੱਚੋਂ ਪਾਣੀ ਬਾਹਰ ਆਇਆ ਪਰ ਪਰਮੇਸ਼ੁਰ ਮੂਸਾ ਨਾਲ ਗੁੱਸੇ ਸੀ ਅਤੇ ਕਿਹਾ, "ਤੂੰ ਵਾਇਦੇ ਦੇ ਦੇਸ ਵਿੱਚ ਪ੍ਰਵੇਸ਼ ਨਹੀਂ ਕਰੇਗਾ |"

### ਪਰਮੇਸ਼ੁਰ ਮੂਸਾ ਦੁਆਰਾ ਚੱਟਾਨ ਨੂੰ ਮਾਰਨ ਦੇ ਕਾਰਨ ਕਿਉਂ ਗੁੱਸੇ ਸੀ ?

ਕਿਉਂਕਿ ਮੂਸਾ ਨੇ ਪਰਮੇਸ਼ੁਰ ਦੇ ਕਹੇ ਅਨੁਸਾਰ ਚੱਟਾਨ ਨੂੰ ਹੁਕਮ ਨਾ ਦੇ ਕੇ ਪਰਮੇਸ਼ੁਰ ਦਾ ਅਨਾਦਰ ਕੀਤਾ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਮੂਸਾ ਦੀ ਉਲੰਘਣਾ ਦੀ ਸਜ਼ਾ ਦਿੱਤੀ ?

ਪਰਮੇਸ਼ੁਰ ਨੇ ਕਿਹਾ ਕੀ ਮੂਸਾ ਵਾਅਦੇ ਦੇ ਦੇਸ਼ ਵਿੱਚ ਪ੍ਰਵੇਸ਼ ਨਹੀਂ ਕਰੇਗਾ |

---

## 14:14

ਜੰਗਲ ਵਿੱਚ ਇਸਰਾਏਲ ਦੇ ਚਾਲੀ ਸਾਲ ਘੁੰਮਣ ਦੇ ਬਾਅਦ, ਉਹ ਸਭ ਜਿਹਨਾਂ ਨੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕੀਤਾ ਸੀ ਮਰ ਗਏ ਸਨ |ਤਦ ਦੁਬਾਰਾ ਫੇਰ ਪਰਮੇਸ਼ੁਰ ਲੋਕਾਂ ਨੂੰ ਵਾਇਦੇ ਦੇ ਦੇਸ ਦੇ ਕਿਨਾਰੇ ਤੇ ਲੈ ਕੇ ਗਿਆ |ਹੁਣ ਮੂਸਾ ਬਹੁਤ ਬੁੱਢਾ ਹੋ ਚੁੱਕਾ ਸੀ ਇਸ ਲਈ ਪਰਮੇਸ਼ੁਰ ਨੇ ਲੋਕਾਂ ਦੀ ਅਗੁਵਾਈ ਕਰਨ ਲਈ ਯਹੋਸ਼ੁਆ ਨੂੰ ਚੁਣਿਆ |ਪਰਮੇਸ਼ੁਰ ਨੇ ਮੂਸਾ ਨਾਲ ਇਹ ਵਾਇਦਾ ਵੀ ਕੀਤਾ ਕਿ ਇੱਕ ਦਿਨ ਫੇਰ ਉਹ ਮੂਸਾ ਜਿਹਾ ਨਬੀ ਭੇਜੇਗਾ |

### ਪਰਮੇਸ਼ੁਰ ਨੇ ਭਵਿੱਖ ਵਿੱਚ ਇੱਕ ਦਿਨ ਕਿਸ ਨੂੰ ਭੇਜਣ ਦਾ ਵਾਆਦਾ ਕੀਤਾ ?

ਮੂਸਾ ਵਰਗੇ ਇੱਕ ਹੋਰ ਨਬੀ ਨੂੰ |

---

## 14:15

ਤਦ ਪਰਮੇਸ਼ੁਰ ਨੇ ਮੂਸਾ ਨੂੰ ਪਹਾੜ ਦੀ ਚੋਟੀ ਤੇ ਜਾਣ ਨੂੰ ਕਿਹਾ ਤਾਂ ਕਿ ਉਹ ਵਾਇਦੇ ਦੇ ਦੇਸ ਨੂੰ ਦੇਖ ਸਕੇ |ਮੂਸਾ ਨੇ ਵਾਇਦੇ ਦੇ ਦੇਸ ਨੂੰ ਦੇਖਿਆ ਪਰ ਪਰਮੇਸ਼ੁਰ ਨੇ ਉਸ ਨੂੰ ਉਸ ਵਿੱਚ ਵੜਨ ਦੀ ਆਗਿਆ ਨਾ ਦਿੱਤੀ |ਤਦ ਮੂਸਾ ਮਰ ਗਿਆ, ਅਤੇ ਇਸਰਾਏਲੀਆਂ ਨੇ ਤੀਹ ਦਿਨ ਉਸ ਲਈ ਸੋਗ ਕੀਤਾ | ਯਹੋਸ਼ੁਆ ਉਹਨਾਂ ਦਾ ਨਵਾਂ ਅਗੁਵਾ ਬਣ ਗਿਆ |ਯਹੋਸ਼ੁਆ ਇੱਕ ਚੰਗਾ ਅਗੁਵਾ ਸੀ ਕਿਉਂਕਿ ਉਹ ਪਰਮੇਸ਼ੁਰ ਤੇ ਭਰੋਸਾ ਰੱਖਦਾ ਸੀ ਅਤੇ ਉਸਦੀ ਆਗਿਆ ਮੰਨਦਾ ਸੀ |

### ਮੂਸਾ ਦੇ ਮਰਨ ਤੋਂ ਬਾਅਦ ਕਿਸ ਨੇ ਇਸਰਾਏਲੀਆਂ ਦੀ ਅਗਵਾਈ ਕੀਤੀ ?

ਯਹੋਸ਼ੁਆ |

### ਯਹੋਸ਼ੁਆ ਕਿਸ ਪ੍ਰਕਾਰ ਦਾ ਆਗੂ ਸੀ ?

ਉਹ ਬਹੁਤ ਚੰਗਾ ਆਗੂ ਸੀ ਕਿਉਂਕਿ ਉਸ ਨੇ ਪਰਮੇਸ਼ੁਰ ਦਾ ਭਰੋਸਾ ਕੀਤਾ ਅਤੇ ਆਗਿਆਕਾਰੀ ਕੀਤੀ |

# ਵਾਇਦੇ ਦਾ ਦੇਸ

## 15:01

ਆਖ਼ਿਰਕਾਰ ਸਮਾਂ ਆ ਗਿਆ ਕਿ ਇਸਰਾਏਲੀ ਕਨਾਨ ਅਰਥਾਤ ਵਾਇਦੇ ਦੇ ਦੇਸ ਵਿੱਚ ਪ੍ਰਵੇਸ਼ ਕਰਨ |ਯਹੋਸ਼ੁਆ ਨੇ ਦੋ ਭੇਦੀ ਇੱਕ ਕਨਾਨੀ ਸ਼ਹਿਰ ਯਰੀਹੋ ਵਿੱਚ ਭੇਜੇ ਜੋ ਇੱਕ ਬਹੁਤ ਤਕੜੀ ਦੀਵਾਰ ਨਾਲ ਸੁਰੱਖਿਅਤ ਸੀ |ਉਸ ਸ਼ਹਿਰ ਵਿੱਚ ਇੱਕ ਰਹਾਬ ਨਾਮ ਦੀ ਬੇਸ਼ਵਾ ਰਹਿੰਦੀ ਸੀ ਜਿਸ ਨੇ ਇਹਨਾਂ ਭੇਦੀਆਂ ਨੂੰ ਲੁਕਾਇਆ ਅਤੇ ਬਾਅਦ ਵਿੱਚ ਬਚ ਨਿਕਲਨ ਵਿੱਚ ਮਦਦ ਵੀ ਕੀਤੀ |ਉਸ ਨੇ ਇਸ ਲਈ ਅਜਿਹਾ ਕੀਤਾ ਕਿਉਂਕਿ ਉਹ ਪਰਮੇਸ਼ੁਰ ਤੇ ਭਰੋਸਾ ਰੱਖਦੀ ਸੀ |ਉਹਨਾਂ ਨੇ ਰਹਾਬ ਨਾਲ ਵਾਇਦਾ ਕੀਤਾ ਕਿ ਜਦੋਂ ਇਸਰਾਏਲੀ ਯਰੀਹੋ ਨੂੰ ਨਾਸ਼ ਕਰਨਗੇ ਤਾਂ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਬਚਾਉਣਗੇ |

### ਖੋਜੀਆਂ ਨੇ ਰਹਾਬ ਵੇਸ਼ਵਾ ਨਾਲ ਕੀ ਕਰਨ ਦਾ ਵਾਅਦਾ ਕੀਤਾ ?

ਉਹਨਾਂ ਨੇ ਵਾਅਦਾ ਕੀਤਾ ਕਿ ਉਹ ਰਹਾਬ ਅਤੇ ਉਸਦੇ ਪਰਿਵਾਰ ਨੂੰ ਬਚਾਉਣਗੇ ਜਦੋਂ ਉਹ ਯਰੀਹੋ ਨੂੰ ਤਬਾਹ ਕਰਨਗੇ |

---

## 15:02

ਵਾਇਦੇ ਦੇ ਦੇਸ ਵਿੱਚ ਪ੍ਰਵੇਸ਼ ਕਰਨ ਲਈ ਇਸਰਾਏਲੀਆਂ ਨੇ ਯਰਦਨ ਨਦੀ ਨੂੰ ਪਾਰ ਕਰਨਾ ਸੀ | ਪਰਮੇਸ਼ੁਰ ਨੇ ਯਹੋਸ਼ੁਆ ਨੂੰ ਕਿਹਾ, “ਪਹਿਲਾਂ ਜਾਜ਼ਕਾਂ ਨੂੰ ਜਾਣ ਦੇਵੀਂ |”ਜਦੋਂ ਜਾਜ਼ਕਾਂ ਨੇ ਯਰਦਨ ਨਦੀ ਵਿੱਚ ਆਪਣੇ ਪੈਰ ਪਾਏ ਤਾਂ ਪਾਣੀ ਵਹਿਣਾ ਬੰਦ ਹੋ ਗਿਆ ਤਾਂ ਕਿ ਇਸਰਾਏਲੀ ਨਦੀ ਦੇ ਦੂਸਰੇ ਪਾਸੇ ਜਾ ਸਕਣ |

### ਇਸਰਾਏਲੀ ਯਰਦਨ ਨਦੀ ਨੂੰ ਪਾਰ ਕਰਨ ਦੇ ਯੋਗ ਕਿਵੇਂ ਬਣੇ ?

ਜਦੋਂ ਜ਼ਾਜਕਾਂ ਨੇ ਯਰਦਨ ਨਦੀ ਵਿੱਚ ਪੈਰ ਧਰੇ ਤਾਂ ਪਾਣੀ ਵਹਿਣਾ ਬੰਦ ਹੋ ਗਿਆ |

---

## 15:03

ਲੋਕਾਂ ਦੁਆਰਾ ਯਰਦਨ ਨਦੀ ਪਾਰ ਕਰਨ ਤੋਂ ਬਾਅਦ, ਪਰਮੇਸ਼ੁਰ ਨੇ ਯਹੋਸ਼ੁਆ ਨੂੰ ਦੱਸਿਆ ਕਿ ਕਿਸ ਤਰ੍ਹਾਂ ਸ਼ਕਤੀਸ਼ਾਲੀ ਸ਼ਹਿਰ ਯਰੀਹੋ ਤੇ ਹਮਲਾ ਕਰਨਾ ਹੈ |ਲੋਕਾਂ ਨੇ ਪਰਮੇਸ਼ੁਰ ਦਾ ਹੁਕਮ ਮੰਨਿਆ |ਜਿਵੇਂ ਪਰਮੇਸ਼ੁਰ ਨੇ ਉਹਨਾਂ ਨੂੰ ਕਰਨ ਲਈ ਕਿਹਾ ਸੀ, ਇਸਰਾਏਲੀਆਂ ਨੇ ਯਰੀਹੋ ਸ਼ਹਿਰ ਦੇ ਚੁਫ਼ੇਰੇ ਹਰ ਰੋਜ਼ ਛੇ ਦਿਨ ਚੱਕਰ ਲਾਏ |

### ਇਸਰਾਏਲੀਆਂ ਨੇ ਯਰੀਹੋ ਉੱਤੇ ਕਿਸ ਤਰ੍ਹਾਂ ਹਮਲਾ ਕੀਤਾ ?

ਉਹਨਾਂ ਨੇ ਛੇ ਦਿਨ ਤੀਕ ਸ਼ਹਿਰ ਦੇ ਦੁਆਲੇ ਹਰ ਦਿਨ ਇੱਕ ਚੱਕਰ ਲਾਇਆ ਅਤੇ ਸੱਤਵੇਂ ਦਿਨ ਉਹਨਾਂ ਨੇ ਸੱਤ ਵਾਰ ਚੱਕਰ ਲਾਇਆ |ਜਦੋਂ ਉਹਨਾਂ ਨੇ ਆਖ਼ਰੀ ਵਾਰ ਸ਼ਹਿਰ ਦਾ ਚੱਕਰ ਲਾਇਆ ਤਾਂ ਜ਼ਾਜਕਾਂ ਨੇ ਆਪਣੀਆਂ ਤੁਰ੍ਹੀਆਂ ਫੂਕੀਆਂ ਅਤੇ ਸਿਪਾਹੀਆਂ ਨੇ ਜੈਕਾਰਾ ਲਾਇਆ |

---

## 15:04

ਤਦ ਸੱਤਵੇਂ ਦਿਨ, ਇਸਰਾਏਲੀਆਂ ਨੇ ਸ਼ਹਿਰ ਦੇ ਚੁਫ਼ੇਰੇ ਸੱਤ ਵਾਰ ਚੱਕਰ ਲਾਏ |ਜਦੋਂ ਉਹਨਾਂ ਨੇ ਸ਼ਹਿਰ ਦੇ ਚੁਫ਼ੇਰੇ ਆਖ਼ਰੀ ਚੱਕਰ ਲਾਇਆ ਜਾਜ਼ਕਾਂ ਨੇ ਤੁਰ੍ਹੀਆਂ ਵਜਾਈਆਂ ਅਤੇ ਸਿਪਾਹੀਆਂ ਨੇ ਨਾਰੇ ਗਜਾਏ |

### ਇਸਰਾਏਲੀਆਂ ਨੇ ਯਰੀਹੋ ਉੱਤੇ ਕਿਸ ਤਰ੍ਹਾਂ ਹਮਲਾ ਕੀਤਾ ?

ਉਹਨਾਂ ਨੇ ਛੇ ਦਿਨ ਤੀਕ ਸ਼ਹਿਰ ਦੇ ਦੁਆਲੇ ਹਰ ਦਿਨ ਇੱਕ ਚੱਕਰ ਲਾਇਆ ਅਤੇ ਸੱਤਵੇਂ ਦਿਨ ਉਹਨਾਂ ਨੇ ਸੱਤ ਵਾਰ ਚੱਕਰ ਲਾਇਆ |ਜਦੋਂ ਉਹਨਾਂ ਨੇ ਆਖ਼ਰੀ ਵਾਰ ਸ਼ਹਿਰ ਦਾ ਚੱਕਰ ਲਾਇਆ ਤਾਂ ਜ਼ਾਜਕਾਂ ਨੇ ਆਪਣੀਆਂ ਤੁਰ੍ਹੀਆਂ ਫੂਕੀਆਂ ਅਤੇ ਸਿਪਾਹੀਆਂ ਨੇ ਜੈਕਾਰਾ ਲਾਇਆ |

---

## 15:05

ਤਦ ਯਰੀਹੋ ਦੇ ਚੁਫ਼ੇਰੇ ਦੀਵਾਰ ਡਿੱਗ ਪਈ |ਇਸਰਾਏਲੀਆਂ ਨੇ ਸ਼ਹਿਰ ਵਿੱਚੋਂ ਸਭ ਕੁੱਝ ਨਾਸ਼ ਕਰ ਦਿੱਤਾ ਜਿਵੇਂ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ |ਉਹਨਾਂ ਸਿਰਫ਼ ਰਹਾਬ ਅਤੇ ਉਸਦੇ ਪਰਿਵਾਰ ਨੂੰ ਬਚਾਇਆ ਜੋ ਇਸਰਾਏਲੀਆਂ ਦਾ ਹਿੱਸਾ ਬਣ ਗਏ ਸਨ |ਜਦੋਂ ਕਨਾਨ ਵਿੱਚ ਰਹਿੰਦੇ ਦੂਸਰੇ ਲੋਕਾਂ ਨੇ ਸੁਣਿਆ ਕਿ ਇਸਰਾਏਲੀਆਂ ਨੇ ਯਰੀਹੋ ਸ਼ਹਿਰ ਤਬਾਹ ਕਰ ਦਿੱਤਾ ਹੈ ਉਹ ਬਹੁਤ ਡਰ ਗਏ ਕਿ ਇਸਰਾਏਲੀ ਉਹਨਾਂ ਉੱਤੇ ਵੀ ਹਮਲਾ ਕਰਨਗੇ |

### ਜਦੋਂ ਜ਼ਾਜਕਾਂ ਨੇ ਤੁਰ੍ਹੀਆਂ ਫੂਕੀਆਂ ਅਤੇ ਸਿਪਾਹੀਆਂ ਨੇ ਜੈਕਾਰਾ ਲਾਇਆ ਤਦ ਕੀ ਹੋਇਆ?

ਯਰੀਹੋ ਦੀਆਂ ਦੀਵਾਰਾਂ ਢਹਿ ਪਈਆਂ ਤਾਂ ਕਿ ਇਸਰਾਏਲੀ ਸ਼ਹਿਰ ਵਿੱਚ ਸਭ ਕੁੱਝ ਤਬਾਹ ਕਰ ਦੇਣ |

### ਰਹਾਬ ਅਤੇ ਉਸਦੇ ਪਰਿਵਾਰ ਨਾਲ ਕੀ ਹੋਇਆ ?

ਉਹ ਮਾਰੇ ਨਹੀਂ ਗਏ ਅਤੇ ਇਸਰਾਏਲ ਦੇ ਭਾਗ ਬਣ ਗਏ |

---

## 15:06

ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਹੁਕਮ ਦਿੱਤਾ ਸੀ ਕਿ ਉਹ ਕਨਾਨੀਆਂ ਦੇ ਕਿਸੇ ਵੀ ਸਮੂਹ ਦੇ ਨਾਲ ਸਾਂਤੀ ਨੇਮ ਨਾ ਬੰਨ੍ਹਣ |ਪਰ ਕਨਾਨੀ ਲੋਕਾਂ ਦਾ ਇੱਕ ਸਮੂਹ ਜਿਹਨਾਂ ਨੂੰ ਗਿਬਓਨੀ ਕਹਿੰਦੇ ਸਨ, ਉਹਨਾਂ ਨੇ ਯਹੋਸ਼ੁਆ ਨਾਲ ਝੂਠ ਬੋਲਿਆ ਕਿ ਉਹ ਕਨਾਨ ਤੋਂ ਬਹੁਤ ਦੂਰ ਕਿਸੇ ਹੋਰ ਜਗ੍ਹਾ ਦੇ ਹਨ | ਉਹਨਾਂ ਨੇ ਯਹੋਸ਼ੁਆ ਨੂੰ ਕਿਹਾ ਕੇ ਉਹ ਉਹਨਾਂ ਨਾਲ ਸਾਂਤੀ ਨੇਮ ਬੰਨ੍ਹੇ |

### ਗਿਬਓਨੀਆਂ ਨੇ ਇਸਰਾਏਲੀਆਂ ਨਾਲ ਸ਼ਾਂਤੀ ਦਾ ਨੇਮ ਬੰਨ੍ਹਣ ਲਈ ਕਿਵੇਂ ਚਲਾਕੀ ਕੀਤੀ ?

ਉਹਨਾਂ ਨੇ ਕਿਹਾ ਕਿ ਉਹ ਕਨਾਨ ਤੋਂ ਦੂਰ ਦੇਸ਼ ਦੇ ਰਹਿਣ ਵਾਲੇ ਹਨ |

### ਯਹੋਸ਼ੁਆ ਅਤੇ ਇਸਰਾਏਲੀ ਕਿਉਂ ਨਾ ਜਾਣ ਸਕੇ ਕਿ ਗਿਬਓਨੀ ਝੂਠ ਬੋਲ ਰਹੇ ਹਨ ?

ਉਹਨਾਂ ਨੇ ਪਰਮੇਸ਼ੁਰ ਤੋਂ ਨਾ ਪੁੱਛਿਆ |

## 15:07

ਯਹੋਸ਼ੁਆ ਅਤੇ ਇਸਰਾਏਲੀਆਂ ਨੇ ਪਰਮੇਸ਼ੁਰ ਕੋਲੋਂ ਨਹੀਂ ਪੁੱਛਿਆ ਕੇ ਗਿਬਓਨੀ ਕਿੱਥੇ ਦੇ ਰਹਿਣ ਵਾਲੇ ਹਨ |ਇਸ ਲਈ ਯਹੋਸ਼ੁਆ ਨੇ ਉਹਨਾਂ ਨਾਲ ਸਾਂਤੀ ਨੇਮ ਬੰਨ੍ਹ ਲਿਆ |ਇਸਰਾਏਲੀ ਬਹੁਤ ਗੁੱਸੇ ਹੋਏ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਗਿਬਓਨੀਆਂ ਨੇ ਉਹਨਾਂ ਨੂੰ ਠੱਗਿਆ ਹੈ ਪਰ ਉਹਨਾਂ ਨੇ ਉਹਨਾਂ ਦੇ ਨਾਲ ਸਾਂਤੀ ਨੇਮ ਨੂੰ ਬਣਾਈ ਰੱਖਿਆ ਕਿਉਂਕਿ ਇਹ ਪਰਮੇਸ਼ੁਰ ਦੇ ਸਾਹਮਣੇ ਵਾਇਦਾ ਸੀ |ਕੁੱਝ ਸਮੇਂ ਬਾਅਦ ਕਨਾਨ ਦੇ ਹੋਰ ਲੋਕਾਂ ਦੇ ਰਾਜਿਆਂ ਨੇ ਸੁਣਿਆ ਕਿ ਗਿਬਓਨੀਆਂ ਨੇ ਇਸਰਾਏਲੀਆਂ ਨਾਲ ਸਾਂਤੀ ਨੇਮ ਬੰਨ੍ਹ ਲਿਆ ਹੈ ਤਾਂ ਉਹਨਾਂ ਨੇ ਸਾਰੀਆਂ ਸੈਨਾਂਵਾਂ ਨੂੰ ਇੱਕ ਸੈਨਾਂ ਦੇ ਰੂਪ ਵਿੱਚ ਇਕੱਠਾ ਕੀਤਾ ਅਤੇ ਗਿਬਓਨ ਉੱਤੇ ਹਮਲਾ ਕੀਤਾ |ਗਿਬਓਨੀਆਂ ਨੇ ਯਹੋਸ਼ੁਆ ਨੂੰ ਸੰਦੇਸ਼ ਭੇਜਿਆ ਅਤੇ ਮਦਦ ਮੰਗੀ |

### ਕਿਉਂ ਇਸਰਾਏਲੀਆਂ ਨੇ ਸ਼ਾਂਤੀ ਦੇ ਨੇਮ ਨੂੰ ਰੱਖਿਆ ਅਤੇ ਗਿਬਓਨੀਆਂ ਦੀ ਰੱਖਿਆ ਕੀਤੀ ?

ਕਿਉਂਕਿ ਉਹਨਾਂ ਨੇ ਯਹੋਵਾਹ ਦੇ ਸਾਹਮਣੇ ਨੇਮ ਬੰਨ੍ਹਿਆ ਸੀ |

---

## 15:08

ਇਸ ਲਈ ਯਹੋਸ਼ੁਆ ਨੇ ਸਾਰੇ ਇਸਰਾਏਲੀਆਂ ਦੀ ਸੈਨਾਂ ਨੂੰ ਇਕੱਠਾ ਕੀਤਾ ਅਤੇ ਗਿਬਓਨੀਆਂ ਕੋਲ ਪਹੁੰਚਣ ਲਈ ਸਾਰੀ ਰਾਤ ਚੱਲਦੇ ਰਹੇ |ਸਵੇਰ ਨੂੰ ਉਹਨਾਂ ਨੇ ਅੰਮੋਰੀਆਂ ਦੀ ਸੈਨਾਂ ਨੂੰ ਹੈਰਾਨ ਕੀਤਾ ਅਤੇ ਉਹਨਾਂ ਉੱਤੇ ਹਮਲਾ ਕੀਤਾ |

---

## 15:09

ਉਸ ਦਿਨ ਪਰਮੇਸ਼ੁਰ ਇਸਰਾਏਲੀਆਂ ਲਈ ਲੜਿਆ |ਉਸ ਨੇ ਅੰਮੋਰੀਆਂ ਨੂੰ ਉਲਝਣ ਵਿੱਚ ਪਾ ਦਿੱਤਾ ਅਤੇ ਵੱਡੇ ਵੱਡੇ ਗੜੇ ਭੇਜੇ ਜਿਸ ਨਾਲ ਬਹੁਤ ਅੰਮੋਰੀ ਮਾਰੇ ਗਏ |

### ਕਿਸ ਤਰ੍ਹਾਂ ਪਰਮੇਸ਼ੁਰ ਇਸਰਾਏਲ ਲਈ ਅੰਮੋਰੀਆਂ ਦੇ ਵਿਰੁੱਧ ਲੜਿਆ ?

ਉਸ ਨੇ ਅੰਮੋਰੀਆਂ ਨੂੰ ਉਲਝਨ ਵਿੱਚ ਪਾ ਦਿੱਤਾ, ਉਹਨਾਂ ਉੱਤੇ ਵੱਡੇ ਵੱਡੇ ਗੜੇ ਵਰਸਾਏ ਅਤੇ ਅਤੇ ਸੂਰਜ ਨੂੰ ਇੱਕ ਜਗ੍ਹਾ ਤੇ ਖੜਾ ਕਰ ਦਿੱਤਾ ਕਿ ਇਸਰਾਏਲੀਆਂ ਨੂੰ ਉਹਨਾਂ ਦੇ ਮਾਰਨ ਲਈ ਸਹੀ ਸਮਾ ਮਿਲੇ |

---

## 15:10

ਪਰਮੇਸ਼ੁਰ ਨੇ ਸੂਰਜ ਨੂੰ ਵੀ ਅਕਾਸ਼ ਵਿੱਚ ਇੱਕ ਜਗ੍ਹਾ ਤੇ ਖੜ੍ਹਾ ਕਰ ਦਿੱਤਾ ਤਾਂ ਕਿ ਇਸਰਾਏਲੀਆਂ ਕੋਲ ਅੰਮੋਰੀਆਂ ਨੂੰ ਚੰਗੀ ਤਰ੍ਹਾਂ ਹਰਾਉਣ ਲਈ ਬਹੁਤਾ ਸਮਾਂ ਹੋਵੇ |ਉਸ ਦਿਨ ਪਰਮੇਸ਼ੁਰ ਨੇ ਇਸਰਾਏਲੀਆਂ ਲਈ ਵੱਡੀ ਲੜਾਈ ਜਿੱਤੀ |

### ਕਿਸ ਤਰ੍ਹਾਂ ਪਰਮੇਸ਼ੁਰ ਇਸਰਾਏਲ ਲਈ ਅੰਮੋਰੀਆਂ ਦੇ ਵਿਰੁੱਧ ਲੜਿਆ ?

ਉਸ ਨੇ ਅੰਮੋਰੀਆਂ ਨੂੰ ਉਲਝਨ ਵਿੱਚ ਪਾ ਦਿੱਤਾ, ਉਹਨਾਂ ਉੱਤੇ ਵੱਡੇ ਵੱਡੇ ਗੜੇ ਵਰਸਾਏ ਅਤੇ ਅਤੇ ਸੂਰਜ ਨੂੰ ਇੱਕ ਜਗ੍ਹਾ ਤੇ ਖੜਾ ਕਰ ਦਿੱਤਾ ਕਿ ਇਸਰਾਏਲੀਆਂ ਨੂੰ ਉਹਨਾਂ ਦੇ ਮਾਰਨ ਲਈ ਸਹੀ ਸਮਾ ਮਿਲੇ |

---

## 15:11

ਪਰਮੇਸ਼ੁਰ ਦੁਆਰਾ ਉਹਨਾਂ ਸੈਨਾਂਵਾਂ ਨੂੰ ਹਰਾਉਣ ਦੇ ਬਾਅਦ ਹੋਰ ਕਈ ਕਨਾਨੀ ਲੋਕਾਂ ਦੇ ਝੁੰਡ ਇਕੱਠੇ ਹੋਏ ਕਿ ਇਸਰਾਏਲ ਉੱਤੇ ਹਮਲਾ ਕਰਨ | ਯਹੋਸ਼ੁਆ ਅਤੇ ਇਸਰਾਏਲੀਆਂ ਨੇ ਹਮਲਾ ਕੀਤਾ ਅਤੇ ਉਹਨਾਂ ਨੂੰ ਹਰਾ ਦਿੱਤਾ |

### ਯਹੋਸ਼ੁਆ ਤੇ ਇਸਰਾਏਲੀਆਂ ਨੇ ਦੂਸਰੇ ਕਨਾਨੀ ਲੋਕਾਂ ਨਾਲ ਕੀ ਕੀਤਾ ਜਿਹਨਾਂ ਨੇ ਉਹਨਾਂ ਉੱਤੇ ਹਮਲਾ ਕੀਤਾ ?

ਯਹੋਸ਼ੁਆ ਅਤੇ ਇਸਰਾਏਲੀਆਂ ਨੇ ਉਹਨਾਂ ਨੂੰ ਤਬਾਹ ਕਰ ਦਿੱਤਾ |

---

## 15:12

ਇਸ ਯੁੱਧ ਦੇ ਬਾਅਦ ਪਰਮੇਸ਼ੁਰ ਨੇ ਇਸਰਾਏਲ ਦੇ ਹਰ ਗੋਤਰ ਨੂੰ ਵਾਇਦੇ ਦੇ ਦੇਸ ਵਿੱਚ ਆਪਣਾ ਖ਼ੇਤਰ ਦਿੱਤਾ |ਤਦ ਪਰਮੇਸ਼ੁਰ ਨੇ ਇਸਰਾਏਲ ਨੂੰ ਇਸਦੀਆਂ ਸਾਰੀਆਂ ਹੱਦਾਂ ਤੋਂ ਸਾਂਤੀ ਦਿੱਤੀ |

### ਕਿਸ ਤਰ੍ਹਾਂ ਵਾਅਦੇ ਦੇ ਦੇਸ਼ ਦੀ ਵੰਡ ਹੋਈ ?

ਪਰਮੇਸ਼ੁਰ ਨੇ ਇਸਰਾਏਲ ਦੇ ਹਰ ਗੋਤਰ ਨੂੰ ਉਹਨਾਂ ਦਾ ਆਪਣਾ ਭਾਗ ਦਿੱਤਾ |

---

## 15:13

ਜਦੋਂ ਯਹੋਸ਼ੁਆ ਬੁੱਢਾ ਹੋ ਗਿਆ, ਉਸ ਨੇ ਇਸਰਾਏਲ ਦੇ ਸਾਰੇ ਲੋਕਾਂ ਨੂੰ ਕੋਲ ਬੁਲਾਇਆ |ਤਦ ਯਹੋਸ਼ੁਆ ਨੇ ਲੋਕਾਂ ਨੂੰ ਪਰਮੇਸ਼ੁਰ ਦੁਆਰਾ ਸੀਨਈ ਪਰਬਤ ਉੱਤੇ ਇਸਰਾਏਲੀਆਂ ਨਾਲ ਕੀਤੇ ਗਏ ਨੇਮ ਨੂੰ ਮੰਨਣ ਲਈ ਉਹਨਾਂ ਦੇ ਕਰਤੱਵ ਨੂੰ ਯਾਦ ਦੁਆਇਆ |ਲੋਕਾਂ ਨੇ ਪਰਮੇਸ਼ੁਰ ਨਾਲ ਵਫ਼ਾਦਾਰ ਰਹਿਣ ਅਤੇ ਉਸਦੇ ਹੁਕਮਾਂ ਦੀ ਪਾਲਣਾ ਕਰਨ ਲਈ ਵਾਇਦਾ ਕੀਤਾ |

### ਯਹੋਸ਼ੁਆ ਨੇ ਇਸਰਾਏਲੀਆਂ ਨੂੰ ਕਿਉਂ ਇੱਕਠਾ ਕੀਤਾ ਜਦੋਂ ਉਹ ਬੁੱਢਾ ਹੋ ਗਿਆ ਸੀ ?

ਕਿ ਉਹ ਉਹਨਾਂ ਨੂੰ ਪਰਮੇਸ਼ੁਰ ਦੇ ਨੇਮ ਦੀ ਪਾਲਣਾ ਕਰਨ ਦੇ ਕਰਤੱਵ ਨੂੰ ਯਾਦ ਕਰਾਵੇ ਜੋ ਪਰਮੇਸ਼ੁਰ ਨੇ ਉਹਨਾਂ ਨਾਲ ਬੰਨ੍ਹਿਆ ਸੀ |

### ਕਿਵੇਂ ਇਸਰਾਏਲੀਆਂ ਨੇ ਯਹੋਸ਼ੁਆ ਨੂੰ ਉੱਤਰ ਦਿੱਤਾ ?

ਉਹਨਾਂ ਨੇ ਪਰਮੇਸ਼ੁਰ ਨਾਲ ਵਫ਼ਾਦਾਰ ਰਹਿਣ ਅਤੇ ਉਸਦੇ ਹੁਕਮਾਂ ਦੀ ਪਾਲਣਾ ਕਰਨ ਦਾ ਵਾਅਦਾ ਕੀਤਾ |

# ਛੁਡਾਉਣ ਵਾਲੇ

## 16:01

ਯਹੋਸ਼ੁਆ ਦੀ ਮੌਤ ਤੋਂ ਬਾਅਦ, ਇਸਰਾਏਲੀਆਂ ਨੇ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਨਾ ਕੀਤੀ ਅਤੇ ਨਾ ਹੀ ਬਾਕੀ ਦੇ ਕਨਾਨੀਆਂ ਨੂੰ ਬਾਹਰ ਕੱਢਿਆ | ਇਸਰਾਏਲੀ ਸੱਚੇ ਪਰਮੇਸ਼ੁਰ ਯਹੋਵਾਹ ਦੀ ਬਜਾਇ ਕਨਾਨੀਆਂ ਦੇ ਦੇਵਤਿਆਂ ਦੀ ਪੂਜਾ ਕਰਨ ਲੱਗੇ |ਇਸਰਾਏਲੀਆਂ ਦਾ ਕੋਈ ਰਾਜਾ ਨਹੀਂ ਸੀ ਇਸ ਲਈ ਹਰ ਇੱਕ ਨੇ ਓਹੀ ਕੀਤਾ ਜੋ ਉਹਨਾਂ ਨੂੰ ਚੰਗਾ ਲੱਗਾ |

### ਯਹੋਸ਼ੁਆ ਦੇ ਮਰਨ ਤੋਂ ਬਾਅਦ ਕਿਸ ਤਰ੍ਹਾਂ ਇਸਰਾਏਲੀਆਂ ਨੇ ਪਰਮੇਸ਼ੁਰ ਦੀ ਉਲੰਘਣਾ ਕੀਤੀ ?

ਉਹਨਾਂ ਨੇ ਕਨਾਨੀਆਂ ਨੂੰ ਆਪਣੇ ਵਿੱਚੋਂ ਨਾ ਭਜਾਇਆ ਅਤੇ ਯਹੋਵਾਹ ਸੱਚੇ ਪਰਮੇਸ਼ੁਰ ਦੀ ਬਜਾਇ ਕਨਾਨੀ ਦੇਵਤਿਆਂ ਦੀ ਪੂਜਾ ਕੀਤੀ |

---

## 16:02

ਕਿਉਂਕਿ ਇਸਰਾਏਲੀਆਂ ਨੇ ਪਰਮੇਸ਼ੁਰ ਦੀ ਪਾਲਣਾ ਨਾ ਕੀਤੀ ਇਸ ਲਈ ਉਸ ਨੇ ਉਹਨਾਂ ਦੇ ਦੁਸ਼ਮਣਾ ਦੁਆਰਾ ਉਹਨਾਂ ਨੂੰ ਹਰਾ ਕੇ ਸਜਾ ਦਿੱਤੀ | ਇਹਨਾਂ ਦੁਸ਼ਮਣਾਂ ਨੇ ਇਸਰਾਏਲੀਆਂ ਕੋਲੋ ਸਭ ਕੁੱਝ ਖੋਹ ਲਿਆ, ਉਹਨਾਂ ਦੇ ਘਰ-ਬਾਰ ਤਬਾਹ ਕੀਤੇ ਅਤੇ ਬਹੁਤਿਆਂ ਨੂੰ ਮਾਰ ਦਿੱਤਾ |ਕਈ ਸਾਲ ਪਰਮੇਸ਼ੁਰ ਦੀ ਅਣਆਗਿਆਕਾਰੀ ਕਰਨ ਅਤੇ ਦੁਸ਼ਮਣਾ ਦੁਆਰਾ ਦਬਾਏ ਜਾਣ ਤੋਂ ਬਾਅਦ ਇਸਰਾਏਲੀਆਂ ਨੇ ਤੋਬਾ ਕੀਤੀ ਅਤੇ ਪਰਮੇਸ਼ੁਰ ਨੂੰ ਕਿਹਾ ਕਿ ਉਹਨਾਂ ਨੂੰ ਛੁਡਾਵੇ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਉਹਨਾਂ ਦੀ ਉਲੰਘਣਾ ਲਈ ਸਜ਼ਾ ਦਿੱਤੀ ?

ਪਰਮੇਸ਼ੁਰ ਨੇ ਉਹਨਾਂ ਦੇ ਦੁਸ਼ਮਣਾ ਨੂੰ ਮਨਜ਼ੂਰੀ ਦਿੱਤੀ ਕਿ ਉਹ ਉਹਨਾਂ ਨੂੰ ਹਰਾਉਣ |

---

## 16:03

ਤਦ ਪਰਮੇਸ਼ੁਰ ਨੇ ਛੁਡਾਉਣ ਵਾਲੇ ਦਿੱਤੇ ਜਿਹਨਾਂ ਨੇ ਉਹਨਾਂ ਨੂੰ ਦੁਸ਼ਮਣਾਂ ਤੋਂ ਛੁਡਾਇਆ ਅਤੇ ਦੇਸ ਵਿੱਚ ਸ਼ਾਂਤੀ ਲਿਆਂਦੀ |ਪਰ ਲੋਕ ਪਰਮੇਸ਼ੁਰ ਬਾਰੇ ਭੁੱਲ ਗਏ ਅਤੇ ਫੇਰ ਬੁੱਤਾਂ ਦੀ ਪੂਜਾ ਕਰਨ ਲੱਗੇ |ਇਸ ਲਈ ਪਰਮੇਸ਼ੁਰ ਨੇ ਨੇੜੇ ਰਹਿੰਦੇ ਦੁਸ਼ਮਣਾਂ ਦੇ ਸਮੂਹ ਮਿਦਯਾਨੀਆਂ ਨੂੰ ਆਗਿਆ ਦਿੱਤੀ ਕਿ ਉਹਨਾਂ ਨੂੰ ਹਰਾਏ |

### ਜਦੋਂ ਇਸਰਾਏਲੀਆਂ ਨੇ ਮਦਦ ਲਈ ਦੁਹਾਈ ਦਿੱਤੀ ਤਾਂ ਪਰਮੇਸ਼ੁਰ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ?

ਉਸ ਨੇ ਉਹਨਾਂ ਲਈ ਇੱਕ ਛੁਟਕਾਰਾ ਦੇਣ ਵਾਲਾ ਦਿੱਤਾ ਜੋ ਉਹਨਾਂ ਨੂੰ ਬਚਾਏ ਅਤੇ ਉਹਨਾਂ ਦੇ ਦੇਸ਼ ਵਿੱਚ ਸ਼ਾਂਤੀ ਲਿਆਵੇ |

---

## 16:04

ਮਿਦਯਾਨੀ ਲਗਾਤਾਰ ਸੱਤ ਸਾਲ ਇਸਰਾਏਲੀਆਂ ਦੀ ਸਾਰੀ ਫ਼ਸਲ ਲੈ ਕੇ ਜਾਂਦੇ ਰਹੇ |ਇਸਰਾਏਲੀ ਬਹੁਤ ਡਰ ਗਏ ਸੀ ਕਿ ਉਹ ਗੁਫਾਵਾਂ ਵਿੱਚ ਛੁੱਪ ਜਾਂਦੇ ਸਨ ਕਿੱਤੇ ਮਿਦਯਾਨੀ ਉਹਨਾਂ ਨੂੰ ਲੱਭ ਨਾ ਲੈਣ |ਆਖ਼ਿਰਕਾਰ ਉਹਨਾਂ ਨੇ ਪਰਮੇਸ਼ੁਰ ਵੱਲ ਦੁਹਾਈ ਦਿੱਤੀ ਕਿ ਉਹਨਾਂ ਨੂੰ ਬਚਾਵੇ |

---

## 16:05

ਇੱਕ ਦਿਨ ਇੱਕ ਵਿਅਕਤੀ ਜਿਸਦਾ ਨਾਮ ਗਿਦਾਊਨ ਸੀ ਉਹ ਛੁੱਪ ਕੇ ਕਣਕ ਛੱਟ ਰਿਹਾ ਸੀ ਕਿ ਕਿੱਤੇ ਮਿਦਯਾਨੀ ਖੋਹ ਕੇ ਨਾ ਲੈ ਜਾਣ |ਪਰਮੇਸ਼ੁਰ ਦਾ ਦੂਤ ਗਿਦਾਊਨ ਕੋਲ ਆਇਆ ਅਤੇ ਕਿਹਾ, “ ਹੇ ਤਕੜੇ ਸੂਰਬੀਰ, ਪਰਮੇਸ਼ੁਰ ਤੇਰੇ ਨਾਲ ਹੈ |”ਜਾਹ ਅਤੇ ਮਿਦਯਾਨੀਆਂ ਦੇ ਹੱਥੋਂ ਇਸਰਾਏਲੀਆਂ ਨੂੰ ਛੁਡਾ |

### ਜਦੋਂ ਯਹੋਵਾਹ ਦਾ ਦੂਤ ਉਸ ਕੋਲ ਆਇਆ ਤਾਂ ਉਸ ਸਮੇਂ ਗਿਦਾਊਨ ਕੀ ਕਰ ਰਿਹਾ ਸੀ ?

ਉਹ ਛੁਪ ਕੇ ਕਣਕ ਛੱਟ ਰਿਹਾ ਸੀ ਕਿ ਕਿਤੇ ਮਿਦਯਾਨੀ ਚੁਰਾ ਨਾ ਲੈਣ |

---

## 16:06

ਗਿਦਾਊਨ ਦੇ ਪਿਤਾ ਨੇ ਇੱਕ ਮੂਰਤੀ ਲਈ ਵੇਦੀ ਬਣਾਈ ਹੋਈ ਸੀ |ਪਰਮੇਸ਼ੁਰ ਨੇ ਕਿਹਾ ਕਿ ਇਸ ਵੇਦੀ ਨੂੰ ਢਾਹ ਦੇ |ਪਰ ਗਿਦਾਊਨ ਲੋਕਾਂ ਤੋਂ ਡਰਦਾ ਸੀ, ਇਸ ਲਈ ਉਸ ਨੇ ਰਾਤ ਤੱਕ ਇੰਤਜ਼ਾਰ ਕੀਤਾ |ਤਦ ਉਸ ਨੇ ਵੇਦੀ ਨੂੰ ਢਾਹ ਦਿੱਤਾ ਅਤੇ ਟੁੱਕੜੇ ਟੁੱਕੜੇ ਕਰ ਦਿੱਤੇ |ਪਰ ਜਿੱਥੇ ਉਸ ਮੂਰਤੀ ਦੀ ਵੇਦੀ ਹੁੰਦੀ ਸੀ ਉਸ ਦੇ ਲਾਗੇ ਉਸਨੇ ਯਹੋਵਾਹ ਲਈ ਇੱਕ ਨਵੀਂ ਵੇਦੀ ਬਣਾਈ ਅਤੇ ਪਰਮੇਸ਼ੁਰ ਲਈ ਬਲੀ ਦਿੱਤੀ |

---

## 16:07

ਅਗਲੀ ਸਵੇਰ ਲੋਕਾਂ ਨੇ ਦੇਖਿਆ ਕਿ ਕਿਸੇ ਨੇ ਵੇਦੀ ਚੂਰ ਚੂਰ ਅਤੇ ਤਬਾਹ ਕਰ ਦਿੱਤੀ ਹੈ ਤਾਂ ਉਹ ਬਹੁਤ ਗੁੱਸੇ ਹੋਏ |ਉਹ ਗਿਦਾਊਨ ਦੇ ਘਰ ਉਸ ਨੂੰ ਮਾਰਨ ਲਈ ਗਏ, ਪਰ ਗਿਦਾਊਨ ਦੇ ਪਿਤਾ ਨੇ ਕਿਹਾ, “ਕਿਉਂ ਤੁਸੀਂ ਆਪਣੇ ਦੇਵਤੇ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ?ਜੇ ਉਹ ਪਰਮੇਸ਼ੁਰ ਹੈ ਤਾਂ ਉਸ ਨੂੰ ਆਪਣਾ ਬਚਾਓ ਖੁਦ ਕਰਨ ਦਿਓ !”ਕਿਉਂਕਿ ਉਸ ਨੇ ਇਸ ਤਰ੍ਹਾਂ ਕਿਹਾ ਇਸ ਲਈ ਲੋਕਾਂ ਨੇ ਗਿਦਾਊਨ ਨੂੰ ਨਾ ਮਾਰਿਆ |

---

## 16:08

ਮਿਦਯਾਨੀ ਦੁਬਾਰਾ ਫੇਰ ਇਸਰਾਏਲੀਆਂ ਕੋਲੋਂ ਲੁੱਟਣ ਨੂੰ ਆਏ |ਉਹ ਇੰਨੇ ਜ਼ਿਆਦਾ ਸਨ ਕਿ ਉਹਨਾਂ ਦੀ ਗਿਣਤੀ ਵੀ ਨਹੀਂ ਹੋ ਸਕਦੀ ਸੀ | ਗਿਦਾਊਨ ਨੇ ਉਹਨਾਂ ਨਾਲ ਲੜਨ ਲਈ ਇਸਰਾਏਲੀਆਂ ਨੂੰ ਇਕੱਠਾ ਕੀਤਾ |ਗਿਦਾਊਨ ਨੇ ਪਰਮੇਸ਼ੁਰ ਕੋਲੋਂ ਦੋ ਚਿੰਨ੍ਹ ਮੰਗੇ ਕਿ ਉਹ ਯਕੀਨ ਕਰ ਸਕੇ ਕੀ ਇਸਰਾਏਲ ਨੂੰ ਬਚਾਉਣ ਲਈ ਪਰਮੇਸ਼ੁਰ ਉਸ ਨੂੰ ਇਸਤੇਮਾਲ ਕਰੇਗਾ |

### ਉਹ ਕਿਹੜੇ ਦੋ ਚਿੰਨ੍ਹ ਸਨ ਜੋ ਪਰਮੇਸ਼ੁਰ ਨੇ ਦਿੱਤੇ ਕਿ ਉਹ ਸਾਬਤ ਕਰੇ ਕਿ ਉਹ ਇਸਰਾਏਲੀਆਂ ਨੂੰ ਗਿਦਾਊਨ ਦੁਆਰਾ ਬਚਾਵੇਗਾ ?

ਪਰਮੇਸ਼ੁਰ ਨੇ ਹੋਣ ਦਿੱਤਾ ਕਿ ਤੜਕੇ ਦੀ ਤ੍ਰੇਲ ਸਿਰਫ਼ ਕੱਪੜੇ ਉੱਤੇ ਪਵੇ ਅਤੇ ਧਰਤੀ ਉੱਤੇ ਨਾ ਅਤੇ ਫਿਰ ਤ੍ਰੇਲ ਸਿਰਫ਼ ਧਰਤੀ ਉੱਤੇ ਪਈ ਅਤੇ ਕੱਪੜੇ ਉੱਤੇ ਨਹੀਂ |

---

## 16:09

ਪਹਿਲੇ ਚਿੰਨ੍ਹ ਲਈ ਗਿਦਾਊਨ ਨੇ ਧਰਤੀ ਉੱਤੇ ਕੱਪੜਾ ਵਿਛਾਇਆ ਅਤੇ ਪਰਮੇਸ਼ੁਰ ਨੂੰ ਕਿਹਾ ਹੋਣ ਦੇ ਸਵੇਰ ਦੀ ਤ੍ਰੇਲ ਸਿਰਫ਼ ਕੱਪੜੇ ਤੇ ਹੀ ਪਵੇ ਅਤੇ ਧਰਤੀ ਤੇ ਨਾ ਪਵੇ |ਪਰਮੇਸ਼ੁਰ ਨੇ ਓਦਾਂ ਹੀ ਕੀਤਾ |ਅਗਲੀ ਰਾਤ ਉਸ ਨੇ ਕਿਹਾ ਕਿ ਧਰਤੀ ਭਿੱਜੇ ਪਰ ਕੱਪੜਾ ਸੁੱਕਾ ਰਹੇ |ਪਰਮੇਸ਼ੁਰ ਨੇ ਫਿਰ ਉਵੇਂ ਹੀ ਕੀਤਾ |ਇਹਨਾਂ ਦੋ ਚਿੰਨ੍ਹਾ ਨੇ ਗਿਦਾਊਨ ਨੂੰ ਯਕੀਨ ਕਰਾਇਆ ਕਿ ਪਰਮੇਸ਼ੁਰ ਇਸਰਾਏਲੀਆਂ ਨੂੰ ਮਿਦਯਾਨੀਆਂ ਦੇ ਹੱਥੋਂ ਛੁਡਾਉਣ ਲਈ ਉਸ ਨੂੰ ਇਸਤੇਮਾਲ ਕਰੇਗਾ |

### ਉਹ ਕਿਹੜੇ ਦੋ ਚਿੰਨ੍ਹ ਸਨ ਜੋ ਪਰਮੇਸ਼ੁਰ ਨੇ ਦਿੱਤੇ ਕਿ ਉਹ ਸਾਬਤ ਕਰੇ ਕਿ ਉਹ ਇਸਰਾਏਲੀਆਂ ਨੂੰ ਗਿਦਾਊਨ ਦੁਆਰਾ ਬਚਾਵੇਗਾ ?

ਪਰਮੇਸ਼ੁਰ ਨੇ ਹੋਣ ਦਿੱਤਾ ਕਿ ਤੜਕੇ ਦੀ ਤ੍ਰੇਲ ਸਿਰਫ਼ ਕੱਪੜੇ ਉੱਤੇ ਪਵੇ ਅਤੇ ਧਰਤੀ ਉੱਤੇ ਨਾ ਅਤੇ ਫਿਰ ਤ੍ਰੇਲ ਸਿਰਫ਼ ਧਰਤੀ ਉੱਤੇ ਪਈ ਅਤੇ ਕੱਪੜੇ ਉੱਤੇ ਨਹੀਂ |

---

## 16:10

32,000 ਇਸਰਾਏਲੀ ਸਿਪਾਹੀ ਗਿਦਾਊਨ ਕੋਲ ਆਏ ਪਰ ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ ਇਹ ਬਹੁਤ ਜ਼ਿਆਦਾ ਹਨ |ਇਸ ਲਈ ਗਿਦਾਊਨ ਨੇ 22,000 ਨੂੰ ਘਰ ਭੇਜ ਦਿੱਤਾ ਜੋ ਲੜਨ ਤੋਂ ਡਰਦੇ ਸਨ |ਪਰਮੇਸ਼ੁਰ ਨੇ ਗਿਦਾਊਨ ਨੂੰ ਕਿਹਾ ਅਜੇ ਵੀ ਬਹੁਤ ਜ਼ਿਆਦਾ ਹਨ |ਇਸ ਲਈ ਗਿਦਾਊਨ ਨੇ ਸਿਵਾਏ 300 ਸਿਪਾਹੀਆਂ ਦੇ ਬਾਕੀ ਸਾਰਿਆਂ ਨੂੰ ਵਾਪਸ ਘਰ ਭੇਜ ਦਿੱਤਾ |

### ਗਿਦਾਊਨ ਨੇ 300 ਨੂੰ ਛੱਡ ਕੇ ਬਾਕੀ ਸਾਰੇ ਸਿਪਾਹੀਆਂ ਨੂੰ ਘਰ ਕਿਉਂ ਭੇਜ ਦਿੱਤਾ ?

ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਦੱਸਿਆ ਕਿ ਉਸ ਕੋਲ ਬਹੁਤ ਜ਼ਿਆਦਾ ਆਦਮੀ ਹਨ |

---

## 16:11

ਉਸ ਰਾਤ ਪਰਮੇਸ਼ੁਰ ਨੇ ਗਿਦਾਊਨ ਨੂੰ ਕਿਹਾ, “ਮਿਦਯਾਨੀਆਂ ਦੇ ਡੇਰੇ ਵਿੱਚ ਜਾਹ ਅਤੇ ਜਦੋਂ ਤੂੰ ਉਹਨਾਂ ਨੂੰ ਗੱਲਾਂ ਕਰਦੇ ਸੁਣੇ ਤੂੰ ਨਹੀਂ ਡਰੇਂਗਾ |ਇਸ ਲਈ ਉਸ ਰਾਤ ਗਿਦਾਊਨ ਉਹਨਾਂ ਦੇ ਡੇਰੇ ਵਿੱਚ ਗਿਆ ਅਤੇ ਸੁਣਿਆ ਕਿ ਇੱਕ ਮਿਦਯਾਨੀ ਸਿਪਾਹੀ ਜੋ ਉਸਨੇ ਆਪਣੇ ਸੁਪਨੇ ਵਿੱਚ ਦੇਖਿਆ ਸੀ ਆਪਣੇ ਮਿੱਤਰ ਨੂੰ ਦੱਸ ਰਿਹਾ ਸੀ |ਉਸ ਦੇ ਮਿੱਤਰ ਨੇ ਕਿਹਾ, “ਇਸ ਦਾ ਮਤਲਬ ਹੈ ਕਿ ਗਿਦਾਊਨ ਦੀ ਸੈਨਾ ਮਿਦਯਾਨੀ ਸੈਨਾ ਨੂੰ ਹਰਾ ਦੇਵੇਗੀ !”ਜਦੋਂ ਗਿਦਾਊਨ ਨੇ ਸੁਣਿਆ ਤਾਂ ਉਸ ਨੇ ਪਰਮੇਸ਼ੁਰ ਦੀ ਅਰਾਧਨਾ ਕੀਤੀ |

### ਹੋਰ ਕਿਹੜੇ ਨਿਸ਼ਾਨ ਪਰਮੇਸ਼ੁਰ ਨੇ ਗਿਦਾਊਨ ਨੂੰ ਦਿੱਤੇ ਕਿ ਉਹ ਨਾ ਡਰੇ ?

ਗਿਦਾਊਨ ਨੇ ਇੱਕ ਮਿਦਾਯਾਨੀ ਸਿਪਾਹੀ ਨੂੰ ਆਪਣਾ ਸੁਪਨਾ ਸੁਣਾਉਦੇ ਸੁਣਿਆ ਕਿ ਗਿਦਾਊਨ ਦੀ ਫੌਜ਼ ਮਿਦਯਾਨੀਆਂ ਦੀ ਸੈਨਾਂ ਨੂੰ ਹਰਾ ਦੇਵੇਗੀ |

### ਗਿਦਾਊਨ ਨੇ ਮਿਦਯਾਨੀ ਸਿਪਾਹੀ ਦਾ ਸੁਪਨਾ ਸੁਣਨ ਤੋਂ ਬਾਅਦ ਕੀ ਕੀਤਾ ?

ਉਸ ਨੇ ਪਰਮੇਸ਼ੁਰ ਦੀ ਅਰਾਧਨਾ ਕੀਤੀ |

---

## 16:12

ਤਦ ਗਿਦਾਊਨ ਸਿਪਾਹੀਆਂ ਕੋਲ ਵਾਪਸ ਆਇਆ ਅਤੇ ਹਰ ਇੱਕ ਨੂੰ ਇੱਕ-ਇੱਕ ਤੁਰ੍ਹੀ , ਕੱਚਾ ਘੜਾ ਅਤੇ ਮਸ਼ਾਲ ਦਿੱਤੀ |ਜਿੱਥੇ ਮਿਦਯਾਨੀ ਸੌਂ ਰਹੇ ਸਨ ਉਹਨਾਂ ਨੇ ਉਹਨਾਂ ਦੀ ਛਾਉਣੀ ਨੂੰ ਘੇਰਾ ਪਾ ਲਿਆ |ਗਿਦਾਊਨ ਦੇ 300 ਸਿਪਾਹੀਆਂ ਕੋਲ ਘੜਿਆਂ ਵਿੱਚ ਮਸ਼ਾਲਾਂ ਸਨ ਤਾਂ ਕਿ ਮਿਦਯਾਨੀ ਉਹਨਾਂ ਮਸ਼ਾਲਾਂ ਦੀ ਰੌਸ਼ਨੀ ਨੂੰ ਨਾ ਦੇਖ ਲੈਣ |

---

## 16:13

ਤਦ ਗਿਦਾਊਨ ਦੇ ਸਿਪਾਹੀਆਂ ਨੇ ਇੱਕੋ ਸਮੇਂ ਤੇ ਆਪਣੇ ਘੜੇ ਤੋੜੇ ਅਤੇ ਅਚਾਨਕ ਮਸ਼ਾਲਾਂ ਦੀ ਰੌਸ਼ਨੀ ਦਿਸੀ |ਉਹਨਾਂ ਨੇ ਤੁਰ੍ਹੀਆਂ ਬਜਾਈਆਂ ਅਤੇ ਜੈਕਾਰਾ ਗਜਾਇਆ, “ਯਹੋਵਾਹ ਅਤੇ ਗਿਦਾਊਨ ਦੀ ਤਲਵਾਰ !”

### ਗਿਦਾਊਨ ਅਤੇ ਉਸਦੇ ਆਦਮੀਆਂ ਨੇ ਮਿਦਯਾਨੀਆਂ ਤੇ ਕਿਵੇਂ ਹਮਲਾ ਕੀਤਾ ?

ਉਹਨਾਂ ਨੇ ਮਿਦਯਾਨੀਆਂ ਦੇ ਡੇਰੇ ਨੂੰ ਘੇਰ ਲਿਆ, ਆਪਣੀਆਂ ਮਿਸਾਲਾਂ ਨੂੰ ਦਿਖਾਉਣ ਲਈ ਆਪਣੇ ਮਟਕੇ ਤੋੜੇ, ਅਤੇ ਆਪਣੀਆਂ ਤੁਰ੍ਹੀਆਂ ਫੂਕਿਆ ਅਤੇ ਜੈਕਾਰਾ ਗਜਾਇਆ, “ਯਹੋਵਾਹ ਅਤੇ ਗਿਦਾਊਨ ਲਈ ਇੱਕ ਤਲਵਾਰ|”

---

## 16:14

ਪਰਮੇਸ਼ੁਰ ਨੇ ਮਿਦਯਾਨੀਆਂ ਨੂੰ ਉਲਝਣ ਵਿੱਚ ਪਾ ਦਿੱਤਾ ਅਤੇ ਉਹ ਇੱਕ ਦੂਸਰੇ ਉੱਤੇ ਹਮਲਾ ਕਰਨ ਲੱਗੇ ਅਤੇ ਮਾਰਨ ਲੱਗੇ |ਛੇਤੀ ਨਾਲ ਬਾਕੀ ਦੇ ਇਸਰਾਏਲੀਆਂ ਨੂੰ ਵੀ ਘਰੋਂ ਬੁਲਾਇਆ ਕਿ ਆਕੇ ਮਿਦਯਾਨੀਆਂ ਦਾ ਪਿੱਛਾ ਕਰਨ ਵਿੱਚ ਮਦਦ ਕਰਨ |ਉਹਨਾਂ ਵਿੱਚੋਂ ਬਹੁਤ ਸਾਰੇ ਮਾਰੇ ਗਏ ਅਤੇ

ਬਾਕੀਆਂ ਦਾ ਇਸਰਾਏਲੀਆਂ ਦੇ ਦੇਸ ਦੀਆਂ ਹੱਦਾਂ ਤੋਂ ਬਾਹਰ ਤੱਕ ਪਿੱਛਾ ਕੀਤਾ |ਉਸ ਦਿਨ 120000 ਮਿਦਯਾਨੀ ਮਾਰੇ ਗਏ |ਪਰਮੇਸ਼ੁਰ ਨੇ ਇਸਰਾਏਲ ਨੂੰ ਬਚਾਇਆ |

### ਪਰਮੇਸ਼ੁਰ ਨੇ ਮਿਦਯਾਨੀਆਂ ਨੂੰ ਹਰਾਉਣ ਲਈ ਗਿਦਾਊਨ ਦੀ ਕੀ ਮਦਦ ਕੀਤੀ ?

ਪਰਮੇਸ਼ੁਰ ਨੇ ਮਿਦਯਾਨੀਆਂ ਨੂੰ ਉੱਲਝਣ ਵਿੱਚ ਪਾ ਦਿੱਤਾ ਇਸ ਲਈ ਉਹਨਾਂ ਨੇ ਇੱਕ ਦੂਸਰੇ ਉੱਤੇ ਹਮਲਾ ਕੀਤਾ ਅਤੇ ਮਾਰਿਆ |

---

## 16:15

ਲੋਕਾਂ ਨੇ ਗਿਦਾਊਨ ਨੂੰ ਆਪਣਾ ਰਾਜਾ ਬਣਾਉਣਾ ਚਾਹਿਆ |ਗਿਦਾਊਨ ਨੇ ਉਹਨਾਂ ਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਨਾ ਦਿੱਤੀ ਪਰ ਉਸ ਨੇ ਉਹਨਾਂ ਕੋਲੋਂ ਕੁੱਝ ਸੋਨੇ ਦੀਆਂ ਮੁੰਦੀਆਂ ਮੰਗੀਆਂ ਜਿਹੜੀਆਂ ਉਹਨਾਂ ਸਾਰਿਆਂ ਨੇ ਮਿਦਯਾਨੀਆਂ ਕੋਲੋਂ ਲਈਆਂ ਸਨ |ਲੋਕਾਂ ਨੇ ਗਿਦਾਊਨ ਨੂੰ ਵੱਡੀ ਮਾਤਰਾ ਵਿੱਚ ਸੋਨਾ ਦਿੱਤਾ |

---

## 16:16

ਤਦ ਗਿਦਾਊਨ ਨੇ ਆਪਣੇ ਪਹਿਨਣ ਲਈ ਮਹਾਂ ਜਾਜ਼ਕ ਵਰਗੇ ਖਾਸ ਬਸਤਰ ਬਣਾਉਣ ਲਈ ਉਹ ਸੋਨਾ ਵਰਤਿਆ |ਪਰ ਲੋਕਾਂ ਨੇ ਇਹਨਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ ਜਿਵੇਂ ਉਹ ਇੱਕ ਮੂਰਤੀ ਹੋਵੇ |ਇਸ ਲਈ ਪਰਮੇਸ਼ੁਰ ਨੇ ਫੇਰ ਇਸਰਾਏਲੀਆਂ ਨੂੰ ਸਜ਼ਾ ਦਿੱਤੀ ਕਿਉਂਕਿ ਉਹਨਾਂ ਨੇ ਮੂਰਤੀ ਪੂਜਾ ਕੀਤੀ |ਪਰਮੇਸ਼ੁਰ ਨੇ ਉਹਨਾਂ ਦੇ ਦੁਸ਼ਮਣਾ ਨੂੰ ਆਗਿਆ ਦਿੱਤੀ ਕਿ ਉਹਨਾਂ ਨੂੰ ਹਰਾਉਣ |ਆਖ਼ਿਰਕਾਰ ਉਹਨਾਂ ਨੇ ਫੇਰ ਪਰਮੇਸ਼ੁਰ ਤੋਂ ਸਹਾਇਤਾ ਮੰਗੀ ਅਤੇ ਪਰਮੇਸ਼ੁਰ ਨੇ ਇੱਕ ਹੋਰ ਛੁਟਕਾਰਾ ਦੇਣ ਵਾਲਾ ਭੇਜਿਆ |

### ਗਿਦਾਊਨ ਨੇ ਕੀ ਕੀਤਾ ਜਿਸ ਨੇ ਬਾਅਦ ਵਿੱਚ ਲੋਕਾਂ ਦੀ ਮੂਰਤੀ ਪੂਜਾ ਵੱਲ ਅਗਵਾਈ ਕੀਤੀ ?

ਉਸ ਨੇ ਸੋਨੇ ਦੇ ਖ਼ਾਸ ਬਸਤਰ ਬਣਾਏ ਜਿਹਨਾਂ ਦੀ ਬਾਅਦ ਵਿੱਚ ਲੋਕਾਂ ਨੇ ਮੂਰਤੀ ਵਜੋਂ ਪੂਜਾ ਕੀਤੀ |

---

## 16:17

ਇਹ ਨਮੂਨਾ ਕਈ ਵਾਰ ਦੁਹਰਾਇਆ ਗਿਆ: ਇਸਰਾਏਲੀ ਪਾਪ ਕਰਦੇ, ਪਰਮੇਸ਼ੁਰ ਉਹਨਾਂ ਨੂੰ ਸਜ਼ਾ ਦਿੰਦਾ, ਉਹ ਤੋਬਾ ਕਰਦੇ, ਅਤੇ ਪਰਮੇਸ਼ੁਰ ਉਹਨਾਂ ਨੂੰ ਛੁਡਾਉਣ ਲਈ ਛੁਡਾਉਣ ਵਾਲਾ ਭੇਜਦਾ |ਕਈ ਸਾਲਾਂ ਤੋਂ ਪਰਮੇਸ਼ੁਰ ਨੇ ਬਹੁਤ ਸਾਰੇ ਛੁਡਾਉਣ ਵਾਲੇ ਭੇਜੇ ਜੋ ਇਸਰਾਏਲੀਆਂ ਨੂੰ ਉਹਨਾਂ ਦੇ ਦੁਸ਼ਮਣਾਂ ਤੋਂ ਛੁਡਾਉਣ |

### ਕਿਹੜਾ ਨਮੂਨਾ ਸੀ ਜੋ ਇਸਰਾਏਲ ਨੇ ਬਹੁਤ ਵਾਰ ਦੁਹਰਾਇਆ ?

ਇਸਰਾਏਲ ਪਾਪ ਕਰਦਾ ਰਿਹਾ, ਪਰਮੇਸ਼ੁਰ ਉਹਨਾਂ ਨੂੰ ਸਜਾ ਦਿੰਦਾ ਰਿਹਾ, ਉਹ ਤੋਬਾ ਕਰਦੇ ਰਹੇ, ਅਤੇ ਪਰਮੇਸ਼ੁਰ ਉਹਨਾਂ ਨੂੰ ਬਚਾਉਣ ਲਈ ਇੱਕ ਛੁਟਕਾਰਾ ਦੇਣ ਵਾਲਾ ਭੇਜਦਾ ਰਿਹਾ |

---

## 16:18

ਆਖ਼ਿਰਕਾਰ , ਲੋਕਾਂ ਨੇ ਪਰਮੇਸ਼ੁਰ ਕੋਲੋਂ ਇੱਕ ਰਾਜੇ ਦੀ ਮੰਗ ਕੀਤੀ ਜੋ ਉਹਨਾਂ ਦੀ ਲੜਾਈ ਵਿੱਚ ਅਗਵਾਈ ਕਰੇ |ਉਹ ਇੱਕ ਲੰਬਾ ਅਤੇ ਤਕੜਾ ਰਾਜਾ ਚਹੁੰਦੇ ਸਨ ਜੋ ਉਹਨਾਂ ਦੀ ਲੜਾਈ ਵਿੱਚ ਅਗਵਾਈ ਕਰ ਸਕੇ |ਪਰਮੇਸ਼ੁਰ ਨੇ ਇਹ ਬੇਨਤੀ ਪਸੰਦ ਨਹੀ ਕੀਤੀ ਪਰ ਫਿਰ ਵੀ ਉਸ ਨੇ ਉਹਨਾਂ ਦੀ ਮੰਗ ਅਨੁਸਾਰ ਇੱਕ ਰਾਜਾ ਦਿੱਤਾ |

### ਲੋਕਾਂ ਨੇ ਪਰਮੇਸ਼ੁਰ ਕੋਲੋਂ ਇੱਕ ਰਾਜਾ ਕਿਉਂ ਮੰਗਿਆ ?

ਦੂਸਰੀਆਂ ਸਾਰੀਆਂ ਜਾਤੀਆਂ ਕੋਲ ਰਾਜੇ ਸਨ, ਅਤੇ ਉਹ ਚਾਹੁੰਦੇ ਸਨ ਕੋਈ ਉਹਨਾਂ ਦੀ ਯੁੱਧ ਵਿੱਚ ਅਗਵਾਈ ਕਰੇ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਉਹਨਾਂ ਦੇ ਬੇਨਤੀ ਦਾ ਉੱਤਰ ਦਿੱਤਾ ?

ਉਸ ਨੇ ਉਹਨਾਂ ਨੂੰ ਇੱਕ ਰਾਜਾ ਦਿੱਤਾ ਜਿਸ ਤਰ੍ਹਾਂ ਦਾ ਉਹਨਾਂ ਨੇ ਮੰਗਿਆ ਸੀ |

# ਪਰਮੇਸ਼ੁਰ ਦਾ ਦਾਊਦ ਨਾਲ ਨੇਮ

## 17:01

ਸ਼ਾਊਲ ਇਸਰਾਏਲ ਦਾ ਪਹਿਲਾ ਰਾਜਾ ਸੀ |ਉਹ ਲੰਬਾ ਅਤੇ ਖ਼ੂਬਸੂਰਤ ਸੀ, ਬਿਲਕੁੱਲ ਉਸੇ ਤਰ੍ਹਾਂ ਜਿਸ ਤਰ੍ਹਾਂ ਲੋਕ ਚਾਹੁੰਦੇ ਸਨ |ਸ਼ਾਊਲ ਪਹਿਲੇ ਕੁੱਝ ਸਾਲ ਚੰਗਾ ਰਾਜਾ ਰਿਹਾ ਅਤੇ ਉਸ ਨੇ ਇਸਰਾਏਲ ਉੱਤੇ ਰਾਜ ਕੀਤਾ |ਪਰ ਤਦ ਉਹ ਬੁਰਾ ਵਿਅਕਤੀ ਬਣ ਗਿਆ ਜਿਸ ਨੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਨਾ ਕੀਤੀ ਇਸ ਲਈ ਪਰਮੇਸ਼ੁਰ ਨੇ ਇੱਕ ਹੋਰ ਵਿਅਕਤੀ ਨੂੰ ਚੁਣ ਲਿਆ ਜੋ ਇੱਕ ਦਿਨ ਉਸ ਦੀ ਜਗ੍ਹਾ ਰਾਜਾ ਹੋਵੇਗਾ |

### ਇਸਰਾਏਲ ਦਾ ਪਹਿਲਾ ਰਾਜਾ ਸ਼ਾਊਲ ਚੰਗਾ ਸੀ ਜਾਂ ਮਾੜਾ ਸੀ ?

ਪਹਿਲੇ ਕੁੱਝ ਸਾਲਾਂ ਲਈ ਉਹ ਚੰਗਾ ਸੀ ਪਰ ਬਾਅਦ ਵਿੱਚ ਉਹ ਦੁਸ਼ਟ ਬਣ ਗਿਆ |

---

## 17:02

ਪਰਮੇਸ਼ੁਰ ਨੇ ਇੱਕ ਨੌਜਵਾਨ ਇਸਰਾਏਲੀ ਨੂੰ ਚੁਣਿਆ ਜਿਸ ਦਾ ਨਾਮ ਦਾਊਦ ਸੀ ਤਾਂ ਕਿ ਉਹ ਸ਼ਾਊਲ ਤੋਂ ਬਾਅਦ ਰਾਜਾ ਬਣੇ |ਦਾਊਦ ਬੈਤਲਹਮ ਨਗਰ ਦਾ ਇੱਕ ਆਜੜੀ ਸੀ |ਜਦੋਂ ਉਹ ਆਪਣੇ ਪਿਤਾ ਦੀਆਂ ਭੇਡਾਂ ਚਾਰਦਾ ਸੀ ਤਾਂ ਉਸ ਨੇ ਇੱਕ ਸ਼ੇਰ ਅਤੇ ਇੱਕ ਭੇੜੀਏ ਨੂੰ ਮਾਰਿਆ ਜਿਹਨਾਂ ਨੇ ਭੇਡਾਂ ਉੱਤੇ ਹਮਲਾ ਕੀਤਾ ਸੀ | ਦਾਊਦ ਇੱਕ ਨਮਰ ਅਤੇ ਧਰਮੀ ਵਿਅਕਤੀ ਸੀ ਜੋ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰਦਾ ਅਤੇ ਉਸ ਉੱਤੇ ਭਰੋਸਾ ਰੱਖਦਾ ਸੀ |

### ਰਾਜਾ ਬਣਨ ਤੋਂ ਪਹਿਲਾਂ ਦਾਊਦ ਦਾ ਕੀ ਧੰਦਾ ਸੀ ?

ਉਹ ਇੱਕ ਚਰਵਾਹਾ ਸੀ ਜੋ ਭੇਡਾਂ ਦੀ ਦੇਖ਼-ਭਾਲ ਕਰਦਾ ਸੀ |

---

## 17:03

ਦਾਊਦ ਇੱਕ ਮਹਾਨ ਸਿਪਾਹੀ ਅਤੇ ਅਗੁਵਾ ਬਣਿਆ |ਜਦੋਂ ਦਾਊਦ ਅਜੇ ਲੜਕਾ ਹੀ ਸੀ ਉਹ ਇੱਕ ਸੂਰਮੇ ਨਾਲ ਲੜਿਆ ਜਿਸ ਦਾ ਨਾਮ ਗੋਲਿਅਥ ਸੀ |ਗੋਲਿਅਥ ਸਿੱਖਿਆ ਹੋਇਆ, ਬਹੁਤ ਤਕੜਾ ਸਿਪਾਹੀ ਸੀ ਅਤੇ ਲਗਭੱਗ ਤਿੰਨ ਮੀਟਰ ਲੰਬਾ ਸੀ |ਪਰ ਪਰਮੇਸ਼ੁਰ ਨੇ ਗੋਲਿਅਥ ਨੂੰ ਮਾਰਨ ਲਈ ਦਾਊਦ ਦੀ ਮਦਦ ਕੀਤੀ |ਉਸ ਤੋਂ ਬਾਅਦ ਦਾਊਦ ਨੇ ਇਸਰਾਏਲ ਦੇ ਦੁਸ਼ਮਣਾਂ ਉੱਤੇ ਬਹੁਤ ਸਾਰੀਆਂ ਜਿੱਤਾਂ ਹਾਸਲ ਕੀਤੀਆਂ ਜਿਸ ਲਈ ਲੋਕ ਉਸ ਦੀ ਪ੍ਰਸ਼ੰਸਾ ਕਰਦੇ ਸਨ |

### ਇਹ ਕਿਉਂ ਅਜੀਬ ਗੱਲ ਸੀ ਕਿ ਦਾਊਦ ਗੋਲਿਅਥ ਨੂੰ ਮਾਰਨ ਦੇ ਯੋਗ ਸੀ ?

ਗੋਲਿਅਥ ਇੱਕ ਸਿੱਖਿਆ ਹੋਇਆ ਸਿਪਾਹੀ ਸੀ, ਬਹੁਤ ਤਕੜਾ, ਅਤੇ ਲੱਗ-ਭੱਗ ਤਿੰਨ ਮੀਟਰ ਲੰਬਾ !

### ਇਸਰਾਏਲ ਦੇ ਲੋਕਾਂ ਨੇ ਦਾਊਦ ਦੀ ਪ੍ਰਸ਼ੰਸਾ ਕਿਉਂ ਕੀਤੀ ?

ਉਸ ਨੇ ਇਸਰਾਏਲ ਦੇ ਦੁਸ਼ਮਣਾ ਉੱਤੇ ਫਤਹਿ ਪਾਈ |

---

## 17:04

ਦਾਊਦ ਪ੍ਰਤੀ ਲੋਕਾਂ ਦੇ ਪਿਆਰ ਕਰਕੇ ਸ਼ਾਊਲ ਅੰਦਰ ਜਲਨ ਸੀ |ਸ਼ਾਊਲ ਨੇ ਬਹੁਤ ਵਾਰੀ ਉਸ ਨੂੰ ਮਾਰਨਾ ਚਾਹਿਆ ਇਸ ਲਈ ਦਾਊਦ ਉਸ ਤੋਂ ਛੁੱਪ ਗਿਆ |ਇੱਕ ਦਿਨ ਸ਼ਾਊਲ ਦਾਊਦ ਨੂੰ ਲੱਭ ਰਿਹਾ ਸੀ ਕਿ ਉਸ ਨੂੰ ਮਾਰ ਦੇਵੇ |ਸ਼ਾਊਲ ਇੱਕ ਗੁਫਾ ਦੇ ਅੰਦਰ ਗਿਆ ਜਿੱਥੇ ਦਾਊਦ ਸ਼ਾਊਲ ਕੋਲੋਂ ਛੁਪਿਆ ਹੋਇਆ ਸੀ,ਪਰ ਸ਼ਾਊਲ ਨੇ ਉਸ ਨੂੰ ਨਾ ਦੇਖਿਆ |ਹੁਣ ਦਾਊਦ ਸ਼ਾਊਲ ਦੇ ਬਹੁਤ ਹੀ ਨਜਦੀਕ ਸੀ ਅਤੇ ਉਸ ਨੂੰ ਮਾਰ ਸਕਦਾ ਸੀ ਪਰ ਉਸ ਨੇ ਐਸਾ ਨਹੀਂ ਕੀਤਾ |ਇਸ ਦੀ ਬਜਾਇ, ਦਾਊਦ ਨੇ ਸ਼ਾਊਲ ਦੇ ਕੱਪੜੇ ਦੀ ਇੱਕ ਟਾਕੀ ਕੱਟ ਲਈ ਕਿ ਸ਼ਾਊਲ ਨੂੰ ਦਿਖਾਵੇ ਕਿ ਉਹ ਰਾਜਾ ਬਣਨ ਲਈ ਉਸ ਨੂੰ ਨਹੀਂ ਮਾਰੇਗਾ |

### ਦਾਊਦ ਨੇ ਕੀ ਕੀਤਾ ਜਦੋਂ ਉਸ ਨੂੰ ਗੁਫਾ ਵਿੱਚ ਮੌਕਾ ਮਿਲਿਆ ਕਿ ਉਹ ਸ਼ਾਊਲ ਨੂੰ ਮਾਰੇ ?

ਉਸ ਨੇ ਸ਼ਾਊਲ ਨੂੰ ਬਖਸ਼ਿਆ ਅਤੇ ਸਿਰਫ਼ ਉਸਦੇ ਬਸਤਰ ਦੀ ਇੱਕ ਟਾਕੀ ਕੱਟ ਲਈ |

---

## 17:05

ਆਖ਼ਿਰਕਾਰ ਸ਼ਾਊਲ ਯੁੱਧ ਵਿੱਚ ਮਾਰਿਆ ਗਿਆ ਅਤੇ ਦਾਊਦ ਇਸਰਾਏਲ ਦਾ ਰਾਜਾ ਬਣ ਗਿਆ |ਉਹ ਇੱਕ ਚੰਗਾ ਰਾਜਾ ਸੀ ਅਤੇ ਲੋਕ ਉਸਨੂੰ ਪਿਆਰ ਕਰਦੇ ਸਨ |ਪਰਮੇਸ਼ੁਰ ਨੇ ਦਾਊਦ ਨੂੰ ਬਰਕਤ ਦਿੱਤੀ ਅਤੇ ਉਹ ਸਫਲ ਹੋਇਆ |ਦਾਊਦ ਨੇ ਬਹੁਤ ਸਾਰੀਆਂ ਲੜਾਈਆਂ ਲੜੀਆਂ ਅਤੇ ਪਰਮੇਸ਼ੁਰ ਨੇ ਇਸਰਾਏਲ ਦੇ ਦੁਸ਼ਮਣਾਂ ਨੂੰ ਹਰਾਉਣ ਵਿੱਚ ਉਸ ਦੀ ਮਦਦ ਕੀਤੀ |ਦਾਊਦ ਨੇ ਯਰੂਸ਼ਲਮ ਨੂੰ ਜਿੱਤਿਆ ਅਤੇ ਆਪਣਾ ਰਾਜਧਾਨੀ ਸ਼ਹਿਰ ਬਣਾਇਆ |ਦਾਊਦ ਦੇ ਰਾਜ ਕਾਲ ਵਿੱਚ ਇਸਰਾਏਲ ਤਾਕਤਵਰ ਅਤੇ ਧਨੀ ਬਣਿਆ |

### ਉਹ ਕਿਹੜਾ ਸ਼ਹਿਰ ਸੀ ਜਿਸ ਨੂੰ ਦਾਊਦ ਨੇ ਜਿੱਤਿਆ ਅਤੇ ਬਾਅਦ ਵਿੱਚ ਆਪਣੀ ਰਾਜਧਾਨੀ ਬਣਾਇਆ ?

ਯਰੂਸ਼ਲਮ |

---

## 17:06

ਦਾਊਦ ਇੱਕ ਮੰਦਰ ਬਣਾਉਣਾ ਚਾਹੁੰਦਾ ਸੀ ਜਿੱਥੇ ਸਾਰੇ ਇਸਰਾਏਲੀ ਪਰਮੇਸ਼ੁਰ ਦੀ ਬੰਦਗੀ ਕਰਨ ਅਤੇ ਉਸ ਨੂੰ ਬਲੀਆਂ ਭੇਂਟ ਕਰਨ |ਲਗਭੱਗ 400 ਸਾਲਾਂ ਤੋਂ ਲੋਕ ਮੂਸਾ ਦੁਆਰਾ ਬਣਾਏ ਗਏ ਮਿਲਾਪ ਦੇ ਤੰਬੂ ਸਾਹਮਣੇ ਪਰਮੇਸ਼ੁਰ ਦੀ ਬੰਦਗੀ ਕਰਦੇ ਅਤੇ ਬਲੀਆਂ ਦਿੰਦੇ ਸਨ |

### ਦਾਊਦ ਪਰਮੇਸ਼ੁਰ ਲਈ ਕੀ ਬਣਾਉਣਾ ਚਾਹੁੰਦਾ ਸੀ ?

ਦਾਊਦ ਨੇ ਇੱਕ ਮੰਦਰ ਬਣਾਉਣਾ ਚਾਹਿਆ ਜਿੱਥੇ ਸਾਰੇ ਇਸਰਾਏਲੀ ਪਰਮੇਸ਼ੁਰ ਲਈ ਬਲੀਆਂ ਦੇ ਸਕਣ ਅਤੇ ਉਸ ਦੀ ਅਰਾਧਨਾ ਕਰ ਸਕਣ |

---

## 17:07

ਪਰ ਪਰਮੇਸ਼ੁਰ ਨੇ ਦਾਊਦ ਕੋਲ ਨਬੀ ਨਾਥਾਨ ਨੂੰ ਇਸ ਸੰਦੇਸ਼ ਨਾਲ ਭੇਜਿਆ, “ਕਿਉਂਕਿ ਤੂੰ ਇੱਕ ਯੁੱਧ ਵਾਲਾ ਵਿਅਕਤੀ ਹੈਂ, ਤੂੰ ਮੇਰੇ ਲਈ ਇਹ ਮੰਦਰ ਨਹੀਂ ਬਣਾਵੇਗਾ |ਤੇਰਾ ਪੁੱਤਰ ਇਸ ਨੂੰ ਬਣਾਵੇਗਾ |ਪਰ, ਮੈਂ ਤੈਨੂੰ ਬਹੁਤਾਇਤ ਨਾਲ ਬਰਕਤ ਦੇਵਾਂਗਾ |ਤੇਰੀ ਔਲਾਦ ਵਿੱਚੋਂ ਇੱਕ ਮੇਰੇ ਲੋਕਾਂ ਉੱਤੇ ਹਮੇਸ਼ਾਂ ਲਈ ਰਾਜਾ ਹੋਵੇਗਾ !”ਦਾਊਦ ਦੀ ਔਲਾਦ ਵਿੱਚੋਂ ਹਮੇਸ਼ਾਂ ਰਾਜ ਕਰਨ ਵਾਲਾ ਸਿਰਫ਼ ਮਸੀਹਾ ਹੀ ਹੋ ਸਕਦਾ ਹੈ |ਮਸੀਹਾ ਪਰਮੇਸ਼ੁਰ ਦਾ ਚੁਣਿਆ ਹੋਇਆ ਹੈ ਜੋ ਸੰਸਾਰ ਦੇ ਲੋਕਾਂ ਨੂੰ ਉਹਨਾਂ ਦੇ ਪਾਪ ਤੋਂ ਬਚਾਵੇਗਾ |

### ਪਰਮੇਸ਼ੁਰ ਨੇ ਦਾਊਦ ਨੂੰ ਮੰਦਰ ਬਣਾਉਣ ਦੀ ਮਨਜ਼ੂਰੀ ਕਿਉਂ ਨਾ ਦਿੱਤੀ ?

ਦਾਊਦ ਯੁੱਧ ਕਰਨ ਵਾਲਾ ਵਿਅਕਤੀ ਸੀ |

### ਪਰਮੇਸ਼ੁਰ ਨੇ ਕਿਸ ਨੂੰ ਕਿਹਾ ਕਿ ਉਹ ਉਸਦਾ ਮੰਦਰ ਬਣਾਵੇਗਾ ?

ਦਾਊਦ ਦਾ ਪੁੱਤਰ ਮੰਦਰ ਬਣਾਵੇਗਾ |

### ਕਿਹੜਾ ਮਹਾਨ ਵਾਅਦਾ ਪਰਮੇਸ਼ੁਰ ਨੇ ਦਾਊਦ ਨੂੰ ਦਿੱਤਾ ਸੀ ?

ਪਰਮੇਸ਼ੁਰ ਨੇ ਦਾਊਦ ਨਾਲ ਵਾਅਦਾ ਕੀਤਾ ਉਸਦੀ ਸੰਤਾਨ ਪਰਮੇਸ਼ੁਰ ਦੇ ਲੋਕਾਂ ਉੱਤੇ ਹਮੇਸ਼ਾ ਰਾਜ ਕਰੇਗੀ |

### ਕਿਹੜਾ ਮਹਾਨ ਕੰਮ ਮਸੀਹਾ ਕਰੇਗਾ ?

ਉਹ ਜਗਤ ਦੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਬਚਾਵੇਗਾ |

---

## 17:08

ਜਦੋਂ ਦਾਊਦ ਨੇ ਇਹ ਵਚਨ ਸੁਣੇ ਤਾਂ ਉਸ ਨੇ ਇੱਕ ਦਮ ਪਰਮੇਸ਼ੁਰ ਦਾ ਧੰਨਵਾਦ ਕੀਤਾ ਅਤੇ ਉਸ ਦੀ ਅਰਾਧਨਾ ਕੀਤੀ ਕਿਉਂਕਿ ਉਸ ਨੇ ਦਾਊਦ ਨਾਲ ਇਹ ਮਹਾਨ ਆਦਰ ਅਤੇ ਬਹੁਤੀਆਂ ਬਰਕਤਾਂ ਲਈ ਵਾਇਦਾ ਕੀਤਾ ਸੀ |ਦਾਊਦ ਨਹੀਂ ਜਾਣਦਾ ਸੀ ਕਿ ਪਰਮੇਸ਼ੁਰ ਇਹਨਾਂ ਗੱਲਾਂ ਨੂੰ ਕਦੋਂ ਕਰੇਗਾ | ਪਰ ਜਿੱਦਾਂ ਇਹ ਹੋਇਆ, ਇਸ ਤੋਂ ਪਹਿਲਾਂ ਕਿ ਮਸੀਹਾ ਆਉਂਦਾ ਇਸਰਾਏਲੀਆਂ ਨੂੰ ਲੰਬਾ ਸਮਾਂ ਇੰਤਜਾਰ ਕਰਨਾ ਪਿਆ, ਲਗਭੱਗ 1000 ਸਾਲ |

---

## 17:09

ਦਾਊਦ ਨੇ ਬਹੁਤ ਸਾਲ ਧਰਮ ਅਤੇ ਵਿਸ਼ਵਾਸਯੋਗਤਾ ਨਾਲ ਰਾਜ ਕੀਤਾ ਅਤੇ ਪਰਮੇਸ਼ੁਰ ਨੇ ਉਸ ਨੂੰ ਬਰਕਤ ਦਿੱਤੀ |ਫਿਰ ਵੀ, ਉਸ ਦੇ ਜੀਵਨ ਦੇ ਅੰਤ ਵਿੱਚ ਉਸ ਨੇ ਪਰਮੇਸ਼ੁਰ ਵਿਰੁੱਧ ਭਿਆਨਕ ਪਾਪ ਕੀਤਾ |

---

## 17:10

ਇੱਕ ਦਿਨ, ਜਦੋਂ ਦਾਊਦ ਦੇ ਸਾਰੇ ਸਿਪਾਹੀ ਘਰ ਤੋਂ ਦੂਰ ਯੁੱਧ ਲੜ ਰਹੇ ਸਨ ਤਾਂ ਉਸਨੇ ਆਪਣੇ ਮਹਿਲ ਤੋਂ ਬਾਹਰ ਇੱਕ ਖ਼ੂਬਸੂਰਤ ਔਰਤ ਨੂੰ ਨਹਾਉਂਦੀ ਦੇਖਿਆ |ਉਸ ਦਾ ਨਾਮ ਬਥਸ਼ਬਾ ਸੀ |

### ਕਿਹੜਾ ਭਿਆਨਕ ਪਾਪ ਦਾਊਦ ਨੇ ਆਪਣੇ ਆਖ਼ਰੀ ਦਿਨਾਂ ਵਿੱਚ ਕੀਤਾ ?

ਉਹ ਊਰਿਯਾਹ ਦੀ ਪਤਨੀ ਬਥ-ਸ਼ਬਾ ਨਾਲ ਸੁੱਤਾ ਅਤੇ ਊਰਿਯਾਹ ਨੂੰ ਮਾਰ ਦਿੱਤਾ |

---

## 17:11

ਇਸ ਦੇ ਬਜਾਇ, ਦਾਊਦ ਆਪਣਾ ਧਿਆਨ ਹਟਾਉਂਦਾ ਉਸ ਨੇ ਕਿਸੇ ਨੂੰ ਭੇਜਿਆ ਕਿ ਉਸ ਔਰਤ ਨੂੰ ਲਿਆਵੇ |ਉਸ ਨੇ ਉਸ ਨਾਲ ਸੰਗ ਕੀਤਾ ਅਤੇ ਉਸ ਨੂੰ ਭੇਜ ਦਿੱਤਾ |ਕੁੱਝ ਸਮੇਂ ਬਾਅਦ ਬਥਸ਼ਬਾ ਨੇ ਦਾਊਦ ਕੋਲ ਸੰਦੇਸ਼ ਭੇਜਿਆ ਕਿ ਉਹ ਗਰਭਵਤੀ ਹੈ |

### ਕਿਹੜਾ ਭਿਆਨਕ ਪਾਪ ਦਾਊਦ ਨੇ ਆਪਣੇ ਆਖ਼ਰੀ ਦਿਨਾਂ ਵਿੱਚ ਕੀਤਾ ?

ਉਹ ਊਰਿਯਾਹ ਦੀ ਪਤਨੀ ਬਥ-ਸ਼ਬਾ ਨਾਲ ਸੁੱਤਾ ਅਤੇ ਊਰਿਯਾਹ ਨੂੰ ਮਾਰ ਦਿੱਤਾ |

---

## 17:12

ਬਥਸ਼ਬਾ ਦਾ ਪਤੀ ਊਰਿੱਯਾਹ ਦਾਊਦ ਦਾ ਵਧੀਆ ਸਿਪਾਹੀ ਸੀ |ਦਾਊਦ ਨੇ ਊਰਿੱਯਾਹ ਨੂੰ ਯੁੱਧ ਵਿੱਚੋਂ ਪਿੱਛੇ ਬੁਲਾਇਆ ਅਤੇ ਉਸ ਨੂੰ ਕਿਹਾ ਜਾਹ ਅਤੇ ਆਪਣੀ ਪਤਨੀ ਨਾਲ ਸੌਂ ਜਾਹ |ਪਰ ਊਰਿੱਯਾਹ ਨੇ ਘਰ ਜਾਣ ਤੋਂ ਇਨਕਾਰ ਕੀਤਾ ਜਦ ਬਾਕੀ ਦੇ ਦੂਸਰੇ ਸਿਪਾਹੀ ਯੁੱਧ ਵਿੱਚ ਹਨ |ਇਸ ਲਈ ਦਾਊਦ ਨੇ ਊਰਿੱਯਾਹ ਨੂੰ ਯੁੱਧ ਵਿੱਚ ਵਾਪਸ ਭੇਜ ਦਿੱਤਾ ਅਤੇ ਜਰਨਲ ਨੂੰ ਕਿਹਾ ਕਿ ਉਸ ਨੂੰ ਉਸ ਜਗ੍ਹਾ ਤੇ ਰੱਖੇ ਜਿੱਥੇ ਦੁਸ਼ਮਣ ਤਕੜਾ ਹੋਵੇ ਤਾਂ ਕਿ ਉਹ ਮਾਰਿਆ ਜਾਵੇ |

### ਕਿਹੜਾ ਭਿਆਨਕ ਪਾਪ ਦਾਊਦ ਨੇ ਆਪਣੇ ਆਖ਼ਰੀ ਦਿਨਾਂ ਵਿੱਚ ਕੀਤਾ ?

ਉਹ ਊਰਿਯਾਹ ਦੀ ਪਤਨੀ ਬਥ-ਸ਼ਬਾ ਨਾਲ ਸੁੱਤਾ ਅਤੇ ਊਰਿਯਾਹ ਨੂੰ ਮਾਰ ਦਿੱਤਾ |

---

## 17:13

ਊਰਿੱਯਾਹ ਦੇ ਮਾਰਨ ਤੋਂ ਬਾਅਦ ਦਾਊਦ ਨੇ ਬਥਸ਼ਬਾ ਨਾਲ ਵਿਆਹ ਕਰ ਲਿਆ |ਬਾਅਦ ਵਿੱਚ , ਉਸ ਨੇ ਦਾਊਦ ਦੇ ਲੜਕੇ ਨੂੰ ਜਨਮ ਦਿੱਤਾ |ਜੋ ਕੁੱਝ ਦਾਊਦ ਨੇ ਕੀਤਾ ਸੀ ਉਸ ਉੱਤੇ ਪਰਮੇਸ਼ੁਰ ਬਹੁਤ ਗੁੱਸੇ ਸੀ ਇਸ ਲਈ ਉਸ ਨੇ ਨਬੀ ਨਾਥਾਨ ਨੂੰ ਭੇਜਿਆ ਕਿ ਦਾਊਦ ਨੂੰ ਦੱਸੇ ਕਿ ਉਸ ਦਾ ਪਾਪ ਕਿੰਨਾ

ਬੁਰਾ ਸੀ |ਦਾਊਦ ਨੇ ਆਪਣੇ ਪਾਪ ਤੋਂ ਤੋਬਾ ਕੀਤੀ ਅਤੇ ਪਰਮੇਸ਼ੁਰ ਨੇ ਉਸ ਨੂੰ ਮਾਫ਼ ਕੀਤਾ |ਆਪਣੀ ਬਾਕੀ ਜ਼ਿੰਦਗੀ ਵਿੱਚ ਦਾਊਦ ਨੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕੀਤੀ ਅਤੇ ਉਸ ਦੇ ਪਿੱਛੇ ਚੱਲਿਆ, ਇੱਥੋਂ ਤੱਕ ਕਿ ਮੁਸਕਲ ਘੜੀ ਵਿੱਚ ਵੀ |

### ਜਦੋਂ ਨਾਥਾਨ ਨੇ ਦਾਊਦ ਦਾ ਉਸਦੇ ਪਾਪ ਲਈ ਸਾਹਮਣਾ ਕੀਤਾ ਤਾਂ ਉਸ ਨੇ ਕੀ ਕੀਤਾ ?

ਦਾਊਦ ਨੇ ਆਪਣੇ ਪਾਪ ਤੋਂ ਤੋਬਾ ਕੀਤੀ ਅਤੇ ਪਰਮੇਸ਼ੁਰ ਨੇ ਉਸ ਨੂੰ ਮਾਫ਼ ਕਰ ਦਿੱਤਾ |

---

## 17:14

ਪਰ ਦਾਊਦ ਦੇ ਪਾਪ ਦੀ ਸਜਾ ਵਜੋਂ ਉਸਦਾ ਲੜਕਾ ਮਰ ਗਿਆ |ਅਤੇ ਉਸਦੇ ਬਾਕੀ ਜੀਵਨ ਕਾਲ ਵਿੱਚ ਉਸਦਾ ਪਰਿਵਾਰ ਲੜਦਾ ਰਿਹਾ ਅਤੇ ਦਾਊਦ ਦੀ ਸ਼ਕਤੀ ਬਹੁਤ ਘੱਟ ਗਈ ਸੀ |ਚਾਹੇ ਦਾਊਦ ਬੇਵਫਾ ਹੋਇਆ ਪਰ ਪਰਮੇਸ਼ੁਰ ਫਿਰ ਵੀ ਉਸ ਨਾਲ ਕੀਤੇ ਵਾਦਿਆਂ ਪ੍ਰਤੀ ਵਫ਼ਾਦਾਰ ਰਿਹਾ |ਬਾਅਦ ਵਿੱਚ , ਦਾਊਦ ਅਤੇ ਬਥਸ਼ਬਾ ਦੇ ਇੱਕ ਹੋਰ ਪੁੱਤਰ ਹੋਇਆ ਉਹਨਾਂ ਨੇ ਉਸ ਦਾ ਨਾਮ ਸੁਲੇਮਾਨ ਰੱਖਿਆ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਦਾਊਦ ਨੂੰ ਉਸਦੇ ਪਾਪ ਦੀ ਸਜ਼ਾ ਦਿੱਤੀ ?

ਦਾਊਦ ਦਾ ਲੜਕਾ ਮਰ ਗਿਆ, ਸਾਰੀ ਜ਼ਿੰਦਗੀ ਦਾਊਦ ਦੇ ਘਰਾਣੇ ਵਿੱਚ ਲੜਾਈ ਰਹੀ ਅਤੇ ਦਾਊਦ ਦੀ ਸ਼ਕਤੀ ਬਹੁਤ ਘੱਟ ਗਈ |

### ਕੀ ਪਰਮੇਸ਼ੁਰ ਦਾਊਦ ਦੀ ਬੇਵਫ਼ਾਈ ਦੇ ਬਾਵਜੂਦ ਵੀ ਦਾਊਦ ਨਾਲ ਆਪਣੇ ਵਾਅਦੇ ਬਣਾਈ ਰੱਖਦਾ ਹੈ ?

ਹਾਂ |

### ਬਾਅਦ ਵਿੱਚ ਦਾਊਦ ਅਤੇ ਬਥ-ਸ਼ਬਾ ਦੇ ਪੈਦਾ ਹੋਏ ਲੜਕੇ ਦਾ ਕੀ ਨਾਮ ਸੀ ?

ਸੁਲੇਮਾਨ |

# ਵੰਡਿਆ ਹੋਇਆ ਰਾਜ

## 18:01

ਬਹੁਤ ਸਾਲ ਬਾਅਦ, ਦਾਊਦ ਮਰ ਗਿਆ ਅਤੇ ਉਸਦਾ ਪੁੱਤਰ ਸੁਲੇਮਾਨ ਇਸਰਾਏਲ ਉੱਤੇ ਰਾਜ ਕਰਨ ਲੱਗਾ |ਪਰਮੇਸ਼ੁਰ ਨੇ ਸੁਲੇਮਾਨ ਨਾਲ ਗੱਲ ਕੀਤੀ ਅਤੇ ਪੁੱਛਿਆ ਕਿ ਉਹ ਸਭ ਤੋਂ ਜ਼ਿਆਦਾ ਕੀ ਚਾਹੁੰਦਾ ਹੈ |ਜਦੋਂ ਸੁਲੇਮਾਨ ਨੇ ਬੁੱਧੀ ਮੰਗੀ ਤਾਂ ਪਰਮੇਸ਼ੁਰ ਖੁਸ਼ ਹੋਇਆ ਅਤੇ ਉਸ ਨੂੰ ਸੰਸਾਰ ਦਾ ਸਭ ਤੋਂ ਬੁੱਧੀਮਾਨ ਵਿਅਕਤੀ ਬਣਾਇਆ |ਸੁਲੇਮਾਨ ਨੇ ਬਹੁਤ ਗੱਲਾਂ ਸਿੱਖੀਆਂ ਅਤੇ ਬਹੁਤ ਬੁੱਧੀਮਾਨ ਨਿਆਈ ਬਣਿਆ |ਪਰਮੇਸ਼ੁਰ ਨੇ ਉਸ ਨੂੰ ਬਹੁਤ ਧਨੀ ਵੀ ਬਣਾਇਆ |

### ਸੁਲੇਮਾਨ ਨੇ ਪਰਮੇਸ਼ੁਰ ਤੋਂ ਕੀ ਮੰਗਿਆ ਕੀ ਉਹ ਨੂੰ ਦੇਵੇ ?

ਬੁੱਧੀ |

---

## 18:02

ਸੁਲੇਮਾਨ ਨੇ ਯਰੂਸ਼ਲਮ ਵਿੱਚ ਮੰਦਰ ਬਣਾਇਆ ਜਿਸ ਲਈ ਉਸ ਦੇ ਪਿਤਾ ਨੇ ਯੋਜਨਾ ਬਣਾਈ ਅਤੇ ਸਮਾਨ ਇੱਕਠਾ ਕੀਤਾ ਸੀ |ਹੁਣ ਲੋਕ ਮਿਲਾਪ ਵਾਲੇ ਤੰਬੂ ਦੀ ਬਜਾਇ ਪਰਮੇਸ਼ੁਰ ਦੀ ਅਰਾਧਨਾ ਅਤੇ ਬਲੀਦਾਨ ਮੰਦਰ ਵਿੱਚ ਚੜ੍ਹਾਉਂਦੇ ਸਨ |ਪਰਮੇਸ਼ੁਰ ਆਇਆ ਅਤੇ ਮੰਦਰ ਵਿੱਚ ਵਿਰਾਜਮਾਨ ਹੋਇਆ ਅਤੇ ਆਪਣੇ ਲੋਕਾਂ ਨਾਲ ਵਾਸ ਕੀਤਾ |

### ਸੁਲੇਮਾਨ ਜੋ ਮੰਦਰ ਬਣਾਇਆ ਉਸ ਦਾ ਕੀ ਉਦੇਸ਼ ਸੀ ?

ਇਹ ਲੋਕਾਂ ਲਈ ਪਰਮੇਸ਼ੁਰ ਨੂੰ ਬਲੀਆਂ ਦੇਣ ਅਤੇ ਉਸਦੀ ਅਰਾਧਨਾ ਕਰਨ ਦਾ ਸਥਾਨ ਸੀ |

---

## 18:03

ਪਰ ਸੁਲੇਮਾਨ ਦੂਸਰੇ ਦੇਸਾਂ ਦੀਆਂ ਔਰਤਾਂ ਨੂੰ ਪਸੰਦ ਕਰਦਾ ਸੀ |ਉਸ ਨੇ ਬਹੁਤ ਸਾਰੀਆਂ ਔਰਤਾਂ ਨਾਲ ਵਿਆਹ ਕਰਕੇ ਪਰਮੇਸ਼ੁਰ ਪ੍ਰਤੀ ਅਣਆਗਿਆਕਾਰੀ ਕੀਤੀ ਜੋ ਲਗਭੱਗ 1000 ਔਰਤਾਂ ਸਨ |ਜ਼ਿਆਦਾਤਰ ਇਹ ਔਰਤਾਂ ਪਰਾਏ ਦੇਸਾਂ ਤੋਂ ਸਨ ਜਿਹਨਾਂ ਨੇ ਆਪਣੇ ਨਾਲ ਆਪਣੇ ਦੇਵਤੇ ਲਿਆਂਦੇ ਅਤੇ ਉਹਨਾਂ ਦੀ ਪੂਜਾ ਜਾਰੀ ਰੱਖੀ |ਜਦੋਂ ਸੁਲੇਮਾਨ ਬੁੱਢਾ ਹੋ ਗਿਆ ਤਾਂ ਉਸ ਨੇ ਵੀ ਉਹਨਾਂ ਦੀ ਪੂਜਾ ਕੀਤੀ |

### ਸੁਲੇਮਾਨ ਨੇ ਕਿਹੜੇ ਗੰਭੀਰ ਪਾਪ ਕੀਤੇ ?

ਉਸ ਨੇ ਬਹੁਤ ਵਿਦੇਸ਼ੀ ਔਰਤਾਂ ਨਾਲ ਵਿਆਹ ਕੀਤਾ ਅਤੇ ਆਪਣੇ ਬੁਢਾਪੇ ਦੇ ਦਿਨਾਂ ਵਿੱਚ ਉਹਨਾਂ ਦੇ ਦੇਵਤਿਆਂ ਦੀ ਪੂਜਾ ਕੀਤੀ |

---

## 18:04

ਪਰਮੇਸ਼ੁਰ ਸੁਲੇਮਾਨ ਨਾਲ ਗੁੱਸੇ ਸੀ ਅਤੇ ਸੁਲੇਮਾਨ ਦੀ ਅਣਆਗਿਆਕਾਰੀ ਦੀ ਸਜਾ ਵਜੋਂ ਸੁਲੇਮਾਨ ਦੀ ਮੌਤ ਤੋਂ ਬਾਅਦ ਪਰਮੇਸ਼ੁਰ ਨੇ ਇਸਰਾਏਲ ਨੂੰ ਦੋ ਰਾਜਾਂ ਵਿੱਚ ਵੰਡ ਦਿੱਤਾ |

### ਪਰਮੇਸ਼ੁਰ ਨੇ ਸੁਲੇਮਾਨ ਦੇ ਪਾਪ ਦੀ ਸਜ਼ਾ ਕਿਵੇਂ ਦਿੱਤੀ ?

ਸੁਲੇਮਾਨ ਦੀ ਮੌਤ ਤੋਂ ਬਾਅਦ ਪਰਮੇਸ਼ੁਰ ਨੇ ਇਸਰਾਏਲ ਦੇ ਸਾਮਰਾਜ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ |

---

## 18:05

ਸੁਲੇਮਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਰਹਬੁਆਮ ਰਾਜਾ ਬਣਿਆ |ਰਹਬੁਆਮ ਇੱਕ ਮੂਰਖ ਵਿਅਕਤੀ ਸੀ |ਇਸਰਾਏਲ ਜਾਤੀ ਦੇ ਸਾਰੇ ਲੋਕ ਇੱਕਠੇ ਮਿਲਕੇ ਉਸਨੂੰ ਰਾਜਾ ਥਾਪਣ ਆਏ |ਸਭ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਉਸ ਦੇ ਪਿਤਾ ਨੇ ਉਹਨਾਂ ਤੋਂ ਬਹੁਤ ਮਿਹਨਤ ਕਰਾਈ ਅਤੇ ਬਹੁਤ ਕਰ ਭਰਾਇਆ |

---

## 18:06

ਰਹਬੁਆਮ ਨੇ ਮੂਰਖਤਾ ਨਾਲ ਉੱਤਰ ਦਿੱਤਾ, “ਤੁਸੀਂ ਸੋਚਦੇ ਹੋ ਕੇ ਮੇਰੇ ਪਿਤਾ ਨੇ ਤੁਹਾਡੇ ਕੋਲੋਂ ਸਖ਼ਤ ਮਿਹਨਤ ਕਰਾਈ, ਪਰ ਮੈਂ ਤੁਹਾਡੀ ਮਿਹਨਤ ਉਸ ਨਾਲੋਂ ਵੀ ਜ਼ਿਆਦਾ ਸਖ਼ਤ ਕਰਾਂਗਾ ਅਤੇ ਉਸ ਨਾਲੋਂ ਵੀ ਜ਼ਿਆਦਾ ਕਰੜੀ ਸਜਾ ਦੇਵਾਂਗਾ |”

### ਕਿਹੜਾ ਮੂਰਖਤਾ ਦਾ ਉੱਤਰ ਰਹਬੁਆਮ ਨੇ ਲੋਕਾਂ ਨੂੰ ਦਿੱਤਾ ?

ਮੈਂ ਆਪਣੇ ਪਿਤਾ ਸੁਲੇਮਾਨ ਨਾਲੋਂ ਜ਼ਿਆਦਾ ਤੁਹਾਡੇ ਕੰਮ ਨੂੰ ਸਖ਼ਤ ਅਤੇ ਤੁਹਾਡੀ ਸਜ਼ਾ ਨੂੰ ਡਾਢਾ ਕਰਾਂਗਾ |

---

## 18:07

ਇਸਰਾਏਲ ਦੇ ਦਸ ਗੋਤਰਾਂ ਨੇ ਰਹਬੁਆਮ ਵਿਰੁੱਧ ਬਗਾਵਤ ਕੀਤੀ |ਸਿਰਫ਼ ਦੋ ਗੋਤਰ ਹੀ ਉਸ ਪ੍ਰਤੀ ਵਫ਼ਾਦਾਰ ਰਹੇ |ਇਹ ਦੋ ਗੋਤਰ ਯਹੂਦਾਹ ਦਾ ਰਾਜ ਬਣੇ |

### ਉਸ ਸਾਮਰਾਜ ਦਾ ਨਾਮ ਕੀ ਸੀ ਜੋ ਦੋ ਦੱਖਣੀ ਗੋਤਰਾਂ ਨੇ ਬਣਾਇਆ ਜੋ ਰਹਬੁਆਮ ਨਾਲ ਬਣੇ ਰਹੇ ?

ਯਹੂਦਾਹ ਦਾ ਸਾਮਰਾਜ |

---

## 18:08

ਇਸਰਾਏਲ ਜਾਤੀ ਦੇ ਦੂਸਰੇ ਦਸ ਗੋਤਰ ਜਿਹਨਾਂ ਨੇ ਰਹਬੁਆਮ ਦੇ ਵਿਰੁੱਧ ਬਗਾਵਤ ਕੀਤੀ ਸੀ ਇੱਕ ਵਿਅਕਤੀ ਨੂੰ ਰਾਜਾ ਹੋਣ ਲਈ ਠਹਿਰਾਇਆ ਜਿਸਦਾ ਨਾਮ ਯਾਰਾਬੁਆਮ ਸੀ |ਉਹਨਾਂ ਨੇ ਆਪਣੇ ਰਾਜ ਨੂੰ ਦੇਸ ਦੇ ਉੱਤਰੀ ਭਾਗ ਵਿੱਚ ਸਥਾਪਤ ਕੀਤਾ ਅਤੇ ਉਹ ਇਸਰਾਏਲ ਦਾ ਰਾਜ ਕਹਾਇਆ |

### ਕਿੰਨੇ ਗੋਤਰਾਂ ਨੇ ਰਹਬੁਆਮ ਵਿਰੁੱਧ ਬਗਾਵਤ ਕੀਤੀ ਅਤੇ ਉੱਤਰੀ ਸਾਮਰਾਜ ਸਿਰਜਿਆ ?

ਦੱਸ ਗੋਤਰ ਮਿਲੇ ਅਤੇ ਇਸਰਾਏਲ ਦਾ ਸਾਮਰਾਜ ਸਿਰਜਿਆ |

---

## 18:09

ਯਾਰਾਬੁਆਮ ਨੇ ਪਰਮੇਸ਼ੁਰ ਵਿਰੁੱਧ ਬਗਾਵਤ ਕੀਤੀ ਅਤੇ ਲੋਕਾਂ ਕੋਲੋਂ ਪਾਪ ਕਰਵਾਇਆ |ਉਸ ਨੇ ਆਪਣੇ ਲੋਕਾਂ ਲਈ ਦੋ ਮੂਰਤੀਆਂ ਬਣਾਈਆਂ ਕਿ ਉਹਨਾਂ ਦੀ ਪੂਜਾ ਕਰਨ ਇਸ ਦੀ ਬਜਾਇ ਕਿ ਯਹੂਦਾਹ ਦੇ ਰਾਜ ਦੇ ਮੰਦਰ ਵਿੱਚ ਪਰਮੇਸ਼ਰ ਦੀ ਅਰਾਧਨਾ ਕਰਨ |

### ਯਾਰਾਬੁਆਮ ਨੇ ਲੋਕਾਂ ਨੂੰ ਯਹੂਦਾਹ ਦੇ ਮੰਦਰ ਵਿੱਚ ਜਾ ਕੇ ਅਰਾਧਨਾ ਕਰਨ ਤੋਂ ਰੋਕਣ ਲਈ ਕੀ ਕੀਤਾ ?

ਉਸ ਨੇ ਲੋਕਾਂ ਲਈ ਪੂਜਾ ਕਰਨ ਲਈ ਦੋ ਮੂਰਤੀਆਂ ਬਣਾਈਆਂ |

---

## 18:10

ਯਹੂਦਾਹ ਹ ਅਤੇ ਇਸਰਾਏਲ ਰਾਜ ਇੱਕ ਦੂਸਰੇ ਦੇ ਦੁਸ਼ਮਣ ਬਣ ਗਏ ਅਤੇ ਹਮੇਸ਼ਾਂ ਆਪਸ ਵਿੱਚ ਲੜਨ ਲੱਗੇ |

---

## 18:11

ਨਵੇਂ ਰਾਜ ਦੇ ਸਮੇ ਇਸਰਾਏਲ ਵਿੱਚ ਸਾਰੇ ਰਾਜੇ ਬੁਰੇ ਸਨ |ਇਹ ਬਹੁਤ ਸਾਰੇ ਰਾਜੇ ਦੂਸਰੇ ਇਸਰਾਏਲੀਆਂ ਦੁਆਰਾ ਮਾਰੇ ਗਏ ਜੋ ਆਪਣੇ ਇਲਾਕੇ ਦੇ ਰਾਜੇ ਬਣਨਾ ਚਾਹੁੰਦੇ ਸਨ |

### ਇਸਰਾਏਲ ਦੇ ਕਿੰਨੇ ਰਾਜੇ ਪਰਮੇਸ਼ੁਰ ਨਾਲ ਵਫ਼ਾਦਾਰ ਸਨ ?

ਕੋਈ ਵੀ ਨਹੀਂ |

---

## 18:12

ਸਾਰੇ ਰਾਜੇ ਅਤੇ ਇਸਰਾਏਲ ਰਾਜ ਦੇ ਲੱਗ-ਭਗ ਸਾਰੇ ਲੋਕਾਂ ਨੇ ਬੁੱਤਾਂ ਦੀ ਪੂਜਾ ਕੀਤੀ |ਉਹਨਾਂ ਦੀ ਮੂਰਤੀ ਪੂਜਾ ਵਿੱਚ ਆਮ ਤੌਰ ਤੇ ਜਨਾਹਕਾਰੀ ਅਤੇ ਬੱਚਿਆਂ ਦੀਆਂ ਬਲੀਆਂ ਸ਼ਾਮਲ ਹੁੰਦੀਆਂ ਸਨ |

### ਉਹ ਕਿਹੜੀਆਂ ਬੁਰੀਆਂ ਰੀਤਾਂ ਸਨ ਜੋ ਆਮ ਤੌਰ ਤੇ ਮੂਰਤੀ ਪੂਜਾ ਵਿੱਚ ਸ਼ਾਮਲ ਸਨ ?

ਜ਼ਨਾਹਕਾਰੀ ਅਤੇ ਬੱਚਿਆਂ ਦੀਆਂ ਬਲੀਆਂ |

---

## 18:13

ਯਹੂਦਾਹ ਰਾਜ ਦੇ ਰਾਜੇ ਦਾਊਦ ਦੀ ਸੰਤਾਨ ਸਨ |ਇਹਨਾਂ ਵਿੱਚੋਂ ਕੁੱਝ ਰਾਜੇ ਚੰਗੇ ਵਿਅਕਤੀ ਸਨ ਜਿਹਨਾਂ ਨੇ ਧਰਮ ਨਾਲ ਰਾਜ ਕੀਤਾ ਅਤੇ ਪਰਮੇਸ਼ੁਰ ਦੀ ਬੰਦਗੀ ਕੀਤੀ |ਪਰ ਜ਼ਿਆਦਾਤਰ ਯਹੂਦਾਹ ਦੇ ਰਾਜੇ ਬੁਰੇ, ਭਰਿਸ਼ਟ ਅਤੇ ਮੂਰਤੀ ਪੂਜਕ ਸਨ |ਕੁੱਝ ਰਾਜਿਆਂ ਨੇ ਆਪਣੇ ਬੱਚੇ ਝੂਠੇ ਦੇਵਤਿਆਂ ਅੱਗੇ ਬਲੀਦਾਨ ਕਰ ਦਿੱਤੇ |ਜ਼ਿਆਦਾਤਰ ਯਹੂਦਾਹ ਦੇ ਲੋਕਾਂ ਨੇ ਵੀ ਪਰਮੇਸ਼ੁਰ ਵਿਰੁੱਧ ਬਗਾਵਤ ਕੀਤੀ ਅਤੇ ਦੂਸਰੇ ਦੇਵਤਿਆਂ ਦੀ ਪੂਜਾ ਕੀਤੀ |

### ਯਹੂਦਾਹ ਦੇ ਰਾਜਿਆਂ ਦਾ ਪੁਰਖਾ ਕੌਣ ਸੀ ?

ਰਾਜਾ ਦਾਊਦ |

### ਕੀ ਕੋਈ ਯਹੂਦਾਹ ਦਾ ਰਾਜਾ ਪਰਮੇਸ਼ੁਰ ਨਾਲ ਵਫ਼ਾਦਾਰ ਸੀ ?

ਹਾਂ. ਕੁੱਝ ਵਫ਼ਾਦਾਰ ਸਨ, ਪਰ ਜ਼ਿਆਦਾਤਰ ਦੁਸ਼ਟ ਸਨ |

# ਨਬੀ

## 19:01

ਇਸਰਾਏਲ ਦੇ ਇਤਹਾਸ ਵਿੱਚ ਪਰਮੇਸ਼ੁਰ ਨੇ ਉਹਨਾਂ ਲਈ ਨਬੀ ਭੇਜੇ |ਨਬੀਆਂ ਨੇ ਪਰਮੇਸ਼ੁਰ ਤੋਂ ਸੰਦੇਸ਼ ਸੁਣੇ ਅਤੇ ਪਰਮੇਸ਼ੁਰ ਦੇ ਸੰਦੇਸ਼ ਲੋਕਾਂ ਨੂੰ ਦੱਸੇ |

### ਜਿਹੜਾ ਸੰਦੇਸ਼ ਨਬੀਆਂ ਨੇ ਲੋਕਾਂ ਨੂੰ ਦਿੱਤਾ ਉਹਨਾਂ ਨੇ ਕਿੱਥੋਂ ਪ੍ਰਾਪਤ ਕੀਤਾ ?

ਉਹਨਾਂ ਨੇ ਸੰਦੇਸ਼ ਪਰਮੇਸ਼ੁਰ ਤੋਂ ਸੁਣਿਆ |

---

## 19:02

ਏਲੀਯਾਹ ਇੱਕ ਨਬੀ ਸੀ ਜਦੋਂ ਅਹਾਬ ਇਸਰਾਏਲ ਦੇ ਰਾਜ ਉੱਤੇ ਹਕੂਮਤ ਕਰਦਾ ਸੀ |ਅਹਾਬ ਇੱਕ ਬੁਰਾ ਵਿਅਕਤੀ ਸੀ ਜਿਸ ਨੇ ਲੋਕਾਂ ਨੂੰ ਝੂਠੇ ਦੇਵਤੇ ਦੀ ਪੂਜਾ ਕਰਨ ਲਈ ਉਤਸ਼ਾਹਿਤ ਕੀਤਾ ਸੀ ਜਿਸ ਦਾ ਨਾਮ ਬਆਲ ਸੀ |ਏਲੀਯਾਹ ਨੇ ਅਹਾਬ ਨੂੰ ਕਿਹਾ, "ਮੈਂ ਜਦ ਤੱਕ ਨਾ ਕਹਾਂ ਇਸਰਾਏਲ ਰਾਜ ਵਿੱਚ ਕੋਈ ਬਾਰਿਸ਼ ਨਹੀਂ ਹੋਵੇਗੀ ਅਤੇ ਨਾ ਤ੍ਰੇਲ ਪਵੇਗੀ |ਇਸ ਗੱਲ ਨੇ ਅਹਾਬ ਨੂੰ ਬਹੁਤ ਗੁੱਸੇ ਕੀਤਾ |

### ਰਾਜਾ ਅਹਾਬ ਲਈ ਏਲੀਯਾਹ ਨੇ ਕੀ ਭਵਿੱਖਬਾਣੀ ਕੀਤੀ ?

"ਜਦ ਤੱਕ ਮੈਂ ਨਾ ਕਹਾਂ ਇਸਰਾਏਲ ਦੇ ਰਾਜ ਵਿੱਚ ਨਾ ਤ੍ਰੇਲ ਅਤੇ ਨਾ ਬਾਰਿਸ਼ ਹੋਵੇਗੀ |"

---

## 19:03

ਪਰਮੇਸ਼ੁਰ ਨੇ ਏਲੀਯਾਹ ਨੂੰ ਕਿਹਾ ਕਿ ਉਹ ਅਹਾਬ ਕੋਲੋਂ ਜੋ ਉਸ ਨੂੰ ਮਾਰਨਾ ਚਾਹੁੰਦਾ ਸੀ ਭੱਜ ਕੇ ਜੰਗਲ ਵਿੱਚ ਇੱਕ ਨਾਲੇ ਕੋਲ ਛੁੱਪ ਜਾਵੇ |ਹਰ ਸ਼ਾਮ ਸਵੇਰੇ ਪੰਛੀ ਉਸ ਲਈ ਰੋਟੀ ਅਤੇ ਮੀਟ ਲਿਆਉਂਦੇ ਸਨ |ਅਹਾਬ ਅਤੇ ਉਸ ਦੀ ਸੈਨਾ ਨੇ ਏਲੀਯਾਹ ਨੂੰ ਲੱਭਿਆ ਪਰ ਉਸ ਨੂੰ ਨਾ ਲੱਭ ਸਕੇ |ਅਕਾਲ ਏਨਾ ਭਿਆਨਕ ਸੀ ਕਿ ਨਾਲਾ ਵੀ ਸੁੱਕ ਗਿਆ |

### ਕਿਵੇਂ ਪਰਮੇਸ਼ੁਰ ਨੇ ਜੰਗਲ ਵਿੱਚ ਏਲੀਯਾਹ ਲਈ ਮੁਹੱਈਆ ਕੀਤਾ ਜਿੱਥੇ ਉਹ ਲੁਕ ਕੇ ਬੈਠਾ ਸੀ ?

ਪਰਮੇਸ਼ੁਰ ਹਰ ਸਵੇਰ ਅਤੇ ਸ਼ਾਮ ਇੱਕ ਪੰਛੀ ਨੂੰ ਮੀਟ ਅਤੇ ਰੋਟੀ ਦੇ ਕੇ ਭੇਜਦਾ ਸੀ|

---

## 19:04

ਇਸ ਲਈ ਏਲੀਯਾਹ ਗੁਆਂਢੀ ਦੇਸ ਵਿੱਚ ਚਲਾ ਗਿਆ |ਅਕਾਲ ਦੇ ਕਾਰਨ ਉਸ ਦੇਸ ਵਿੱਚ ਇੱਕ ਵਿੱਧਵਾ ਅਤੇ ਉਸਦੇ ਦਾ ਪੁੱਤਰ ਰਹਿੰਦੇ ਸਨ, ਉਹਨਾਂ ਕੋਲ ਭੋਜਨ ਲੱਗ-ਭਗ ਖ਼ਤਮ ਹੋ ਚੁੱਕਾ ਸੀ |ਪਰ ਉਹਨਾਂ ਨੇ ਏਲੀਯਾਹ ਦੀ ਦੇਖ ਭਾਲ ਕੀਤੀ ਅਤੇ ਪਰਮੇਸ਼ੁਰ ਨੇ ਉਹਨਾਂ ਲਈ ਮੁਹੱਈਆ ਕੀਤਾ ਅਤੇ ਉਹਨਾਂ ਦੇ ਮਟਕੇ ਦਾ ਆਟਾ ਅਤੇ ਕੁੱਪੀ ਦਾ ਤੇਲ ਕਦੀ ਨਹੀਂ ਮੁੱਕਿਆ |ਪੂਰੇ ਅਕਾਲ ਦੇ ਸਮੇਂ ਉਹਨਾਂ ਕੋਲ ਭੋਜਨ ਸੀ |ਏਲੀਯਾਹ ਉੱਥੇ ਕਈ ਸਾਲ ਰਿਹਾ |

### ਕਿਸ ਤਰ੍ਹਾਂ ਪਰਮੇਸ਼ੁਰ ਨੇ ਏਲੀਯਾਹ ਲਈ ਮੁਹੱਈਆ ਕੀਤਾ ਜਦੋਂ ਉਹ ਵਿਧਵਾ ਅਤੇ ਉਸਦੇ ਪੁੱਤਰ ਦੇ ਨਾਲ ਰਹਿ ਰਿਹਾ ਸੀ ?

ਪਰਮੇਸ਼ੁਰ ਨੇ ਹੋਣ ਦਿੱਤਾ ਕਿ ਆਟੇ ਦਾ ਮਟਕਾ ਅਤੇ ਤੇਲ ਦੀ ਕੁੱਪੀ ਕਦੀ ਖ਼ਤਮ ਨਾ ਹੋਵੇ |

---

## 19:05

ਸਾਢੇ ਤਿੰਨ ਸਾਲ ਬਾਅਦ ਪਰਮੇਸ਼ੁਰ ਨੇ ਏਲੀਯਾਹ ਨੂੰ ਕਿਹਾ ਕਿ ਉਹ ਇਸਰਾਏਲ ਦੇ ਰਾਜ ਵਿੱਚ ਵਾਪਸ ਜਾਏ ਅਤੇ ਅਹਾਬ ਨੂੰ ਕਹੇ ਕਿ ਉਹ ਬਾਰਿਸ਼ ਭੇਜਣ ਜਾ ਰਿਹਾ ਹੈ |ਜਦੋਂ ਅਹਾਬ ਨੇ ਏਲੀਯਾਹ ਨੂੰ ਦੇਖਿਆ ਉਸ ਨੇ ਕਿਹਾ, "ਤੂੰ ਤਾਂ ਇੱਥੇ ਆ ਗਿਆ, ਗੜਬੜੀ ਕਰਨ ਵਾਲੇ!"ਏਲੀਯਾਹ ਨੇ ਉਸ ਨੂੰ ਕਿਹਾ, "ਤੂੰ ਗੜਬੜੀ ਕਰਨ ਵਾਲਾ ਹੈਂ !ਤੂੰ ਯਹੋਵਾਹ ਸੱਚੇ ਪਰਮੇਸ਼ੁਰ ਨੂੰ ਛੱਡ ਚੁੱਕਾ ਹੈਂ ਅਤੇ ਬਆਲ ਦੀ ਪੂਜਾ ਕੀਤੀ |ਇਸਰਾਏਲ ਰਾਜ ਦੇ ਸਾਰੇ ਲੋਕਾਂ ਨੂੰ ਕਰਮਲ ਪਹਾੜ ਤੇ ਲਿਆ |

### ਏਲੀਯਾਹ ਦੇ ਕਹਿਣ ਦੇ ਅਨੁਸਾਰ ਕਿਹੜੀ ਵੱਡੀ ਬੁਰਾਈ ਅਹਾਬ ਨੇ ਕੀਤੀ ?

ਅਹਾਬ ਨੇ ਯਹੋਵਾਹ ਨੂੰ ਛੱਡ ਦਿੱਤਾ ਜੋ ਸੱਚਾ ਪਰਮੇਸ਼ੁਰ ਹੈ ਅਤੇ ਬਆਲ ਦੀ ਪੂਜਾ ਕੀਤੀ |

---

## 19:06

ਬਆਲ ਦੇ 450 ਨਬੀਆਂ ਸਮੇਤ ਇਸਰਾਏਲ ਰਾਜ ਦੇ ਸਾਰੇ ਲੋਕਾਂ ਨੂੰ ਕਰਮਲ ਪਹਾੜ ਤੇ ਲਿਆ |ਏਲੀਯਾਹ ਨੇ ਲੋਕਾਂ ਨੂੰ ਕਿਹਾ, "ਤੁਸੀਂ ਕਦ ਤੱਕ ਆਪਣੇ ਮਨਾਂ ਨੂੰ ਬਦਲਦੇ ਰਹੋਂਗੇ ?ਜੇ ਯਹੋਵਾਹ ਪਰਮੇਸ਼ੁਰ ਹੈ ਤਾਂ ਉਸ ਦੀ ਸੇਵਾ ਕਰੋ !ਜੇ ਬਆਲ ਪਰਮੇਸ਼ੁਰ ਹੈ ਤਾਂ ਉਸ ਸੀ ਪੂਜਾ ਕਰੋ !"

### ਏਲੀਯਾਹ ਨੇ ਲੋਕਾਂ ਨੂੰ ਕਿਸ ਚੁਣਾਵ ਨੂੰ ਜ਼ਰੂਰ ਕਰਨ ਲਈ ਕਿਹਾ ?

ਜੇ ਯਹੋਵਾਹ ਪਰਮੇਸ਼ੁਰ ਹੈ ਤਾਂ ਉਸ ਦੀ ਸੇਵਾ ਕਰੋ ਪਰ ਜੇ ਬਆਲ ਪਰਮੇਸ਼ੁਰ ਹੈ ਤਾਂ ਉਸ ਦੀ ਸੇਵਾ ਕਰੋ |

---

### 19:07

ਤਦ ਏਲੀਯਾਹ ਨੇ ਬਆਲ ਦੇ ਨਬੀਆਂ ਨੂੰ ਕਿਹਾ, “ਇੱਕ ਬਲਦ ਨੂੰ ਮਾਰੋ ਅਤੇ ਬਲੀ ਤਿਆਰ ਕਰੋ ਪਰ ਅੱਗ ਨਹੀਂ ਲਗਾਉਣੀ |ਮੈਂ ਵੀ ਐਸਾ ਹੀ ਕਰਾਂਗਾ |ਜਿਹੜਾ ਪਰਮੇਸ਼ੁਰ ਅੱਗ ਨਾਲ ਉੱਤਰ ਦੇਵੇਗਾ ਉਹੀ ਸੱਚਾ ਪਰਮੇਸ਼ੁਰ ਹੋਵੇਗਾ |”ਇਸ ਲਈ ਬਆਲ ਦੇ ਪੁਜਾਰੀਆਂ ਨੇ ਬਲੀ ਤਿਆਰ ਕੀਤੀ ਪਰ ਅੱਗ ਨਾ ਲਾਈ |

---

### 19:08

ਤਦ ਬਆਲ ਦੇ ਨਬੀਆਂ ਨੇ ਬਆਲ ਅੱਗੇ ਪ੍ਰਾਰਥਨਾ ਕੀਤੀ, “ਹੇ ਬਆਲ ਸਾਡੀ ਸੁਣ!”ਸਾਰਾ ਦਿਨ ਉਹਨਾਂ ਨੇ ਪ੍ਰਾਰਥਨਾ ਕੀਤੀ ਅਤੇ ਜੈਕਾਰੇ ਗਜਾਏ ਇੱਥੋਂ ਤੱਕ ਕਿ ਛੁਰੀਆਂ ਨਾਲ ਆਪਣੇ ਆਪ ਨੂੰ ਕੱਟਿਆ ਪਰ ਕੋਈ ਉੱਤਰ ਨਾ ਮਿਲਿਆ |

---

### 19:09

ਦਿਨ ਦੇ ਅੰਤ ਵਿੱਚ ਏਲੀਯਾਹ ਨੇ ਪਰਮੇਸ਼ੁਰ ਲਈ ਬਲੀ ਤਿਆਰ ਕੀਤੀ |ਤਦ ਉਸ ਨੇ ਲੋਕਾਂ ਨੂੰ ਕਿਹਾ ਕਿ ਉਹ ਬਲੀ ਉੱਤੇ ਬਾਰਾਂ ਘੜੇ ਪਾਣੀ ਪਾਉਣ ਜਦ ਤੱਕ ਮੀਟ, ਲੱਕੜਾਂ ਅਤੇ ਵੇਦੀ ਦੇ ਆਲੇ ਦੁਆਲੇ ਦੀ ਸਾਰੀ ਧਰਤੀ ਪੂਰੀ ਤਰ੍ਹਾਂ ਨਾਲ ਗਿੱਲੀ ਨਾ ਹੋ ਜਾਵੇ |

---

### 19:10

ਏਲੀਯਾਹ ਨੇ ਪ੍ਰਾਰਥਨ ਕੀਤੀ, “ਯਹੋਵਾਹ, ਅਬਰਾਹਮ, ਇਸਹਾਕ ਅਤੇ ਯਕੂਬ ਦੇ ਪਰਮੇਸ਼ੁਰ ਅੱਜ ਪ੍ਰਗਟ ਕਰ ਕਿ ਤੂੰ ਇਸਰਾਏਲ ਦਾ ਪਰਮੇਸ਼ੁਰ ਹੈਂ ਅਤੇ ਮੈਂ ਤੇਰਾ ਦਾਸ ਹਾਂ |”ਮੈਨੂੰ ਉੱਤਰ ਦੇਹ ਤਾਂ ਕਿ ਇਹ ਲੋਕ ਜਾਨਣ ਕਿ ਤੂੰ ਸੱਚਾ ਪਰਮੇਸ਼ੁਰ ਹੈਂ |”

---

### 19:11

ਇੱਕ ਦਮ ਸਵਰਗ ਤੋਂ ਅੱਗ ਉੱਤਰੀ ਅਤੇ ਮੀਟ, ਲੱਕੜੀ, ਪੱਥਰ, ਮਿੱਟੀ ਅਤੇ ਪਾਣੀ ਜੋ ਵੇਦੀ ਦੇ ਚੁਫੇਰੇ ਸੀ ਸਭ ਨੂੰ ਚੱਟ ਕਰ ਗਈ |ਜਦੋਂ ਲੋਕਾਂ ਨੇ ਇਹ ਦੇਖਿਆ ਉਹ ਜ਼ਮੀਨ ਤੇ ਡਿੱਗੇ ਅਤੇ ਕਿਹਾ, “ਯਹੋਵਾਹ ਹੀ ਪਰਮੇਸ਼ੁਰ ਹੈ!ਯਹੋਵਾਹ ਹੀ ਪਰਮੇਸ਼ੁਰ ਹੈ!”

#### ਕਿਸ ਪ੍ਰਕਾਰ ਪਰਮੇਸ਼ੁਰ ਨੇ ਪ੍ਰਗਟ ਕੀਤਾ ਕਿ ਉਹ ਸੱਚਾ ਪਰਮੇਸ਼ੁਰ ਹੈ ?

ਪਰਮੇਸ਼ੁਰ ਨੇ ਅਕਾਸ਼ ਤੋਂ ਅੱਗ ਭੇਜੀ ਅਤੇ ਮੀਟ, ਲੱਕੜੀ, ਪੱਥਰ, ਮਿੱਟੀ ਅਤੇ ਬੇਦੀ ਦੇ ਚੁਫੇਰੇ ਪਾਣੀ ਨੂੰ ਭਸਮ ਕਰ ਦਿੱਤਾ |

### ਕਿਵੇਂ ਲੋਕਾਂ ਨੇ ਪ੍ਰਤੀਕਿਰਿਆ ਦਿਖਾਈ ਜਦੋਂ ਉਹਨਾਂ ਨੇ ਸ਼ਕਤੀ ਦੇ ਇਸ ਪ੍ਰਗਟੀਕਰਨ ਨੂੰ ਦੇਖਿਆ ?

ਉਹ ਧਰਤੀ ਤੇ ਡਿੱਗ ਪਏ ਅਤੇ ਕਿਹਾ, "ਯਹੋਵਾਹ ਹੀ ਸੱਚਾ ਪਰਮੇਸ਼ੁਰ ਹੈ !ਯਹੋਵਾਹ ਪਰਮੇਸ਼ੁਰ ਹੈ !"

---

## 19:12

ਤਦ ਏਲੀਯਾਹ ਨੇ ਕਿਹਾ, "ਇਹਨਾਂ ਬਆਲ ਦੇ ਨਬੀਆਂ ਵਿੱਚੋਂ ਇੱਕ ਨੂੰ ਵੀ ਨਾ ਭੱਜਣ ਦਿਓ!"ਇਸ ਲਈ ਲੋਕਾਂ ਨੇ ਬਆਲ ਦੇ ਨਬੀਆਂ ਨੂੰ ਫੜਿਆ ਅਤੇ ਉਹਨਾਂ ਨੂੰ ਉੱਥੋਂ ਲੈ ਗਏ ਅਤੇ ਉਹਨਾਂ ਨੂੰ ਮਾਰ ਦਿੱਤਾ |

### ਬਆਲ ਦੇ ਨਬੀਆਂ ਨਾਲ ਕੀ ਹੋਇਆ ?

ਉਹ ਪਰ੍ਹਾਂ ਲੈ ਜਾਏ ਗਏ ਅਤੇ ਮਾਰ ਦਿੱਤੇ ਗਏ |

---

## 19:13

ਏਲੀਯਾਹ ਨੇ ਰਾਜਾ ਅਹਾਬ ਨੂੰ ਕਿਹਾ, "ਛੇਤੀ ਨਾਲ ਸ਼ਹਿਰ ਮੁੜ ਜਾਹ ਕਿਉਂਕਿ ਮੀਂਹ ਆ ਰਿਹਾ ਹੈ |"ਜਲਦੀ ਹੀ ਆਕਾਸ਼ ਕਾਲਾ ਹੋ ਗਿਆ ਅਤੇ ਭਾਰੀ ਬਾਰਿਸ਼ ਸ਼ੁਰੂ ਹੋ ਗਈ |ਯਹੋਵਾਹ ਨੇ ਅਕਾਲ ਦਾ ਅੰਤ ਕੀਤਾ ਅਤੇ ਪ੍ਰਮਾਣਿਤ ਕੀਤਾ ਕਿ ਉਹੀ ਸੱਚਾ ਪਰਮੇਸ਼ੁਰ ਹੈ |

---

## 19:14

ਏਲੀਯਾਹ ਦੇ ਸਮੇਂ ਬਾਅਦ, ਪਰਮੇਸ਼ੁਰ ਨੇ ਇੱਕ ਵਿਅਕਤੀ ਨੂੰ ਚੁਣਿਆ ਜਿਸ ਦਾ ਨਾਮ ਅਲੀਸ਼ਾ ਸੀ ਕਿ ਉਸ ਦਾ ਨਬੀ ਹੋਵੇ |ਪਰਮੇਸ਼ੁਰ ਨੇ ਅਲੀਸ਼ਾ ਦੁਆਰਾ ਬਹੁਤ ਚਮਤਕਾਰ ਕੀਤੇ |ਇੱਕ ਚਮਤਕਾਰ ਨਅਮਾਨ ਨਾਲ ਹੋਇਆ ਜੋ ਇੱਕ ਦੁਸ਼ਮਣ ਕਪਤਾਨ ਸੀ ਜਿਸ ਨੂੰ ਕੋਹੜ ਦੀ ਬਿਮਾਰੀ ਸੀ ਉਸਨੇ ਅਲੀਸ਼ਾ ਬਾਰੇ ਸੁਣਿਆ ਸੀ ਇਸ ਲਈ ਉਹ ਗਿਆ ਅਤੇ ਅਲੀਸ਼ਾ ਨੂੰ ਕਿਹਾ ਕਿ ਉਸ ਨੂੰ ਚੰਗਾ ਕਰੇ |ਅਲੀਸ਼ਾ ਨੇ ਨਅਮਾਨ ਨੂੰ ਕਿਹਾ ਯਰਦਨ ਨਦੀ ਵਿੱਚ ਜਾਹ ਕੇ ਸੱਤ ਚੁੱਬੀਆਂ ਮਾਰੇ |

### ਅਲੀਸ਼ਾ ਨੇ ਨਾਮਾਨ ਨੂੰ ਚਮੜੀ ਦੀ ਬਿਮਾਰੀ ਤੋਂ ਚੰਗਾ ਹੋਣ ਲਈ ਕੀ ਕਰਨ ਲਈ ਕਿਹਾ ?

ਯਰਦਨ ਨਦੀ ਵਿੱਚ ਆਪਣੇ ਆਪ ਨੂੰ ਸੱਤ ਵਾਰ ਡੁਬਾਉਣ ਲਈ ਕਿਹਾ |

---

## 19:15

ਪਹਿਲਾਂ ਤਾਂ ਉਸ ਨੂੰ ਗੁੱਸਾ ਆਇਆ ਅਤੇ ਸੋਚਿਆ ਕਿ ਇਸ ਤਰ੍ਹਾਂ ਕਰਨਾ ਮੂਰਖਤਾਈ ਦਿਸਦੀ ਹੈ |ਪਰ ਬਾਅਦ ਵਿੱਚ ਉਸਨੇ ਆਪਣਾ ਮਨ ਬਦਲਿਆ ਅਤੇ ਆਪਣੇ ਆਪ ਯਰਦਨ ਵਿੱਚ ਚੁੱਬੀਆਂ ਮਾਰੀਆਂ |ਜਦੋਂ ਉਹ ਆਖ਼ਰੀ ਵਾਰ ਉੱਪਰ ਆਇਆ ਉਸ ਦੀ ਚਮੜੀ ਪੂਰੀ ਤਰ੍ਹਾਂ ਚੰਗੀ ਹੋ ਚੁੱਕੀ ਸੀ | ਪਰਮੇਸ਼ੁਰ ਨੇ ਉਸ ਨੂੰ ਚੰਗਾ ਕਰ ਦਿੱਤਾ ਸੀ |

### ਅਲੀਸ਼ਾ ਦੀਆਂ ਹਦਾਇਤਾਂ ਨੂੰ ਸੁਣ ਕੇ ਨਾਮਾਨ ਨੇ ਕੀ ਕੀਤਾ ?

ਪਹਿਲਾਂ ਤਾਂ ਉਹ ਗੁੱਸੇ ਹੋਇਆ ਅਤੇ ਇਸ ਨੂੰ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਉਸ ਨੂੰ ਮੂਰਖਤਾ ਲੱਗੀ ਪਰ ਬਾਅਦ ਵਿੱਚ ਉਸ ਨੇ ਆਪਣਾ ਵਿਚਾਰ ਬਦਲ ਲਿਆ ਅਤੇ ਇਸ ਨੂੰ ਕੀਤਾ ਅਤੇ ਉਹ ਪੂਰੀ ਤਰ੍ਹਾਂ ਨਾਲ ਚੰਗਾ ਹੋ ਗਿਆ |

---

## 19:16

ਪਰਮੇਸ਼ੁਰ ਨੇ ਹੋਰ ਵੀ ਕਈ ਨਬੀ ਭੇਜੇ |ਉਹਨਾਂ ਸਾਰਿਆਂ ਨੇ ਲੋਕਾਂ ਨੂੰ ਬੁੱਤਾਂ ਦੀ ਪੂਜਾ ਕਰਨ ਤੋਂ ਰੋਕਿਆ ਅਤੇ ਦੂਸਰਿਆਂ ਨੂੰ ਨਿਆਂ ਅਤੇ ਦਯਾ ਦਿਖਾਉਣਾ ਸ਼ੁਰੂ ਕੀਤਾ |ਨਬੀਆਂ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਜੇ ਉਹਨਾਂ ਨੇ ਬੁਰਾਈ ਕਰਨੀ ਬੰਦ ਨਾ ਕੀਤੀ ਅਤੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰਨੀ ਨਾ ਸ਼ੁਰੂ ਕੀਤੀ ਤਦ ਪਰਮੇਸ਼ੁਰ ਉਹਨਾਂ ਨੂੰ ਸਜਾ ਦੇਵੇਗਾ |

### ਲੋਕਾਂ ਨੂੰ ਨਬੀ ਦਾ ਸਧਾਰਨ ਸੰਦੇਸ਼ ਕੀ ਸੀ ?

ਬੁੱਤਾਂ ਦੀ ਪੂਜਾ ਕਰਨਾ ਬੰਦ ਕਰੋ ਅਤੇ ਦੂਸਰਿਆਂ ਨੂੰ ਦਯਾ ਅਤੇ ਨਿਆਂ ਦੇਵੋ; ਨਹੀਂ ਤਾਂ ਪਰਮੇਸ਼ੁਰ ਤੁਹਾਨੂੰ ਸਜ਼ਾ ਦੇਵੇਗਾ |

---

## 19:17

ਆਮ ਤੌਰ ਤੇ ਲੋਕਾਂ ਨੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਨਾ ਕੀਤੀ |ਉਹਨਾਂ ਨੇ ਨਬੀਆਂ ਨਾਲ ਦੁਰਵਿਵਹਾਰ ਕੀਤਾ ਅਤੇ ਕਈ ਵਾਰ ਉਹਨਾਂ ਨੂੰ ਮਾਰ ਵੀ ਦਿੱਤਾ |ਇੱਕ ਵਾਰ ਨਬੀ ਯਿਰਮਿਯਾਹ ਨੂੰ ਇੱਕ ਸੁੱਕੇ ਖੂਹ ਵਿੱਚ ਪਾ ਦਿੱਤਾ ਤੇ ਮਰਨ ਲਈ ਛੱਡ ਦਿੱਤਾ | ਉਹ ਮਿੱਟੀ ਵਿੱਚ ਧੱਸ ਗਿਆ ਜੋ ਖੂਹ ਦੇ ਹੇਠਾਂ ਸੀ ਪਰ ਰਾਜਾ ਨੂੰ ਉਸ ਉੱਤੇ ਤਰਸ ਆਇਆ ਅਤੇ ਉਸਨੇ ਆਪਣੇ ਨੌਕਰ ਨੂੰ ਹੁਕਮ ਦਿੱਤਾ ਕਿ ਯਿਰਮਿਯਾਹ ਨੂੰ ਮਰਨ ਤੋਂ ਪਹਿਲਾਂ ਖੂਹ ਤੋਂ ਬਾਹਰ ਕੱਢੇ |

### ਆਮ ਤੌਰ ਤੇ ਲੋਕਾਂ ਨੇ ਨਬੀਆਂ ਨਾਲ ਕਿਸ ਤਰ੍ਹਾਂ ਦਾ ਵਰਤਾਵ ਕੀਤਾ ?

ਲੋਕਾਂ ਨੇ ਨਬੀਆਂ ਨਾਲ ਚੰਗਾ ਵਰਤਾਵ ਨਹੀਂ ਕੀਤਾ ਅਤੇ ਕਈ ਵਾਰ ਤਾਂ ਉਹਨਾਂ ਨੂੰ ਮਾਰ ਹੀ ਦਿੱਤਾ |

### ਲੋਕਾਂ ਨੇ ਕਿਸ ਤਰ੍ਹਾਂ ਯਿਰਮੀਯਾਹ ਨਬੀ ਨਾਲ ਦੁਰਵਿਵਹਾਰ ਕੀਤਾ ?

ਲੋਕਾਂ ਨੇ ਯਿਰਮੀਯਾਹ ਨੂੰ ਸੁੱਕੇ ਖੂਹ ਵਿੱਚ ਸੁੱਟ ਦਿੱਤਾ ਅਤੇ ਉਸ ਨੂੰ ਉੱਥੇ ਮਰਨ ਲਈ ਛੱਡ ਦਿੱਤਾ |

### ਕੀ ਯਿਰਮੀਯਾਹ ਖੂਹ ਵਿੱਚ ਮਰ ਗਿਆ ?

ਨਹੀਂ |ਰਾਜੇ ਨੂੰ ਉਸ ਉੱਤੇ ਦਯਾ ਆਈ ਅਤੇ ਆਪਣੇ ਨੌਕਰਾਂ ਤੋਂ ਉਸ ਨੂੰ ਬਾਹਰ ਕਢਵਾ ਲਿਆ |

---

## 19:18

ਚਾਹੇ ਲੋਕਾਂ ਨੇ ਉਹਨਾਂ ਨੂੰ ਨਫ਼ਰਤ ਕੀਤੀ ਪਰ ਫਿਰ ਵੀ ਨਬੀ ਪਰਮੇਸ਼ੁਰ ਲਈ ਲਗਾਤਾਰ ਬੋਲਦੇ ਰਹੇ |ਉਹਨਾਂ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਜੇ ਉਹਨਾਂ ਨੇ ਤੋਬਾ ਨਾ ਕੀਤੀ ਤਾਂ ਪਰਮੇਸ਼ੁਰ ਨਾਸ ਕਰੇਗਾ |ਉਹਨਾਂ ਨੇ ਲੋਕਾਂ ਨੂੰ ਵਾਅਦੇ ਦੀ ਯਾਦ ਦੁਆਈ ਕਿ ਪਰਮੇਸ਼ੁਰ ਦਾ ਮਸੀਹਾ ਆਵੇਗਾ |

### ਉਹ ਵਿਅਕਤੀ ਕੌਣ ਸੀ ?

ਉਹ ਵਿਅਕਤੀ ਜਿਸ ਨੂੰ ਪਰਮੇਸ਼ੁਰ ਨੇ ਭੇਜਣਾ ਸੀ ਉਹ ਮਸੀਹ ਸੀ |

# ਗੁਲਾਮੀ ਅਤੇ ਵਾਪਸੀ

## 20:01

ਇਸਰਾਏਲ ਦੇ ਰਾਜ ਅਤੇ ਯਹੂਦਾਹ ਦੇ ਰਾਜ ਦੋਨਾਂ ਨੇ ਪਰਮੇਸ਼ੁਰ ਵਿਰੁੱਧ ਪਾਪ ਕੀਤਾ |ਉਹਨਾਂ ਨੇ ਉਸ ਨੇਮ ਨੂੰ ਤੋੜਿਆ ਜੋ ਪਰਮੇਸ਼ੁਰ ਨੇ ਉਹਨਾਂ ਨਾਲ ਸਿਨਈ ਪਰਬਤ ਤੇ ਕੀਤਾ ਸੀ |ਪਰਮੇਸ਼ੁਰ ਨੇ ਉਹਨਾਂ ਨੂੰ ਚੇਤਾਵਨੀ ਦੇਣ ਲਈ ਆਪਣੇ ਨਬੀ ਭੇਜੇ ਕਿ ਉਹ ਤੋਬਾ ਕਰਨ ਅਤੇ ਦੁਬਾਰਾ ਫੇਰ ਉਸ ਦੀ ਬੰਦਗੀ ਕਰਨ ਪਰ ਉਹਨਾਂ ਨੇ ਹੁਕਮ ਮੰਨਣ ਦਾ ਇਨਕਾਰ ਕੀਤਾ |

### ਉਹ ਕਿਹੜੀ ਚੇਤਾਵਨੀ ਸੀ ਜੋ ਨਬੀਆਂ ਨੇ ਲੋਕਾਂ ਨੂੰ ਸੁਣਾਈ ?

ਉਹਨਾਂ ਨੇ ਉਹਨਾਂ ਨੂੰ ਤੋਬਾ ਕਰਨ ਅਤੇ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਕਿਹਾ |

### ਨਬੀਆਂ ਤੋਂ ਮਿਲੇ ਸੰਦੇਸ਼ ਪ੍ਰਤੀ ਲੋਕਾਂ ਨੇ ਕੀ ਪ੍ਰਤੀਕਿਰਿਆ ਦਿਖਾਈ ?

ਲੋਕਾਂ ਨੇ ਆਗਿਆਕਾਰੀ ਕਰਨ ਤੋਂ ਇਨਕਾਰ ਕੀਤਾ |

---

## 20:02

ਇਸ ਲਈ ਪਰਮੇਸ਼ੁਰ ਨੇ ਉਹਨਾਂ ਦੇ ਦੁਸ਼ਮਣਾ ਨੂੰ ਆਗਿਆ ਦੇ ਕੇ ਉਹਨਾਂ ਨੂੰ ਨਾਸ ਕਰਨ ਦੁਆਰਾ ਦੋਨਾਂ ਰਾਜਾਂ ਨੂੰ ਸਜਾ ਦਿੱਤੀ |ਅਸੀਰੀਆ ਸਾਮਰਾਜ ਜੋ ਇੱਕ ਸ਼ਕਤੀਸ਼ਾਲੀ ਅਤੇ ਬੇਰਹਮ ਰਾਸ਼ਟਰ ਸੀ ਜਿਸ ਨੇ ਇਸਰਾਏਲ ਨੂੰ ਤਬਾਹ ਕੀਤਾ |ਅਸੀਰੀ ਲੋਕਾਂ ਨੇ ਇਸਰਾਏਲੀ ਰਾਜ ਦੇ ਬਹੁਤ ਲੋਕਾਂ ਨੂੰ ਮਾਰਿਆ, ਉਹਨਾਂ ਦੀਆਂ ਕੀਮਤੀ ਵਸਤਾਂ ਨੂੰ ਖੋਹ ਲਿਆ ਅਤੇ ਬਹੁਤ ਸਾਰੇ ਦੇਸਾਂ ਨੂੰ ਤਬਾਹ ਕਰ ਦਿੱਤਾ |

### ਕਿਹੜੇ ਦੁਸ਼ਮਣ ਨੇ ਇਸਰਾਏਲ ਦੇ ਸਾਮਰਾਜ ਨੂੰ ਤਬਾਹ ਕੀਤਾ ?

ਅਸੀਰੀਆ ਸਾਮਰਾਜ ਨੇ |

---

## 20:03

ਅਸੀਰੀਆਂ ਨੇ ਸਾਰੇ ਲੀਡਰਾਂ, ਅਮੀਰਾਂ ਅਤੇ ਕਾਰੀਗਰਾਂ ਨੂੰ ਇੱਕਠਾ ਕੀਤਾ ਅਤੇ ਉਹਨਾਂ ਨੂੰ ਅਸੀਰੀਆ ਵਿੱਚ ਲੈ ਗਏ |ਸਿਰਫ਼ ਜੋ ਬਹੁਤ ਗਰੀਬ ਇਸਰਾਏਲੀ ਸਨ ਅਤੇ ਮਾਰੇ ਨਹੀਂ ਗਏ ਸਨ ਉਹੀ ਇਸਰਾਏਲ ਰਾਜ ਵਿੱਚ ਰਹੇ |

---

## 20:04

ਤਦ ਅਸੀਰੀਆਂ ਨੇ ਵਿਦੇਸ਼ੀਆਂ ਨੂੰ ਦੇਸ ਵਿੱਚ ਰਹਿਣ ਲਈ ਲਿਆਂਦਾ ਜਿੱਥੇ ਇਸਰਾਏਲ ਰਾਜ ਸੀ |ਵਿਦੇਸ਼ੀਆਂ ਨੇ ਟੁੱਟੇ ਸ਼ਹਿਰਾਂ ਨੂੰ ਦੁਬਾਰਾ ਉਸਾਰਿਆ ਅਤੇ ਪਿੱਛੇ ਰਹੇ ਇਸਰਾਏਲੀਆਂ ਨਾਲ ਵਿਆਹ ਕੀਤੇ |ਇਸਰਾਏਲੀਆਂ ਦੀ ਸੰਤਾਨ ਜਿਹਨਾਂ ਨੇ ਵਿਦੇਸ਼ੀਆਂ ਨਾਲ ਵਿਆਹ ਕੀਤੇ ਸਨ ਸਾਮਰੀ ਕਹਾਏ|

### ਸਾਮਰੀ ਲੋਕ ਕੌਣ ਸਨ ?

ਉਹਨਾਂ ਇਸਰਾਏਲੀਆਂ ਦੀ ਸੰਤਾਨ ਜਿਹਨਾਂ ਨੇ ਵਿਦੇਸ਼ੀਆਂ ਨਾਲ ਵਿਆਹ ਕੀਤਾ ਜੋ ਅਸੀਰੀ ਦੁਆਰਾ ਦੇਸ਼ ਵਿੱਚ ਲਿਆਂਦੇ ਗਏ ਸਨ |

---

## 20:05

ਯਹੂਦਾਹ ਦੇ ਲੋਕਾਂ ਨੇ ਦੇਖਿਆ ਕਿ ਕਿਵੇਂ ਪਰਮੇਸ਼ੁਰ ਨੇ ਇਸਰਾਏਲ ਦੇ ਲੋਕਾਂ ਨੂੰ ਪਰਮੇਸ਼ੁਰ ਤੇ ਵਿਸ਼ਵਾਸ ਨਾ ਕਰਨ ਅਤੇ ਉਸਦੀ ਪਾਲਣਾ ਨਾ ਕਰਨ ਲਈ ਸਜਾ ਦਿੱਤੀ |ਪਰ ਉਹਨਾਂ ਫਿਰ ਵੀ ਬੁੱਤਾਂ ਅਤੇ ਕਨਾਨੀ ਦੇਵਤਿਆਂ ਦੀ ਪੂਜਾ ਕੀਤੀ |ਪਰਮੇਸ਼ੁਰ ਨੇ ਉਹਨਾਂ ਨੂੰ ਚੇਤਾਵਨੀ ਦੇਣ ਲਈ ਨਬੀ ਭੇਜੇ ਪਰ ਉਹਨਾਂ ਨੇ ਸੁਣਨ ਨੂੰ ਇਨਕਾਰ ਕੀਤਾ |

### ਕੀ ਯਹੂਦਾਹ ਦੇ ਰਾਜ ਦੇ ਲੋਕਾਂ ਨੇ ਪਰਮੇਸ਼ੁਰ ਦੀ ਆਗਿਆਕਾਰੀ ਕੀਤੀ ਜਦੋਂ ਉਹਨਾਂ ਨੇ ਦੇਖਿਆ ਕਿ ਕਿਸ ਤਰ੍ਹਾਂ ਇਸਰਾਏਲ ਦੇ ਸਾਮਰਾਜ ਨੂੰ ਸਜਾ ਮਿਲੀ ਹੈ ?

ਨਹੀਂ, ਉਹ ਲਗਾਤਾਰ ਬੁੱਤਾਂ ਦੀ ਪੂਜਾ ਕਰਦੇ ਰਹੇ |

---

## 20:06

ਅਸੀਰੀਆ ਦੁਆਰਾ ਇਸਰਾਏਲ ਰਾਜ ਨੂੰ ਨਾਸ ਕਰਨ ਦੇ ਲੱਗ-ਭਗ 100 ਸਾਲ ਬਾਅਦ ਪਰਮੇਸ਼ੁਰ ਨੇ ਨਬੂਕਦਨੱਸਰ ਬਾਬਲ ਦੇ ਰਾਜੇ ਨੂੰ ਯਹੂਦਾਹ ਦੇ ਰਾਜ ਉੱਤੇ ਹਮਲਾ ਕਰਨ ਨੂੰ ਭੇਜਿਆ |ਬਾਬਲ ਇੱਕ ਸ਼ਕਤੀਸ਼ਾਲੀ ਸਾਮਰਾਜ ਸੀ |ਯਹੂਦਾਹ ਦਾ ਰਾਜਾ ਨਬੂਕਦਨੱਸਰ ਦੇ ਸੇਵਕ ਨਾਲ ਹਰ ਸਾਲ ਬਹੁਤ ਸਾਰਾ ਧਨ ਦੇਣ ਲਈ ਰਾਜੀ ਹੋ ਗਿਆ |

### ਕਿਸ ਰਾਜੇ ਦੀ ਸੇਵਾ ਕਰਨ ਲਈ ਯਹੂਦਾਹ ਰਾਜੀ ਹੋ ਗਿਆ ?

ਬਾਬਲ ਦੇ ਰਾਜਾ ਨਬੂਕਦਨੱਸਰ ਦੀ |

---

## 20:07

ਪਰ ਕੁੱਝ ਸਾਲ ਬਾਅਦ ਯਹੂਦਾਹ ਦੇ ਰਾਜੇ ਨੇ ਬਾਬਲ ਦੇ ਵਿਰੁੱਧ ਬਗਾਵਤ ਕਰ ਦਿੱਤੀ |ਇਸ ਲਈ ਬਾਬਲ ਦੇ ਲੋਕ ਵਾਪਸ ਆਏ ਅਤੇ ਯਹੂਦਾਹ ਉੱਤੇ ਹਮਲਾ ਕੀਤਾ |ਉਹਨਾਂ ਨੇ ਯਰੂਸ਼ਲਮ ਨੂੰ ਘੇਰਾ ਪਾਇਆ ਅਤੇ ਮੰਦਰ ਨੂੰ ਤਬਾਹ ਕਰ ਦਿੱਤਾ ਅਤੇ ਸ਼ਹਿਰ ਅਤੇ ਮੰਦਰ ਦਾ ਸਾਰਾ ਧਨ ਲੈ ਗਏ |

---

## 20:08

ਬਗਾਵਤ ਲਈ ਯਹੂਦਾਹ ਦੇ ਰਾਜੇ ਨੂੰ ਸਜਾ ਦੇਣ ਲਈ ਨਬੂਕਦਨੱਸਰ ਦੇ ਸਿਪਾਹੀਆਂ ਨੇ ਰਾਜੇ ਦੇ ਸਾਹਮਣੇ ਉਸ ਦੇ ਪੁੱਤਰਾਂ ਨੂੰ ਮਾਰ ਦਿੱਤਾ ਅਤੇ ਉਸਦੀਆਂ ਅੱਖਾਂ ਕੱਢ ਦਿੱਤੀਆਂ |ਉਸ ਤੋਂ ਬਾਅਦ ਉਹਨਾਂ ਨੇ ਰਾਜੇ ਨੂੰ ਬੰਦੀ ਬਣਾ ਲਿਆ ਅਤੇ ਬਾਬਲ ਦੀ ਜ਼ੇਲ੍ਹ ਵਿੱਚ ਮਰਨ ਲਈ ਲੈ ਗਏ |

### ਜਦੋਂ ਯਹੂਦਾਹ ਦੇ ਰਾਜਾ ਨੇ ਵਿਦਰੋਹ ਕੀਤਾ ਤਾਂ ਨਬੂਕਦਨੱਸਰ ਦੇ ਸਿਪਾਹੀਆਂ ਨੇ ਉਸ ਨਾਲ ਕੀ ਕੀਤਾ ?

ਉਹਨਾਂ ਨੇ ਉਸਦੇ ਲੜਕੇ ਉਸ ਦੇ ਸਾਹਮਣੇ ਮਾਰ ਦਿੱਤੇ, ਉਸ ਨੂੰ ਅੰਨ੍ਹਾ ਕਰ ਦਿੱਤਾ ਅਤੇ ਉਸ ਨੂੰ ਦੂਰ ਬਾਬਲ ਦੀ ਜ਼ੇਲ੍ਹ ਵਿੱਚ ਪਾਉਣ ਲਈ ਲੈ ਗਏ |

---

## 20:09

ਨਬੂਕਦਨੱਸਰ ਅਤੇ ਉਸਦੀ ਸੈਨਾ ਲੱਗ-ਭਗ ਯਹੂਦਾਹ ਦੇ ਸਾਰੇ ਲੋਕਾਂ ਨੂੰ ਬਾਬਲ ਵਿੱਚ ਲੈ ਗਏ ਅਤੇ ਸਿਰਫ਼ ਗਰੀਬ ਲੋਕਾਂ ਨੂੰ ਹੀ ਪਿੱਛੇ ਖੇਤੀ ਬਾੜੀ ਲਈ ਛੱਡ ਕੇ ਗਏ |ਇਸ ਸਮੇਂ ਨੂੰ ਹੀ ਬੰਧੂਆਈ ਕਿਹਾ ਜਾਂਦਾ ਹੈ ਜਦੋ ਪਰਮੇਸ਼ੁਰ ਦੇ ਲੋਕ ਵਾਅਦੇ ਦੇ ਦੇਸ ਨੂੰ ਛੱਡਣ ਲਈ ਮਜ਼ਬੂਰ ਹੋਏ |

### ਜਦੋਂ ਪਰਮੇਸ਼ੁਰ ਦੇ ਲੋਕਾਂ ਨੂੰ ਵਾਅਦੇ ਦੇ ਦੇਸ਼ ਨੂੰ ਛੱਡ ਕੇ ਜਾਣ ਲਈ ਮਜ਼ਬੂਰ ਕੀਤਾ ਗਿਆ ਉਸ ਸਮੇਂ ਨੂੰ ਅਸੀਂ ਕੀ ਕਹਿੰਦੇ ਹਾਂ ?

ਗੁਲਾਮੀ ਦਾ ਸਮਾਂ |

---

## 20:10

ਚਾਹੇ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪ ਦੇ ਕਾਰਨ ਉਹਨਾਂ ਨੂੰ ਬੰਧੂਆਈ ਵਿੱਚ ਭੇਜਣ ਦੁਆਰਾ ਸਜਾ ਦਿੱਤੀ ਪਰ ਉਹ ਉਹਨਾਂ ਨੂੰ ਅਤੇ ਆਪਣੇ ਵਾਦਿਆਂ ਨੂੰ ਭੁੱਲ ਨਹੀਂ ਗਿਆ ਸੀ |ਪਰਮੇਸ਼ੁਰ ਲਗਾਤਾਰ ਉਹਨਾਂ ਨੂੰ ਦੇਖਦਾ ਰਿਹਾ ਅਤੇ ਆਪਣੇ ਨਬੀਆਂ ਦੁਆਰਾ ਉਹਨਾਂ ਨਾਲ ਬੋਲਦਾ ਰਿਹਾ |ਉਸ ਨੇ ਵਾਇਦਾ ਕੀਤਾ ਕਿ ਉਹ ਸੱਤਰ ਸਾਲ ਬਾਅਦ ਵਾਅਦੇ ਦੇ ਦੇਸ ਵਿੱਚ ਦੁਬਾਰਾ ਮੁੜਨਗੇ |

### ਪਰਮੇਸ਼ੁਰ ਨੇ ਲੋਕਾਂ ਨਾਲ ਗੁਲਾਮੀ ਦੇ ਸਮੇਂ ਕੀ ਵਾਅਦਾ ਕੀਤਾ ?

ਪਰਮੇਸ਼ੁਰ ਨੇ ਵਾਅਦਾ ਕੀਤਾ ਕਿ ਸੱਤਰ ਸਾਲ ਬਾਅਦ ਉਹ ਵਾਅਦੇ ਦੇ ਦੇਸ਼ ਨੂੰ ਵਾਪਸ ਜਾਣਗੇ |

---

## 20:11

ਲੱਗ-ਭਗ ਸੱਤਰ ਸਾਲ ਬਾਅਦ ਖੋਰਸ ??? ਪਰਸੀਆ ਦੇ ਰਾਜੇ ਨੇ ਬਾਬਲ ਨੂੰ ਹਰਾਇਆ ਅਤੇ ਪਰਸੀਆ ਦੇ ਰਾਜੇ ਨੇ ਬਾਬਲ ਦੇ ਰਾਜੇ ਦੀ ਜਗ੍ਹਾ ਲਈ |ਇਸਰਾਏਲੀ ਹੁਣ ਯਹੂਦੀ ਕਹਾਏ ਅਤੇ ਉਹਨਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਲੱਗ-ਭਗ ਆਪਣਾ ਪੂਰਾ ਜੀਵਨ ਬਾਬਲ ਵਿੱਚ ਗੁਜਾਰਿਆ |ਸਿਰਫ਼ ਕੁੱਝ ਬਜ਼ੁਰਗਾਂ ਨੂੰ ਹੀ ਯਹੂਦਾਹ ਦੇਸ ਯਾਦ ਸੀ |

### ਉਹ ਰਾਜਾ ਕੌਣ ਸੀ ਜਿਸ ਨੇ ਬਾਬਲ ਦੇ ਲੋਕਾਂ ਨੂੰ ਹਰਾਇਆ ?

ਫਾਰਸ ਦਾ ਰਾਜ ਕੋਰਸ |

---

## 20:12

ਪਰਸੀਆ ਦਾ ਸ਼ਾਸ਼ਕ ਬਹੁਤ ਮਜ਼ਬੂਤ ਸੀ ਪਰ ਲੋਕਾਂ ਉੱਤੇ ਦਿਆਲੂ ਸੀ ਜਿਹਨਾਂ ਨੂੰ ਉਸ ਨੇ ਫ਼ਤਹ ਕੀਤਾ ਸੀ |ਪਰਸੀਆ ਦਾ ਰਾਜਾ ਬਣਨ ਤੋਂ ਥੋੜੀ ਦੇਰ ਬਾਅਦ ਖੋਰਸ ਨੇ ਹੁਕਮ ਦਿੱਤਾ ਕਿ ਜੋ ਯਹੂਦੀ ਵਾਪਸ ਯਹੂਦਾਹ ਨੂੰ ਜਾਣਾ ਚਹੁੰਦੇ ਹਨ ਜਾਣ ਲਈ ਪਰਸੀਆ ਛੱਡ ਸਕਦੇ ਹਨ |ਉਸ ਨੇ ਉਹਨਾਂ ਨੂੰ ਮੰਦਰ ਬਣਾਉਣ ਲਈ ਪੈਸਾ ਦਿੱਤਾ |ਇਸ ਲਈ ਗੁਲਾਮੀ ਵਿੱਚ ਸੱਤਰ ਸਾਲ ਤੋਂ ਬਾਅਦ ਇੱਕ ਛੋਟਾ ਸਮੂਹ ਯਹੂਦਾਹ ਵਿੱਚ ਯਰੂਸ਼ਲਮ ਸ਼ਹਿਰ ਲਈ ਮੁੜਿਆ |

### ਯਹੂਦੀਆਂ ਦੇ ਬਾਰੇ ਵਿੱਚ ਰਾਜਾ ਕੋਰਸ ਨੇ ਕੀ ਹੁਕਮ ਦਿੱਤਾ ?

ਕੋਈ ਵੀ ਯਹੂਦੀ ਜੋ ਵਾਪਸ ਜਾਣਾ ਚਾਹੁੰਦਾ ਹੈ ਉਹ ਉੱਥੇ ਜਾ ਸਕਦਾ ਹੈ |

---

## 20:13

ਜਦੋਂ ਲੋਕ ਯਰੂਸ਼ਲਮ ਪਹੁੰਚੇ ਤਾਂ ਉਹਨਾਂ ਨੇ ਮੰਦਰ ਅਤੇ ਸ਼ਹਿਰ ਦੇ ਦੁਆਲੇ ਕੰਧ ਨੂੰ ਬਣਾਇਆ |ਚਾਹੇ ਉਹ ਅਜੇ ਵੀ ਦੂਸਰੇ ਲੋਕਾਂ ਦੇ ਅਧੀਨ ਸਨ, ਇੱਕ ਦਫ਼ਾ ਫਿਰ ਵਾਇਦੇ ਦੇ ਦੇਸ ਵਿੱਚ ਵੱਸੇ ਅਤੇ ਮੰਦਰ ਵਿੱਚ ਅਰਾਧਨਾ ਕੀਤੀ |

### ਜਦੋਂ ਯਹੂਦੀ ਯਰੁਸ਼ਲਮ ਨੂੰ ਵਾਪਸ ਆਏ ਤਾਂ ਉਹਨਾਂ ਨੇ ਕੀ ਕੀਤਾ ?

ਉਹਨਾਂ ਨੇ ਮੰਦਰ ਨੂੰ ਦੁਬਾਰਾ ਬਣਾਇਆ ਅਤੇ ਸ਼ਹਿਰ ਦੇ ਦੁਆਲੇ ਕੰਧ ਨੂੰ ਵੀ |

# ਪਰਮੇਸ਼ੁਰ ਮਸੀਹਾ ਲਈ ਵਾਅਦਾ

## 21:01

ਪਰਮੇਸ਼ੁਰ ਮਸੀਹਾ ਲਈ ਵਾਅਦਾ ਕਰਦਾ ਹੈਬਹੁਤ ਪਹਿਲਾਂ ਤੋਂ ਪਰਮੇਸ਼ੁਰ ਨੇ ਮਸੀਹ ਨੂੰ ਭੇਜਣ ਦੀ ਯੋਜਨਾ ਬਣਾਈ |ਮਸੀਹ ਲਈ ਪਹਿਲਾ ਵਾਅਦਾ ਆਦਮ ਅਤੇ ਹਵਾ ਨਾਲ ਕੀਤਾ ਗਿਆ ਸੀ |ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਕਿ ਹਵਾ ਦੀ ਸੰਤਾਨ ਪੈਦਾ ਹੋਵੇਗੀ ਜੋ ਸੱਪ ਦੇ ਸਿਰ ਨੂੰ ਫੇਵੇਂਗੀ |ਜਿਸ ਸੱਪ ਨੇ ਹਵਾ ਨੂੰ ਧੋਖਾ ਦਿੱਤਾ ਸੀ ਉਹ ਸ਼ੈਤਾਨ ਸੀ |ਵਾਅਦੇ ਦਾ ਮਤਲਬ ਸੀ ਕਿ ਮਸੀਹਾ ਸ਼ੈਤਾਨ ਨੂੰ ਪੂਰੀ ਤਰ੍ਹਾਂ ਹਰਾਵੇਗਾ |

### ਪਰਮੇਸ਼ੁਰ ਨੇ ਮਸੀਹਾ ਨੂੰ ਭੇਜਣ ਦਾ ਫ਼ੈਸਲਾ ਸਭ ਤੋਂ ਪਹਿਲਾਂ ਕਦੋਂ ਕੀਤਾ ?

ਬਿਲਕੁੱਲ ਆਦ ਵਿੱਚ ਹੀ |

### ਮਸੀਹਾ ਸ਼ੈਤਾਨ ਨਾਲ ਕੀ ਕਰੇਗਾ ?

ਮਸੀਹਾ ਸ਼ੈਤਾਨ ਨੂੰ ਪੂਰੀ ਤਰ੍ਹਾਂ ਨਾਲ ਹਰਾ ਦੇਵੇਗਾ |

---

## 21:02

ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਕਿ ਉਸ ਦੁਆਰਾ ਸੰਸਾਰ ਦੀਆਂ ਸਾਰੀਆਂ ਜਾਤੀਆਂ ਬਰਕਤ ਪਾਉਣਗੀਆਂ |ਜਦੋਂ ਮਸੀਹਾ ਭਵਿੱਖ ਵਿੱਚ ਆਵੇਗਾ ਇਹ ਬਰਕਤਾਂ ਪੂਰੀਆਂ ਹੋਣਗੀਆਂ |ਉਹ ਸੰਸਾਰ ਦੀਆਂ ਸਾਰੀਆਂ ਜਾਤੀਆਂ ਲਈ ਸੰਭਵ ਕਰੇਗਾ ਕਿ ਹਰ ਕੋਈ ਬਚਾਇਆ ਜਾਵੇ |

### ਕੌਣ ਪਰਮੇਸ਼ੁਰ ਦੇ ਵਾਅਦੇ ਨੂੰ ਪੂਰਾ ਕਰੇਗਾ ਕਿ ਲੋਕਾਂ ਦੀਆਂ ਸਾਰੀਆਂ ਜਾਤੀਆਂ ਅਬਰਾਹਾਮ ਦੁਆਰਾ ਬਰਕਤ ਪਾਉਣ ?

ਮਸੀਹਾ |

---

## 21:03

ਪਰਮੇਸ਼ੁਰ ਨੇ ਮੂਸਾ ਨਾਲ ਵਾਅਦਾ ਕੀਤਾ ਕਿ ਭਵਿੱਖ ਵਿੱਚ ਉਹ ਮੂਸਾ ਵਰਗਾ ਇੱਕ ਹੋਰ ਨਬੀ ਖੜ੍ਹਾ ਕਰੇਗਾ |ਮਸੀਹ ਬਾਰੇ ਇਹ ਇੱਕ ਹੋਰ ਵਾਅਦਾ ਸੀ ਜੋ ਉਹ ਕੁੱਝ ਸਮੇਂ ਬਾਅਦ ਆਵੇਗਾ |

### ਕਿਸ ਗੱਲ ਵਿੱਚ ਮਸੀਹਾ ਮੂਸਾ ਵਰਗਾ ਹੋਵੇਗਾ ?

ਮਸੀਹਾ ਮੂਸਾ ਜਿਹਾ ਇੱਕ ਨਬੀ ਹੋਵੇਗਾ |

---

## 21:04

ਪਰਮੇਸ਼ੁਰ ਨੇ ਰਾਜਾ ਦਾਊਦ ਨਾਲ ਵਾਅਦਾ ਕੀਤਾ ਕਿ ਉਸ ਦੀ ਸੰਤਾਨ ਵਿੱਚੋਂ ਇੱਕ ਪਰਮੇਸ਼ੁਰ ਦੇ ਲੋਕਾਂ ਉੱਤੇ ਹਮੇਸ਼ਾਂ ਲਈ ਰਾਜਾ ਉੱਠੇਗਾ |ਇਸ ਦਾ ਮਤਲਬ ਕਿ ਮਸੀਹਾ ਦਾਊਦ ਦੀ ਆਪਣੀ ਸੰਤਾਨ ਵਿੱਚੋਂ ਇੱਕ ਹੋਵੇਗਾ |

### ਕਿਵੇਂ ਮਸੀਹਾ ਦਾਊਦ ਰਾਜਾ ਨਾਲ ਰਿਸ਼ਤੇ ਵਿੱਚ ਹੋਵੇਗਾ ?

ਮਸੀਹਾ ਦਾਊਦ ਦੀ ਪੀੜ੍ਹੀ ਚੋਂ ਇੱਕ ਹੋਵੇਗਾ |

---

## 21:05

ਯਿਰਮਿਯਾਹ ਨਬੀ ਦੁਆਰਾ ਪਰਮੇਸ਼ੁਰ ਨੇ ਵਾਅਦਾ ਕੀਤਾ ਕਿ ਉਹ ਇੱਕ ਨਵਾਂ ਨੇਮ ਬੰਨ੍ਹੇਗਾ , ਪਰ ਉਸ ਨੇਮ ਵਰਗਾ ਨਹੀਂ ਜੋ ਉਸਨੇ ਸੀਨਈ ਪਰਬਤ ਉੱਤੇ ਇਸਰਾਏਲੀਆਂ ਨਾਲ ਕੀਤਾ ਸੀ |ਨਵੇਂ ਨੇਮ ਵਿੱਚ ਪਰਮੇਸ਼ੁਰ ਆਪਣੀ ਬਿਵਸਥਾ ਨੂੰ ਲੋਕਾਂ ਦੇ ਦਿਲਾਂ ਉੱਤੇ ਲਿਖੇਗਾ ਅਤੇ ਲੋਕ ਪਰਮੇਸ਼ੁਰ ਨੂੰ ਵਿਅਕਤੀਗਤ ਤੌਰ ਤੇ ਜਾਨਣਗੇ, ਉਸਦੇ ਆਪਣੇ ਲੋਕ ਹੋਣਗੇ ਅਤੇ ਪਰਮੇਸ਼ੁਰ ਉਹਨਾਂ ਦੇ ਪਾਪਾਂ ਨੂੰ ਮਾਫ਼ ਕਰੇਗਾ |ਮਸੀਹਾ ਨਵੇਂ ਨੇਮ ਦੀ ਸ਼ੁਰੂਆਤ ਕਰੇਗਾ |

---

## 21:06

ਪਰਮੇਸ਼ੁਰ ਦੇ ਨਬੀਆਂ ਨੇ ਇਹ ਵੀ ਕਿਹਾ ਕਿ ਮਸੀਹ ਨਬੀ, ਜਾਜ਼ਕ, ਅਤੇ ਰਾਜਾ ਹੋਵੇਗਾ |ਨਬੀ ਉਹ ਵਿਅਕਤੀ ਹੁੰਦਾ ਹੈ ਜੋ ਪਰਮੇਸ਼ੁਰ ਦਾ ਵਚਨ ਸੁਣਦਾ ਅਤੇ ਪਰਮੇਸ਼ੁਰ ਦੇ ਵਚਨ ਦੀ ਲੋਕਾਂ ਉੱਤੇ ਘੋਸ਼ਣਾ ਕਰਦਾ ਹੈ |ਮਸੀਹਾ ਜਿਸ ਨੂੰ ਭੇਜਣ ਲਈ ਪਰਮੇਸ਼ੁਰ ਨੇ ਵਾਅਦਾ ਕੀਤਾ ਇੱਕ ਸਿੱਧ ਨਬੀ ਹੋਵੇਗਾ |

---

## 21:07

ਇਸਰਾਏਲੀ ਜਾਜ਼ਕ ਲੋਕਾਂ ਦੇ ਪਾਪਾਂ ਦੀ ਸਜ਼ਾ ਲਈ ਪ੍ਰਾਸਚਿਤ ਦੇ ਰੂਪ ਵਿੱਚ ਪਰਮੇਸ਼ੁਰ ਅੱਗੇ ਬਲੀਆਂ ਚੜ੍ਹਾਉਂਦੇ ਸਨ |ਜਾਜ਼ਕ ਲੋਕਾਂ ਲਈ ਪਰਮੇਸ਼ੁਰ ਦੇ ਅੱਗੇ ਪ੍ਰਾਰਥਨਾ ਵੀ ਕਰਦੇ ਸਨ |ਮਸੀਹਾ ਇੱਕ ਸਿੱਧ ਮਹਾਂ-ਜਾਜ਼ਕ ਹੋਵੇਗਾ ਜੋ ਆਪਣੇ ਆਪ ਨੂੰ ਪਰਮੇਸ਼ੁਰ ਅੱਗੇ ਸਿੱਧ ਬਲੀਦਾਨ ਕਰੇਗਾ |

### ਕਿਵੇਂ ਮਸੀਹਾ ਇੱਕ ਸਿੱਧ ਮਹਾਂ ਜ਼ਾਜਕ ਹੋਵੇਗਾ ?

ਉਹ ਲੋਕਾਂ ਦੇ ਲਈ ਆਪਣੇ ਆਪ ਨੂੰ ਪਰਮੇਸ਼ੁਰ ਅੱਗੇ ਇੱਕ ਸਿੱਧ ਬਲੀਦਾਨ ਦੇ ਰੂਪ ਵਿੱਚ ਭੇਂਟ ਕਰੇਗਾ |

---

## 21:08

ਰਾਜਾ ਉਹ ਹੁੰਦਾ ਹੈ ਜੋ ਸਾਮਰਾਜ ਉੱਤੇ ਰਾਜ ਕਰਦਾ ਅਤੇ ਲੋਕਾਂ ਦਾ ਨਿਆਂ ਕਰਦਾ ਹੈ |ਮਸੀਹਾ ਇੱਕ ਸਿੱਧ ਰਾਜਾ ਹੋਵੇਗਾ ਜੋ ਆਪਣੇ ਪੁਰਖੇ ਦਾਊਦ ਦੀ ਰਾਜ ਗੱਦੀ ਉੱਤੇ ਬੈਠੇਗਾ |ਉਹ ਸਾਰੇ ਸੰਸਾਰ ਉੱਤੇ ਹਮੇਸ਼ਾਂ ਲਈ ਰਾਜ ਕਰੇਗਾ ਅਤੇ ਹਮੇਸ਼ਾਂ ਧਾਰਮਿਕਤਾ ਨਾਲ ਨਿਆਂ ਕਰੇਗਾ ਅਤੇ ਸਹੀ ਫ਼ੈਸਲੇ ਕਰੇਗਾ |

### ਕਿਵੇਂ ਮਸੀਹਾ ਇੱਕ ਸਿੱਧ ਰਾਜਾ ਹੋਵੇਗਾ ?

ਉਹ ਹਮੇਸ਼ਾਂ ਲਈ ਸਾਰੇ ਜਗਤ ਉੱਤੇ ਰਾਜ ਕਰੇਗਾ ਅਤੇ ਹਮੇਸ਼ਾਂ ਧਾਰਮਿਕਤਾ ਨਾਲ ਨਿਆਂ ਕਰੇਗਾ |

---

## 21:09

ਪਰਮੇਸ਼ੁਰ ਦੇ ਨਬੀ ਮਸੀਹਾ ਬਾਰੇ ਹੋਰ ਵੀ ਕਈ ਗੱਲਾਂ ਦੱਸਦੇ ਹਨ |ਮਲਾਕੀ ਨਬੀ ਨੇ ਭਵਿੱਖ ਬਾਣੀ ਕੀਤੀ ਕਿ ਮਸੀਹ ਦੇ ਆਉਣ ਤੋਂ ਪਹਿਲਾਂ ਇੱਕ ਮਹਾਨ ਨਬੀ ਆਵੇਗਾ |ਯਸਾਯਾਹ ਨਬੀ ਨੇ ਭਵਿੱਖ ਬਾਣੀ ਕੀਤੀ ਕਿ ਮਸੀਹਾ ਕੁਆਰੀ ਤੋਂ ਪੈਦਾ ਹੋਵੇਗਾ |ਮੀਕਾਹ ਨਬੀ ਨੇ ਕਿਹਾ ਕਿ ਉਹ ਬੈਤਲਹਮ ਦੇ ਨਗਰ ਵਿੱਚ ਪੈਦਾ ਹੋਵੇਗਾ |

### ਯਸਾਯਾਹ ਨੇ ਮਸੀਹਾ ਦੇ ਜਨਮ ਬਾਰੇ ਕੀ ਖ਼ਾਸ ਹੋਣ ਲਈ ਕਿਹਾ ਹੈ ?

ਮਸੀਹਾ ਇੱਕ ਕੁਆਰੀ ਤੋਂ ਪੈਦਾ ਹੋਵੇਗਾ |

---

## 21:10

ਯਸਾਯਾਹ ਨਬੀ ਨੇ ਕਿਹਾ ਕਿ ਮਸੀਹਾ ਗਲੀਲ ਵਿੱਚ ਰਹੇਗਾ, ਟੁੱਟੇ ਦਿਲ ਵਾਲਿਆਂ ਨੂੰ ਤਸੱਲੀ ਦੇਵੇਗਾ, ਬੰਧੂਆਂ ਲਈ ਅਜ਼ਾਦੀ ਘੋਸ਼ਿਤ ਕਰੇਗਾ ਅਤੇ ਕੈਦੀਆਂ ਨੂੰ ਛੁਟਕਾਰਾ ਦੇਵੇਗਾ |ਉਸ ਨੇ ਇਹ ਵੀ ਭਵਿੱਖ ਬਾਣੀ ਕੀਤੀ ਕਿ ਉਹ ਬਿਮਾਰਾਂ ਨੂੰ ਚੰਗਾ ਕਰੇਗਾ ਅਤੇ ਜਿਹੜੇ ਸੁਣਦੇ ਨਹੀਂ, ਦੇਖਦੇ ਨਹੀਂ, ਬੋਲਦੇ ਨਹੀਂ ਜਾਂ ਤੁਰਦੇ ਨਹੀਂ |

---

## 21:11

ਯਸਾਯਾਹ ਨਬੀ ਨੇ ਭਵਿੱਖ ਬਾਣੀ ਕੀਤੀ ਕਿ ਮਸੀਹਾ ਨੂੰ ਬਿਨ੍ਹਾਂ ਕਾਰਨ ਨਫ਼ਰਤ ਕੀਤੀ ਜਾਵੇਗੀ ਅਤੇ ਉਸ ਦਾ ਨਿਰਾਦਰ ਹੋਵੇਗਾ |ਹੋਰ ਦੂਸਰੇ ਨਬੀਆਂ ਨੇ ਭਵਿੱਖ ਬਾਣੀ ਕੀਤੀ ਕਿ ਜਿਹੜੇ ਮਸੀਹ ਨੂੰ ਮਾਰਨਗੇ ਉਹ ਉਸਦੇ ਕੱਪੜਿਆਂ ਲਈ ਜੂਆ ਖੇਲਣਗੇ ਅਤੇ ਇੱਕ ਮਿੱਤਰ ਉਸ ਨੂੰ ਧੋਖਾ ਦੇਵੇਗਾ | ਜ਼ਕਰਯਾਹ ਨਬੀ ਨੇ ਭਵਿੱਖ ਬਾਣੀ ਕੀਤੀ ਕਿ ਇੱਕ ਮਿੱਤਰ ਨੂੰ ਤੀਹ ਸਿੱਕੇ ਦਿੱਤੇ ਜਾਣਗੇ ਕਿ ਉਹ ਮਸੀਹ ਨੂੰ ਧੋਖਾ ਦੇਵੇ |

---

## 21:12

ਨਬੀਆਂ ਨੇ ਇਹ ਵੀ ਦੱਸਿਆ ਕਿ ਮਸੀਹ ਕਿਸ ਤਰ੍ਹਾਂ ਮਰੇਗਾ |ਯਸਾਯਾਹ ਨੇ ਭਵਿੱਖ ਬਾਣੀ ਕੀਤੀ ਕਿ ਲੋਕ ਮਸੀਹ ਉੱਤੇ ਥੁੱਕਣਗੇ, ਮਖ਼ੌਲ ਕਰਨਗੇ ਅਤੇ ਮਾਰਨਗੇ |ਉਹ ਉਸ ਨੂੰ ਛੇਦਣਗੇ ਅਤੇ ਉਹ ਵੱਡੇ ਦੁੱਖ ਅਤੇ ਪੀੜਾ ਵਿੱਚ ਮਰੇਗਾ ਚਾਹੇ ਉਸ ਨੇ ਕੋਈ ਪਾਪ ਨਹੀਂ ਕੀਤਾ |

### ਨਬੀਆਂ ਦੇ ਅਨੁਸਾਰ, ਮਸੀਹਾ ਕਿਸ ਤਰ੍ਹਾਂ ਮਰੇਗਾ ?

ਮਸੀਹਾ ਨਾਲ ਦੁਰਵਿਵਹਾਰ ਹੋਵੇਗਾ, ਛੇਦਿਆ ਜਾਵੇਗਾ ਅਤੇ ਵੱਡੇ ਦੁੱਖ ਵਿੱਚ ਮਰੇਗਾ |

---

## 21:13

ਨਬੀਆਂ ਨੇ ਇਹ ਵੀ ਕਿਹਾ ਕਿ ਮਸੀਹ ਵਿੱਚ ਕੋਈ ਪਾਪ ਨਹੀਂ ਹੋਵੇਗਾ ਅਤੇ ਉਹ ਸਿੱਧ ਹੋਵੇਗਾ |ਉਹ ਦੂਸਰੇ ਲੋਕਾਂ ਦੇ ਪਾਪਾਂ ਦੀ ਸਜ਼ਾ ਨੂੰ ਲੈਣ ਲਈ ਮਰੇਗਾ |ਉਸ ਦੀ ਸਜ਼ਾ ਲੋਕਾਂ ਅਤੇ ਪਰਮੇਸ਼ੁਰ ਵਿਚਕਾਰ ਸ਼ਾਂਤੀ ਲਿਆਵੇਗੀ |ਇਸ ਕਾਰਨ, ਇਹ ਪਰਮੇਸ਼ੁਰ ਦੀ ਇੱਛਾ ਸੀ ਕਿ ਉਹ ਮਸੀਹ ਨੂੰ ਲਤਾੜੇ |

### ਮਸੀਹਾ ਨੂੰ ਕੁਚਲਣ ਲਈ ਪਰਮੇਸ਼ੁਰ ਦੀ ਇਹ ਇੱਛਾ ਕਿਉਂ ਸੀ ?

ਕਿਉਂਕਿ ਮਸੀਹਾ, ਸਿੱਧ ਹੋਣ ਕਰਕੇ ਲੋਕਾਂ ਦੇ ਪਾਪਾਂ ਲਈ ਸਜ਼ਾ ਲਵੇਗਾ ਅਤੇ ਪਰਮੇਸ਼ੁਰ ਅਤੇ ਲੋਕਾਂ ਦੇ ਵਿਚਕਾਰ ਸ਼ਾਂਤੀ ਲਿਆਵੇਗਾ |

---

## 21:14

ਨਬੀਆਂ ਨੇ ਭਵਿੱਖ ਬਾਣੀ ਕੀਤੀ ਕਿ ਮਸੀਹਾ ਮਰੇਗਾ ਅਤੇ ਪਰਮੇਸ਼ੁਰ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲੇਗਾ |ਮਸੀਹ ਦੀ ਮੌਤ ਅਤੇ ਜੀਅ ਉੱਠਣ ਦੁਆਰਾ ਪਰਮੇਸ਼ੁਰ ਪਾਪੀਆਂ ਨੂੰ ਬਚਾਉਣ ਅਤੇ ਨਵੇਂ ਨੇਮ ਨੂੰ ਸ਼ੁਰੂ ਕਰਨ ਦੀ ਯੋਜਨਾ ਨੂੰ ਪੂਰਾ ਕਰੇਗਾ |

### ਮਸੀਹਾ ਦੀ ਮੌਤ ਅਤੇ ਉਸਦੇ ਮੁਰਦਿਆਂ ਵਿੱਚੋਂ ਜੀਅ ਉੱਠਣ ਕਾਰਨ ਪਰਮੇਸ਼ੁਰ ਕੀ ਕਰੇਗਾ ?

ਪਰਮੇਸ਼ੁਰ ਪਾਪੀਆਂ ਨੂੰ ਬਚਾਵੇਗਾ ਅਤੇ ਨਵੇਂ ਨੇਮ ਨੂੰ ਸ਼ੁਰੂ ਕਰੇਗਾ |

---

## 21:15

ਪਰਮੇਸ਼ੁਰ ਨੇ ਨਬੀਆਂ ਉੱਤੇ ਮਸੀਹਾ ਬਾਰੇ ਬਹੁਤ ਗੱਲਾਂ ਨੂੰ ਪ੍ਰਗਟ ਕੀਤਾ, ਪਰ ਮਸੀਹਾ ਇਹਨਾਂ ਨਬੀਆਂ ਵਿੱਚੋਂ ਕਿਸੇ ਦੇ ਵੀ ਸਮੇਂ ਵਿੱਚ ਨਹੀਂ ਆਇਆ |ਆਖਰੀ ਨਬੂਬਤਾਂ ਹੋਣ ਤੋਂ 400 ਸਾਲ ਤੋਂ ਵੀ ਬਾਅਦ, ਬਿਲਕੁਲ ਸਹੀ ਸਮੇਂ ਤੇ ਪਰਮੇਸ਼ੁਰ ਮਸੀਹਾ ਨੂੰ ਜਗਤ ਵਿੱਚ ਭੇਜੇਗਾ |

### ਮਸੀਹ ਦੇ ਜਗਤ ਵਿੱਚ ਆਉਣ ਅਤੇ ਉਸ ਬਾਰੇ ਆਖ਼ਰੀ ਭਵਿੱਖਬਾਣੀ ਵਿੱਚ ਕਿੰਨਾ ਸਮਾਂ ਗੁਜਰਿਆ ?

400 ਤੋਂ ਵੀ ਜ਼ਿਆਦਾ ਸਾਲ |

# ਯੂਹੰਨਾ ਦਾ ਜਨਮ

## 22:01

ਬੀਤੇ ਸਮੇਂ ਵਿੱਚ, ਪਰਮੇਸ਼ੁਰ ਨੇ ਲੋਕਾਂ ਨਾਲ ਨਬੀਆਂ ਅਤੇ ਦੂਤਾਂ ਦੁਆਰਾ ਗੱਲਾਂ ਕੀਤੀਆਂ |ਪਰ ਜਦੋਂ 400 ਸਾਲ ਬੀਤ ਗਏ ਉਸ ਨੇ ਉਹਨਾਂ ਨਾਲ ਕੋਈ ਗੱਲ ਨਹੀਂ ਕੀਤੀ |ਅਚਾਨਕ ਇੱਕ ਦੂਤ ਇੱਕ ਬਜ਼ੁਰਗ ਜਾਜ਼ਕ ਕੋਲ ਇੱਕ ਸੰਦੇਸ਼ ਨਾਲ ਆਇਆ ਜਿਸ ਦਾ ਨਾਮ ਜ਼ਕਰਯਾਹ ਸੀ |ਜ਼ਕਰਯਾਹ ਅਤੇ ਉਸਦੀ ਪਤਨੀ ਇਲੀਸਬਤ ਧਰਮੀ ਲੋਕ ਸਨ ਪਰ ਉਸ ਦੇ ਕੋਈ ਵੀ ਬੱਚਾ ਨਾ ਸੀ ਕਿਉਂਕਿ ਉਹ ਬਾਂਝ ਸੀ |

### ਪਰਮੇਸ਼ੁਰ ਦੁਆਰਾ ਲੋਕਾਂ ਨਾਲ ਗੱਲ ਕੀਤਿਆਂ ਕਿੰਨਾ ਸਮਾਂ ਗੁਜਰ ਗਿਆ ਸੀ ?

400 ਸਾਲ |

### ਜ਼ਕਰਯਾਹ ਦੀ ਪਤਨੀ ਇਲੀਸਬਤ ਦੀ ਕੀ ਸਮੱਸਿਆ ਸੀ ?

ਉਹ ਬੱਚਾ ਪੈਦਾ ਕਰਨ ਦੇ ਯੋਗ ਨਹੀਂ ਸੀ |

---

## 22:02

ਦੂਤ ਨੇ ਜ਼ਕਰਯਾਹ ਨੂੰ ਕਿਹਾ, “ਤੇਰੀ ਪਤਨੀ ਦੇ ਇੱਕ ਪੁੱਤਰ ਹੋਵੇਗਾ” |ਤੂੰ ਉਸ ਦਾ ਨਾਮ ਯੂਹੰਨਾ ਰੱਖੇਂਗਾ |ਉਹ ਪਵਿੱਤਰ ਆਤਮਾ ਨਾਲ ਭਰਿਆ ਹੋਵੇਗਾ, ਅਤੇ ਲੋਕਾਂ ਨੂੰ ਮਸੀਹਾ ਲਈ ਤਿਆਰ ਕਰੇਗਾ |ਜ਼ਕਰਯਾਹ ਨੇ ਉੱਤਰ ਦਿੱਤਾ, “ਮੈਂ ਅਤੇ ਮੇਰੀ ਪਤਨੀ ਬੱਚਾ ਪੈਦਾ ਕਰਨ ਲਈ ਬੁੱਢੇ ਹਾਂ!ਮੈਂ ਕਿੱਦਾਂ ਜਾਣਾ ਕਿ ਇਹ ਹੋਵੇਗਾ ?”

### ਦੂਤ ਨੇ ਜ਼ਕਰਯਾਹ ਨੂੰ ਆਪਣੇ ਪੁੱਤਰ ਦਾ ਕੀ ਨਾਮ ਰੱਖਣ ਲਈ ਕਿਹਾ ?

ਉਸ ਦਾ ਨਾਮ ਯੂਹੰਨਾ ਹੋਵੇਗਾ |

### ਦੂਤ ਨੇ ਕੀ ਕਿਹਾ ਕਿ ਯੂਹੰਨਾ ਆਪਣੇ ਜੀਵਨ ਵਿੱਚ ਕੀ ਕਰੇਗਾ ?

ਯੂਹੰਨਾ ਮਸੀਹਾ ਲਈ ਲੋਕਾਂ ਨੂੰ ਤਿਆਰ ਕਰੇਗਾ |

### ਜ਼ਕਰਯਾਹ ਨੇ ਕਿਉਂ ਵਿਸ਼ਵਾਸ ਨਹੀਂ ਕੀਤਾ ਕਿ ਉਸਦੀ ਪਤਨੀ ਇਲੀਸਬਤ ਪੁੱਤਰ ਜਣੇਗੀ ?

ਉਹ ਬਹੁਤ ਬੁੱਢੇ ਹੋ ਚੁੱਕੇ ਸਨ |

---

## 22:03

ਦੂਤ ਨੇ ਜ਼ਕਰਯਾਹ ਨੂੰ ਉੱਤਰ ਦਿੱਤਾ, “ਮੈਂ ਪਰਮੇਸ਼ੁਰ ਦੁਆਰਾ ਭੇਜਿਆ ਗਿਆਂ ਹਾਂ ਕਿ ਤੇਰੇ ਲਈ ਇਹ ਖੁਸ਼ ਖ਼ਬਰੀ ਲਿਆਵਾਂ |ਕਿਉਂ ਜੋ ਤੂੰ ਮੇਰੇ ਉੱਤੇ ਵਿਸ਼ਵਾਸ ਨਹੀਂ ਕੀਤਾ, ਜਦ ਤੱਕ ਬੱਚਾ ਪੈਦਾ ਨਹੀਂ ਹੁੰਦਾ ਤੂੰ ਬੋਲੇਗਾਂ ਨਹੀਂ |ਇੱਕ ਦਮ ਜ਼ਕਰਯਾਹ ਗੁੰਗਾ ਹੋ ਗਿਆ |ਤਦ ਦੂਤ ਜ਼ਕਰਯਾਹ ਕੋਲੋਂ ਚਲਾ ਗਿਆ |ਇਸ ਤੋਂ ਬਾਅਦ, ਜ਼ਕਰਯਾਹ ਘਰ ਵਾਪਸ ਆਇਆ ਅਤੇ ਉਸ ਦੀ ਪਤਨੀ ਗਰਭਵੰਤੀ ਹੋਈ |

### ਕਿਵੇਂ ਦੂਤ ਨੇ ਜ਼ਕਰਯਾਹ ਨੂੰ ਸਜ਼ਾ ਦਿੱਤੀ ਜਦ ਉਸ ਨੇ ਵਿਸ਼ਵਾਸ ਨਹੀਂ ਕੀਤਾ ਸੀ ?

ਜ਼ਕਰਯਾਹ ਯੂਹੰਨਾ ਦੇ ਪੈਦਾ ਹੋਣ ਤੱਕ ਬੋਲ ਨਾ ਸਕਿਆ |

---

## 22:04

ਜਦੋਂ ਇਲੀਸਬਤ ਛੇ ਮਹੀਨਿਆਂ ਤੋਂ ਗਰਭਵੰਤੀ ਸੀ, ਉਹੀ ਦੂਤ ਅਚਾਨਕ ਇਲੀਸਬਤ ਦੀ ਰਿਸ਼ਤੇਦਾਰ ਤੇ ਪ੍ਰਗਟ ਹੋਇਆ ਜਿਸ ਦਾ ਨਾਮ ਮਰਿਯਮ ਸੀ |ਉਹ ਕੁਆਰੀ ਸੀ ਅਤੇ ਉਸ ਦੀ ਕੁੜਮਾਈ ਇੱਕ ਯੂਸੁਫ਼ ਨਾਮ ਦੇ ਵਿਅਕਤੀ ਨਾਲ ਹੋਈ ਸੀ |ਦੂਤ ਨੇ ਕਿਹਾ, “ਤੂੰ ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ |ਤੂੰ ਉਸ ਦਾ ਨਾਮ ਯਿਸੂ ਰੱਖੀਂ |ਉਹ ਅੱਤ ਮਹਾਨ ਪਰਮੇਸ਼ੁਰ ਦਾ ਪੁੱਤਰ ਹੋਵੇਗਾ ਅਤੇ ਹਮੇਸ਼ਾਂ ਲਈ ਰਾਜ ਕਰੇਗਾ |”

### ਇਲੀਸਬਤ ਕਿੰਨੇ ਸਮੇਂ ਦੀ ਗਰਭਵੰਤੀ ਸੀ ਜਦੋਂ ਦੂਤ ਮਰਿਯਮ ਤੇ ਪ੍ਰਗਟ ਹੋਇਆ ?

ਛੇ ਮਹੀਨੇ ਦੀ |

### ਦੂਤ ਨੇ ਮਰਿਯਮ ਨੂੰ ਕੀ ਦੱਸਿਆ ਉਸ ਨਾਲ ਕੀ ਹੋਣ ਜਾ ਰਿਹਾ ਹੈ ?

ਉਹ ਗਰਭਵੰਤੀ ਹੋਵੇਗੀ ਅਤੇ ਇੱਕ ਪੁੱਤਰ ਨੂੰ ਜਨਮ ਦੇਵੇਗੀ |

### ਦੂਤ ਦੇ ਅਨੁਸਾਰ ਯਿਸੂ ਕੌਣ ਹੋਵੇਗਾ ?

ਅੱਤ ਮਹਾਨ ਪਰਮੇਸ਼ੁਰ ਦਾ ਪੁੱਤਰ |

---

## 22:05

ਮਰਿਯਮ ਨੇ ਉੱਤਰ ਦਿੱਤਾ, “ਇਹ ਕਿਸ ਤਰ੍ਹਾਂ ਹੋ ਸਕਦਾ ਹੈ ਜਦ ਕਿ ਮੈਂ ਕੁਆਰੀ ਹਾਂ ?”ਦੂਤ ਨੇ ਬਿਆਨ ਕੀਤਾ, “ਪਵਿੱਤਰ ਆਤਮਾ ਤੇਰੇ ਉੱਤੇ ਆਵੇਗਾ ਅਤੇ ਪਰਮੇਸ਼ੁਰ ਦੀ ਸ਼ਕਤੀ ਤੇਰੇ ਉੱਤੇ ਛਾਇਆ ਕਰੇਗੀ |ਬਾਲਕ ਪਵਿੱਤਰ ਅਤੇ ਪਰਮੇਸ਼ੁਰ ਦਾ ਪੁੱਤਰ ਹੋਵੇਗਾ |”ਜੋ ਕੁੱਝ ਦੂਤ ਨੇ ਕਿਹਾ ਮਰਿਯਮ ਨੇ ਵਿਸ਼ਵਾਸ ਅਤੇ ਗ੍ਰਹਿਣ ਕੀਤਾ |

### ਕਿਉਂ ਯਿਸੂ ਦਾ ਜਨਮ ਇੱਕ ਚਮਤਕਾਰ ਸੀ ?

ਮਰਿਯਮ ਕੁਆਰੀ ਸੀ |

### ਯਿਸੂ ਕਿਸ ਦਾ ਪੁੱਤਰ ਹੈ ?

ਯਿਸੂ ਪਰਮੇਸ਼ੁਰ ਦਾ ਪੁੱਤਰ ਹੈ |

---

## 22:06

ਦੂਤ ਦੇ ਮਰਿਯਮ ਨਾਲ ਗੱਲ ਕਰਨ ਦੇ ਇੱਕ ਦਮ ਬਾਅਦ ਉਹ ਇਲੀਸਬਤ ਦੇ ਕੋਲ ਗਈ |ਜਿਵੇਂ ਹੀ ਇਲੀਸਬਤ ਨੇ ਮਰਿਯਮ ਦੇ ਸਲਾਮ ਦੀ ਅਵਾਜ਼ ਸੁਣੀ, ਇਲੀਸਬਤ ਦਾ ਬੱਚਾ ਉਸ ਦੇ ਅੰਦਰ ਉੱਛਲਿਆ |ਜੋ ਕੁੱਝ ਪਰਮੇਸ਼ੁਰ ਨੇ ਉਹਨਾਂ ਲਈ ਕੀਤਾ ਸੀ ਉਸ ਲਈ ਦੋਨਾਂ ਔਰਤਾਂ ਨੇ ਮਿਲ ਕੇ ਖੁਸ਼ੀ ਕੀਤੀ |ਇਲੀਸਬਤ ਕੋਲ ਤਿੰਨ ਮਹੀਨੇ ਰਹਿਣ ਤੋਂ ਬਾਅਦ ਮਰਿਯਮ ਘਰ ਵਾਪਸ ਆਈ |

### ਦੂਤ ਦੇ ਛੱਡਣ ਤੋਂ ਬਾਅਦ ਮਰਿਯਮ ਕਿਸ ਨੂੰ ਮਿਲਣ ਗਈ ?

ਉਹ ਇਲੀਸਬਤ ਕੋਲ ਗਈ |

---

## 22:07

ਇਲੀਸਬਤ ਦੁਆਰਾ ਆਪਣੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ, ਜ਼ਕਰਯਾਹ ਅਤੇ ਇਲੀਸਬਤ ਨੇ ਬੱਚੇ ਦਾ ਨਾਮ ਯੂਹੰਨਾ ਰੱਖਿਆ ਜਿਵੇਂ ਦੂਤ ਨੇ ਹੁਕਮ ਦਿੱਤਾ ਸੀ |ਤਦ ਪਰਮੇਸ਼ੁਰ ਨੇ ਜ਼ਕਰਯਾਹ ਦੀ ਜੁਬਾਨ ਨੂੰ ਖੋਲ੍ਹ ਦਿੱਤਾ |ਜ਼ਕਰਯਾਹ ਨੇ ਕਿਹਾ, “ਪਰਮੇਸ਼ੁਰ ਦੀ ਮਹਿਮਾ ਹੋਵੇ ਕਿ ਉਸ ਨੇ ਆਪਣੇ ਲੋਕਾਂ ਨੂੰ ਯਾਦ ਕੀਤਾ !”ਮੇਰੇ ਪੁੱਤਰ ਤੂੰ ਅੱਤ ਮਹਾਨ ਪਰਮੇਸ਼ੁਰ ਦਾ ਨਬੀ ਕਹਾਵੇਂਗਾ ਜੋ ਲੋਕਾਂ ਨੂੰ ਦੱਸੇਗਾ ਕਿ ਉਹ ਕਿਸ ਤਰ੍ਹਾਂ ਆਪਣੇ ਪਾਪਾਂ ਤੋਂ ਮਾਫ਼ੀ ਪਾਉਣ !”

### ਜ਼ਕਰਯਾਹ ਨੇ ਯੂਹੰਨਾ ਬਾਰੇ ਕੀ ਕਿਹਾ ?

ਯੂਹੰਨਾ ਅੱਤ ਮਹਾਨ ਪਰਮੇਸ਼ੁਰ ਦਾ ਨਬੀ ਹੋਵੇਗਾ ਅਤੇ ਲੋਕਾਂ ਨੂੰ ਦੱਸੇਗਾ ਕਿ ਕਿਸ ਤਰ੍ਹਾਂ ਉਹ ਆਪਣੇ ਪਾਪਾਂ ਦੀ ਮਾਫ਼ੀ ਪ੍ਰਾਪਤ ਕਰਨ |

# ਯਿਸੂ ਦਾ ਜਨਮ

## 23:01

ਮਰਿਯਮ ਦੀ ਕੁੜਮਾਈ ਇੱਕ ਧਰਮੀ ਜਨ ਨਾਲ ਹੋਈ ਸੀ, ਜਿਸ ਦਾ ਨਾਮ ਯੂਸੁਫ਼ ਸੀ |ਜਦੋਂ ਉਸ ਨੂੰ ਪਤਾ ਲੱਗਾ ਕਿ ਮਰਿਯਮ ਗਰਭਵੰਤੀ ਹੈ ਤਾਂ ਉਸ ਨੂੰ ਪਤਾ ਸੀ ਕਿ ਇਹ ਉਸ ਦਾ ਬੱਚਾ ਨਹੀਂ ਹੈ |ਉਹ ਮਰਿਯਮ ਨੂੰ ਬਦਨਾਮ ਨਹੀਂ ਕਰਨਾ ਚਾਹੁੰਦਾ ਸੀ, ਇਸ ਲਈ ਉਸ ਨੇ ਉਸ ਨੂੰ ਚੁੱਪ ਚਾਪ ਤਿਆਗ ਦੇਣ ਦਾ ਫੈਸਲਾ ਕੀਤਾ |ਇਸ ਤੋਂ ਪਹਿਲਾਂ ਕਿ ਉਹ ਇਸ ਤਰ੍ਹਾਂ ਕਰਦਾ ਇੱਕ ਦੂਤ ਉਸ ਕੋਲ ਆਇਆ ਅਤੇ ਉਸ ਨਾਲ ਸੁਫ਼ਨੇ ਵਿੱਚ ਗੱਲ ਕੀਤੀ |

### ਯੂਸੁਫ਼ ਕਿਸ ਪ੍ਰਕਾਰ ਦਾ ਵਿਅਕਤੀ ਸੀ ?

ਉਹ ਇੱਕ ਧਰਮੀ ਪੁਰਖ ਸੀ |

### ਯੂਸੁਫ਼ ਮਰਿਯਮ ਨਾਲ ਕੀ ਕਰਨ ਦੀ ਯੋਜਨਾ ਬਣਾ ਰਿਹਾ ਸੀ ਜਦੋਂ ਉਹ ਗਰਭਵੰਤੀ ਸੀ ?

ਉਹ ਚੁੱਪ-ਚਾਪ ਮਰਿਯਮ ਨੂੰ ਤਿਆਗ ਦੇਣਾ ਚਾਹੁੰਦਾ ਸੀ |

---

## 23:02

ਦੂਤ ਨੇ ਕਿਹਾ, “ਯੂਸੁਫ਼ , ਮਰਿਯਮ ਨੂੰ ਆਪਣੀ ਪਤਨੀ ਬਣਾਉਣ ਤੋਂ ਨਾ ਡਰ |ਜਿਹੜਾ ਬੱਚਾ ਉਸ ਦੇ ਗਰਭ ਵਿੱਚ ਹੈ ਉਹ ਪਵਿੱਤਰ ਆਤਮਾ ਵਲੋਂ ਹੈ | ਉਹ ਪੁੱਤਰ ਜਣੇਗੀ |ਉਸ ਦਾ ਨਾਮ ਯਿਸੂ ਰੱਖੀਂ (ਉਸ ਦਾ ਮਤਲਬ ਹੈ, “ਯਹੋਵਾਹ ਬਚਾਉਂਦਾ ਹੈ”), ਕਿਉਂਕਿ ਉਹ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਬਚਾਵੇਗਾ |”

### ਕਿਸ ਗੱਲ ਨੇ ਯੂਸੁਫ਼ ਦੇ ਵਿਚਾਰ ਨੂੰ ਬਦਲ ਦਿੱਤਾ ਅਤੇ ਉਸ ਨੇ ਮਰਿਯਮ ਨਾਲ ਵਿਆਹ ਕਰ ਲਿਆ ?

ਇੱਕ ਦੂਤ ਆਇਆ ਅਤੇ ਉਸ ਨਾਲ ਗੱਲ ਕੀਤੀ ਅਤੇ ਕਿਹਾ, “ਮਰਿਯਮ ਨੂੰ ਆਪਣੀ ਪਤਨੀ ਬਣਾਉਣ ਤੋਂ ਨਾ ਡਰ|”

### “ਯਿਸੂ” ਨਾਮ ਦਾ ਕੀ ਮਤਲਬ ਹੈ ?

ਇਸ ਦਾ ਮਤਲਬ ਹੈ, “ਯਹੋਵਾਹ ਬਚਾਉਂਦਾ ਹੈ|”

---

## 23:03

ਇਸ ਲਈ ਯੂਸੁਫ਼ ਨੇ ਮਰਿਯਮ ਨਾਲ ਵਿਆਹ ਕਰ ਲਿਆ ਅਤੇ ਉਸ ਨੂੰ ਪਤਨੀ ਦੇ ਰੂਪ ਵਿੱਚ ਆਪਣੇ ਘਰ ਲੈ ਆਇਆ ਪਰ ਜਦ ਤੱਕ ਉਸ ਨੇ ਜਨਮ ਨਾ ਦੇ ਦਿੱਤਾ ਉਸ ਨਾਲ ਸੰਗ ਨਾ ਕੀਤਾ |

---

## 23:04

ਜਦੋਂ ਮਰਿਯਮ ਦੇ ਜਨਮ ਦੇਣ ਦਾ ਸਮਾਂ ਨੇੜੇ ਆ ਗਿਆ, ਰੋਮੀ ਸਰਕਾਰ ਨੇ ਸਭ ਲਈ ਹੁਕਮ ਜਾਰੀ ਕੀਤਾ ਕਿ ਉਹ ਜਨ-ਗਣਨਾ ਲਈ ਆਪਣੇ ਪੁਰਖਿਆਂ ਦੇ ਨਗਰਾਂ ਵਿੱਚ ਜਾਣ |ਯੂਸੁਫ਼ ਅਤੇ ਮਰਿਯਮ ਨੂੰ ਆਪਣੇ ਨਿਵਾਸ ਸਥਾਨ ਨਾਸਰਤ ਤੋਂ ਬੈਤਲਹਮ ਜਾਣ ਲਈ ਲੰਬਾ ਸਫ਼ਰ ਤਹਿ ਕਰਨਾ ਪਿਆ ਕਿਉਂਕਿ ਉਹਨਾਂ ਦਾ ਪੁਰਖਾ ਦਾਊਦ ਸੀ ਜਿਸ ਦਾ ਜੱਦੀ ਨਗਰ ਬੈਤਲਹਮ ਸੀ |

### ਕਿਉਂ ਯੂਸੁਫ਼ ਅਤੇ ਮਰਿਯਮ ਨੇ ਯਰੂਸ਼ਲਮ ਤੱਕ ਲੰਬੀ ਯਾਤਰਾ ਕੀਤੀ ?

ਕਿਉਂਕਿ ਰੋਮ ਸਰਕਾਰ ਨੇ ਕਿਹਾ ਕਿ ਹਰ ਇੱਕ ਆਪਣੇ ਆਪਣੇ ਨਗਰ ਨੂੰ ਜਾਵੇ ਜਿੱਥੇ ਉਹਨਾਂ ਦੇ ਪੁਰਖੇ ਰਹਿੰਦੇ ਸਨ |

---

## 23:05

ਜਦੋਂ ਉਹ ਬੈਤਲਹਮ ਪਹੁੰਚੇ ਤਾਂ ਉੱਥੇ ਠਹਿਰਨ ਲਈ ਕੋਈ ਜਗ੍ਹਾ ਨਹੀਂ ਸੀ |ਸਿਰਫ਼ ਉਹ ਉਹੀ ਜਗ੍ਹਾ ਪਾ ਸਕੇ ਜਿੱਥੇ ਪਸ਼ੂ ਬੰਨ੍ਹੇ ਜਾਂਦੇ ਸਨ |ਬੱਚਾ ਉਸੇ ਜਗ੍ਹਾ ਪੈਦਾ ਹੋਇਆ ਅਤੇ ਮਾਂ ਨੇ ਉਸ ਨੂੰ ਖੁਰਲੀ ਵਿੱਚ ਲਿਟਾ ਦਿੱਤਾ ਕਿਉਂਕਿ ਉਸ ਲਈ ਕੋਈ ਬਿਸਤਰ ਨਹੀਂ ਸੀ |ਉਹਨਾਂ ਨੇ ਉਸ ਦਾ ਨਾਮ ਯਿਸੂ ਰੱਖਿਆ |

### ਕਿਸ ਪ੍ਰਕਾਰ ਦੀ ਜਗ੍ਹਾ ਵਿੱਚ ਯਿਸੂ ਪੈਦਾ ਹੋਇਆ ?

ਉਹ ਇੱਕ ਐਸੀ ਜਗ੍ਹਾ ਤੇ ਪੈਦਾ ਹੋਇਆ ਜਿੱਥੇ ਜਾਨਵਰ ਰਹਿੰਦੇ ਸਨ |

---

## 23:06

ਉਸ ਰਾਤ ਨੇੜੇ ਦੇ ਮੈਦਾਨਾਂ ਵਿੱਚ ਕੁੱਝ ਚਰਵਾਹੇ ਭੇਡਾਂ ਦੀ ਰਖ਼ਵਾਲੀ ਕਰਦੇ ਸਨ |ਅਚਾਨਕ, ਇੱਕ ਦੂਤ ਉਹਨਾਂ ਉੱਤੇ ਪ੍ਰਗਟ ਹੋਇਆ ਅਤੇ ਉਹ ਡਰ ਗਏ |ਦੂਤ ਨੇ ਉਹਨਾਂ ਨੂੰ ਕਿਹਾ, “ਨਾ ਡਰੋ, ਕਿਉਂਕਿ ਮੇਰੇ ਕੋਲ ਤੁਹਾਡੇ ਲਈ ਇੱਕ ਖ਼ੁਸ਼ੀ ਦੀ ਖ਼ਬਰ ਹੈ |ਮਸੀਹਾ, ਸੁਆਮੀ, ਬੈਤਲਹਮ ਵਿੱਚ ਪੈਦਾ ਹੋ ਚੁੱਕਾ ਹੈ !”

### ਚਰਵਾਹਿਆਂ ਲਈ ਦੂਤ ਦਾ ਕੀ ਸੰਦੇਸ਼ ਸੀ ?

“ਨਾ ਡਰੋ, ਕਿਉਂਕਿ ਮੇਰੇ ਕੋਲ ਤੁਹਾਡੇ ਲਈ ਕੁੱਝ ਖ਼ੁਸ਼ੀ ਦੀ ਖ਼ਬਰ ਹੈ |ਮਸੀਹਾ, ਸੁਆਮੀ ਬੈਤਲਹਮ ਵਿੱਚ ਪੈਦਾ ਹੋ ਗਿਆ ਹੈ !”

---

## 23:07

“ਜਾਓ ਉਸ ਬੱਚੇ ਦੀ ਭਾਲ ਕਰੋ, ਅਤੇ ਤੁਸੀਂ ਉਸ ਨੂੰ ਇੱਕ ਕੱਪੜੇ ਵਿੱਚ ਲਪੇਟਿਆ ਹੋਇਆ ਅਤੇ ਖੁਰਲੀ ਵਿੱਚ ਪਿਆ ਦੇਖੋਗੇ |”ਅਚਾਨਕ, ਅਕਾਸ਼ ਪਰਮੇਸ਼ੁਰ ਦੀ ਮਹਿਮਾ ਕਰਦੇ ਹੋਏ ਦੂਤਾਂ ਨਾਲ ਭਰ ਗਿਆ, ਜੋ ਕਹਿ ਰਹੇ ਸਨ, “ਸਵਰਗ ਵਿੱਚ ਪਰਮੇਸ਼ੁਰ ਦੀ ਮਹਿਮਾ ਹੋ ਅਤੇ ਧਰਤੀ ਉੱਤੇ ਲੋਕਾਂ ਲਈ ਸ਼ਾਂਤੀ ਜਿਹਨਾਂ ਉੱਤੇ ਉਹ ਦਯਾ ਕਰਦਾ ਹੈ !”

---

## 23:08

ਚਰਵਾਹੇ ਇੱਕ ਦਮ ਉਸ ਜਗ੍ਹਾ ਤੇ ਪਹੁੰਚੇ ਜਿੱਥੇ ਯਿਸੂ ਸੀ ਅਤੇ ਉਹਨਾਂ ਨੇ ਉਸ ਨੂੰ ਖੁਰਲੀ ਵਿੱਚ ਪਿਆ ਦੇਖਿਆ ਇੱਕ ਦਮ ਉਸੇ ਤਰ੍ਹਾਂ ਜਿਵੇਂ ਦੂਤ ਨੇ ਕਿਹਾ ਸੀ |ਉਹ ਬਹੁਤ ਉਤਸ਼ਾਹਿਤ ਸਨ |ਮਰਿਯਮ ਵੀ ਬਹੁਤ ਖੁਸ਼ ਸੀ |ਚਰਵਾਹੇ ਜੋ ਉਸ ਗੱਲ ਲਈ ਜੋ ਉਹਨਾਂ ਨੇ ਸੁਣਿਆ ਅਤੇ ਦੇਖਿਆ ਉਸ ਲਈ ਪਰਮੇਸ਼ੁਰ ਦੀ ਮਹਿਮਾ ਕਰਦੇ ਹੋਏ ਮੈਦਾਨਾਂ ਵਿੱਚ ਵਾਪਸ ਆਏ ਜਿੱਥੇ ਉਹਨਾਂ ਦੀਆਂ ਭੇਡਾਂ ਸਨ |

### ਜਦੋਂ ਉਹਨਾਂ ਨੇ ਉਸ ਨੂੰ ਪਾਇਆ ਤਾਂ ਕਿਵੇਂ ਉਹਨਾਂ ਨੂੰ ਪਤਾ ਲੱਗਾ ਕਿ ਇਹ ਸਹੀ ਬੱਚਾ ਹੈ ?

ਉਹ ਇੱਕ ਕੱਪੜੇ ਵਿੱਚ ਲਪੇਟਿਆ ਹੋਇਆ ਹੋਵੇਗਾ ਅਤੇ ਇੱਕ ਖੁਰਲੀ ਵਿੱਚ ਪਿਆ ਹੋਵੇਗਾ |

### ਬੱਚੇ ਨੂੰ ਦੇਖਣ ਤੋਂ ਬਾਦ ਚਰਵਾਹਿਆਂ ਨੇ ਕੀ ਕੀਤਾ ?

ਜੋ ਕੁੱਝ ਉਹਨਾਂ ਨੇ ਦੇਖਿਆ ਅਤੇ ਸੁਣਿਆ ਉਸ ਲਈ ਪਰਮੇਸ਼ੁਰ ਦੀ ਮਹਿਮਾ ਕਰਦੇ ਹੋਏ ਉਹ ਖੇਤਾਂ ਨੂੰ ਮੁੜੇ |

---

## 23:09

ਕੁੱਝ ਸਮੇਂ ਬਾਅਦ ਪੂਰਬੀ ਦੂਰ ਦੇਸਾਂ ਦੇ ਖੋਜ਼ੀਆਂ ਨੇ ਅਕਾਸ਼ ਵਿੱਚ ਅਜ਼ੀਬ ਤਾਰਾ ਦੇਖਿਆ |ਉਹਨਾਂ ਨੂੰ ਪਤਾ ਲੱਗਾ ਕਿ ਇਸ ਦਾ ਮਤਲਬ ਯਹੂਦੀਆਂ ਲਈ ਇੱਕ ਨਵਾਂ ਰਾਜਾ ਪੈਦਾ ਹੋਇਆ ਹੈ |ਇਸ ਲਈ, ਰਾਜੇ ਨੂੰ ਦੇਖਣ ਲਈ ਉਹਨਾਂ ਨੇ ਲੰਬਾ ਸਫ਼ਰ ਤੈਅ ਕੀਤਾ |ਉਹ ਬੈਤਲਹਮ ਆਏ ਅਤੇ ਉਸ ਘਰ ਪਹੁੰਚੇ ਜਿੱਥੇ ਯਿਸੂ ਅਤੇ ਉਸ ਦੇ ਮਾਂ ਬਾਪ ਰਹਿੰਦੇ ਸਨ |

### ਬਾਅਦ ਵਿੱਚ , ਕਿਸ ਤਰ੍ਹਾਂ ਪੁਰਬ ਦੇ ਵਿਦਵਾਨਾਂ ਨੂੰ ਪਤਾ ਲੱਗਾ ਕਿ ਯਹੂਦੀਆਂ ਦਾ ਰਾਜਾ ਪੈਦਾ ਹੋਇਆ ਹੈ ?

ਉਹਨਾਂ ਨੇ ਅਕਾਸ਼ ਵਿੱਚ ਇੱਕ ਅਦਭੁੱਤ ਤਾਰਾ ਦੇਖਿਆ |

---

## 23:10

ਜਦੋਂ ਜੋਤਸ਼ੀਆਂ ਨੇ ਯਿਸੂ ਨੂੰ ਉਸ ਦੇ ਮਾਂ ਬਾਪ ਦੇ ਨਾਲ ਦੇਖਿਆ, ਉਹ ਝੁੱਕੇ ਅਤੇ ਉਸ ਦੀ ਅਰਾਧਨਾ ਕੀਤੀ |ਉਹਨਾਂ ਨੇ ਯਿਸੂ ਨੂੰ ਬਹੁਮੁੱਲੇ ਤੋਹਫ਼ੇ ਦਿੱਤੇ |ਤਦ ਉਹ ਘਰਾਂ ਨੂੰ ਵਾਪਸ ਚਲੇ ਗਏ |

### ਜਦੋਂ ਵਿਦਵਾਨਾਂ ਨੇ ਯਿਸੂ ਨੂੰ ਦੇਖਿਆ ਤਾਂ ਉਹਨਾਂ ਨੇ ਕੀ ਕੀਤਾ ?

ਉਹ ਝੁਕੇ ਅਤੇ ਉਸ ਦੀ ਅਰਾਧਨਾ ਕੀਤੀ ਅਤੇ ਯਿਸੂ ਨੂੰ ਕੁੱਝ ਬਹੁਮੁੱਲੇ ਤੋਹਫ਼ੇ ਦਿੱਤੇ |

# ਯੂਹੰਨਾ ਯਿਸੂ ਨੂੰ ਬਪਤਿਸਮਾ ਦਿੰਦਾ

## 24:01

ਯੂਹੰਨਾ, ਜ਼ਕਰਯਾਹ ਅਤੇ ਇਲੀਸਬਤ ਦਾ ਪੁੱਤਰ ਜੁਆਨ ਹੋ ਕੇ ਨਬੀ ਬਣਿਆ |ਉਹ ਜੰਗਲ ਵਿੱਚ ਰਿਹਾ, ਜੰਗਲੀ ਸ਼ਹਿਦ ਅਤੇ ਟਿੱਡੀਆਂ ਖਾਂਦਾ ਸੀ, ਊਠ ਦੇ ਵਾਲਾਂ ਦੇ ਕੱਪੜੇ ਪਾਉਂਦਾ ਸੀ |

### ਜਦੋਂ ਯੂਹੰਨਾ ਜਵਾਨ ਸੀ ਤਾਂ ਉਹ ਕਿੱਥੇ ਰਹਿੰਦਾ ਸੀ ?

ਉਹ ਜੰਗਲ ਵਿੱਚ ਰਹਿੰਦਾ ਸੀ |

---

## 24:02

ਬਹੁਤ ਸਾਰੇ ਲੋਕ ਜੰਗਲ ਵਿੱਚ ਯੂਹੰਨਾ ਨੂੰ ਸੁਣਨ ਲਈ ਆਉਂਦੇ ਸਨ |ਉਸ ਨੇ ਉਹਨਾਂ ਨੂੰ ਪ੍ਰਚਾਰ ਕੀਤਾ, ਇਹ ਕਹਿੰਦਿਆ, "ਤੋਬਾ ਕਰੋ, ਪਰਮੇਸ਼ੁਰ ਦਾ ਰਾਜ ਨੇੜੇ ਹੈ!"

### ਯੂਹੰਨਾ ਨੇ ਲੋਕਾਂ ਨੂੰ ਕਿਸ ਸੰਦੇਸ਼ ਦਾ ਪ੍ਰਚਾਰ ਕੀਤਾ ?

"ਤੋਬਾ ਕਰੋ, ਕਿਉਂਕਿ ਪਰਮੇਸ਼ੁਰ ਦਾ ਰਾਜ ਨੇੜੇ ਹੈ !"

---

## 24:03

ਜਦੋਂ ਲੋਕਾਂ ਨੇ ਯੂਹੰਨਾ ਦਾ ਸੰਦੇਸ਼ ਸੁਣਿਆ, ਬਹੁਤਿਆਂ ਨੇ ਆਪਣੇ ਪਾਪਾਂ ਤੋਂ ਤੋਬਾ ਕੀਤੀ ਅਤੇ ਯੂਹੰਨਾ ਨੇ ਉਹਨਾਂ ਨੂੰ ਬਪਤਿਸਮਾ ਦਿੱਤਾ |ਬਹੁਤ ਸਾਰੇ ਧਾਰਮਿਕ ਆਗੂ ਵੀ ਯੂਹੰਨਾ ਕੋਲੋਂ ਬਪਤਿਸਮਾ ਲੈਣ ਆਏ, ਪਰ ਉਹਨਾਂ ਨੇ ਆਪਣੇ ਪਾਪਾਂ ਨੂੰ ਨਾ ਮੰਨਿਆ ਅਤੇ ਨਾ ਤੋਬਾ ਕੀਤੀ |

### ਯੂਹੰਨਾ ਨੇ ਉਹਨਾਂ ਲੋਕਾਂ ਨਾਲ ਕੀ ਕੀਤਾ ਜੋ ਉਸ ਦੇ ਸੰਦੇਸ਼ ਨਾਲ ਆਪਣੇ ਪਾਪਾਂ ਤੋਂ ਤੋਬਾ ਕਰਦੇ ?

ਉਹ ਉਹਨਾਂ ਨੂੰ ਬਪਤਿਸਮਾ ਦਿੱਤਾ |

---

## 24:04

ਯੂਹੰਨਾ ਨੇ ਧਾਰਮਿਕ ਆਗੂਆਂ ਨੂੰ ਕਿਹਾ, “ਤੁਸੀਂ ਜ਼ਹਿਰੀਲੇ ਸੱਪੋ !”ਤੋਬਾ ਕਰੋ ਅਤੇ ਆਪਣੇ ਸੁਭਾਓ ਨੂੰ ਬਦਲੋ |ਹਰ ਦਰੱਖ਼ਤ ਜਿਹੜਾ ਚੰਗਾ ਫ਼ਲ ਨਹੀਂ ਦਿੰਦਾ ਕੱਟਿਆ ਜਾਵੇਗਾ ਅਤੇ ਅੱਗ ਵਿੱਚ ਸੁੱਟ ਦਿੱਤਾ ਜਾਵੇਗਾ |”ਯੂਹੰਨਾ ਨੇ ਪੂਰਾ ਕੀਤਾ ਜੋ ਕੁੱਝ ਨਬੀਆਂ ਨੇ ਉਸ ਬਾਰੇ ਕਿਹਾ ਸੀ, “ਦੇਖੋ, ਮੈਂ ਆਪਣੇ ਸੰਦੇਸ਼ਵਾਹਕ ਨੂੰ ਤੇਰੇ ਅੱਗੇ ਅੱਗੇ ਭੇਜਦਾ ਹਾਂ, ਜੋ ਤੇਰੇ ਮਾਰਗ ਨੂੰ ਤਿਆਰ ਕਰੇਗਾ |”

### ਯੂਹੰਨਾ ਕਿਹੜੇ ਲੋਕਾਂ ਦੇ ਸਮੂਹ ਦੀ ਜ਼ਹਿਰੀਲੇ ਸੱਪਾਂ ਨਾਲ ਤੁਲਨਾ ਕਰਦਾ ਹੈ ?

ਇਹ ਉਹਨਾਂ ਬਹੁਤ ਸਾਰੇ ਧਾਰਮਿਕ ਆਗੂਆਂ ਦਾ ਹਵਾਲਾ ਦਿੰਦਾ ਹੈ ਜਿਹਨਾਂ ਤੋਬਾ ਨਾ ਕੀਤੀ |

---

## 24:05

ਕਈ ਯਹੂਦੀਆਂ ਨੇ ਯੂਹੰਨਾ ਤੋਂ ਪੁੱਛਿਆ ਕਿ ਕੀ ਉਹ ਮਸੀਹ ਹੈ ? ਯੂਹੰਨਾ ਨੇ ਉੱਤਰ ਦਿੱਤਾ, “ਮੈਂ ਮਸੀਹ ਨਹੀਂ ਹਾਂ, ਪਰ ਮੇਰੇ ਤੋਂ ਬਾਅਦ ਕੋਈ ਆ ਰਿਹਾ ਹੈ|ਉਹ ਮਹਾਨ ਹੈ, ਕਿ ਮੈਂ ਉਸਦੀ ਜੁੱਤੀ ਦਾ ਤਸਮਾਂ ਵੀ ਖੋਲ੍ਹਣ ਦੇ ਯੋਗ ਨਹੀਂ ਹਾਂ|”

### ਯੂਹੰਨਾ ਦਾ ਜਵਾਬ ਕੀ ਹੁੰਦਾ ਜਦੋਂ ਯਹੂਦੀ ਲੋਕ ਉਸ ਨੂੰ ਪੁੱਛਦੇ ਕਿ ਕੀ ਉਹ ਮਸੀਹਾ ਹੈ ?

ਉਸ ਨੇ ਕਿਹਾ ਉਹ ਮਸੀਹਾ ਨਹੀਂ ਹੈ |

---

## 24:06

ਅਗਲੇ ਦਿਨ ਯਿਸੂ ਯੂਹੰਨਾ ਕੋਲੋਂ ਬਪਤਿਸਮਾ ਲੈਣ ਲਈ ਆਇਆ |ਜਦੋਂ ਯੂਹੰਨਾ ਨੇ ਯਿਸੂ ਨੂੰ ਦੇਖਿਆ, ਉਸ ਨੇ ਕਿਹਾ, “ਦੇਖੋ!ਉਹ ਪਰਮੇਸ਼ੁਰ ਦਾ ਮੇਮਣਾ ਹੈ ਜੋ ਜਗਤ ਦੇ ਪਾਪਾਂ ਨੂੰ ਚੁੱਕ ਲੈ ਜਾਂਦਾ ਹੈ |”

### ਜਦੋਂ ਯੂਹੰਨਾ ਨੇ ਯਿਸੂ ਨੂੰ ਬਪਤਿਸਮਾ ਲੈਣ ਲਈ ਆਉਂਦੇ ਦੇਖਿਆ ਤਾਂ ਉਸ ਨੇ ਉਸ ਲਈ ਕੀ ਸਿਰਲੇਖ ਇਸਤੇਮਾਲ ਕੀਤਾ ?

ਉਸ ਨੇ ਉਸ ਨੂੰ ਕਿਹਾ, “ਪਰਮੇਸ਼ੁਰ ਦਾ ਲੇਲਾ ਜੋ ਜਗਤ ਦੇ ਪਾਪਾਂ ਨੂੰ ਚੁੱਕ ਲਵੇਗਾ|”

---

## 24:07

ਯੂਹੰਨਾ ਨੇ ਯਿਸੂ ਨੂੰ ਕਿਹਾ, “ਮੈਂ ਤੈਨੂੰ ਬਪਤਿਸਮਾ ਦੇਣ ਦੇ ਯੋਗ ਨਹੀਂ ਹਾਂ |ਇਸ ਦੀ ਬਜਾਇ ਤੂੰ ਮੈਨੂੰ ਬਪਤਿਸਮਾ ਦੇ |”ਪਰ ਯਿਸੂ ਨੇ ਕਿਹਾ, “ਤੂੰ ਮੈਨੂੰ ਬਪਤਿਸਮਾ ਦੇ, ਕਿਉਂਕਿ ਇਹੀ ਕਰਨਾ ਚੰਗਾ ਹੈ |”ਇਸ ਲਈ ਯੂਹੰਨਾ ਨੇ ਉਸ ਨੂੰ ਬਪਤਿਸਮਾ ਦਿੱਤਾ, ਚਾਹੇ ਯਿਸੂ ਨੇ ਕੋਈ ਪਾਪ ਨਹੀਂ ਕੀਤਾ ਸੀ |

## ਯੂਹੰਨਾ ਦੁਆਰਾ ਬਪਤਿਸਮਾ ਦੇਣ ਤੋਂ ਪਹਿਲਾਂ ਯਿਸੂ ਨੂੰ ਤੋਬਾ ਕਰਨ ਦੀ ਲੋੜ ਕਿਉਂ ਨਹੀਂ ਸੀ ?

ਕਿਉਂਕਿ ਯਿਸੂ ਨੇ ਕਦੀ ਪਾਪ ਨਹੀਂ ਕੀਤਾ ਸੀ |

## ਕਿਉਂ ਯਿਸੂ ਨੇ ਕਿਹਾ ਕਿ ਯੂਹੰਨਾ ਉਸ ਨੂੰ ਬਪਤਿਸਮਾ ਦੇਵੇ ?

ਯੂਹੰਨਾ ਨੇ ਯਿਸੂ ਨੂੰ ਇਸ ਲਈ ਬਪਤਿਸਮਾ ਦਿੱਤਾ ਕਿਉਂਕਿ ਇਸ ਤਰ੍ਹਾਂ ਕਰਨਾ ਸਹੀ ਸੀ |

---

# 24:08

ਜਦੋਂ ਯਿਸੂ ਬਪਤਿਸਮੇ ਤੋਂ ਬਾਅਦ ਪਾਣੀ ਵਿੱਚੋਂ ਬਾਹਰ ਆਇਆ, ਪਰਮੇਸ਼ੁਰ ਦਾ ਆਤਮਾ ਕਬੂਤਰ ਦੇ ਰੂਪ ਵਿੱਚ ਉੱਤਰਿਆ ਅਤੇ ਉਸ ਉੱਪਰ ਬੈਠ ਗਿਆ |ਉਸੇ ਸਮੇਂ, ਸਵਰਗ ਤੋਂ ਪਰਮੇਸ਼ੁਰ ਦੀ ਅਵਾਜ਼ ਇਹ ਕਹਿੰਦੇ ਆਈ, “ਤੂੰ ਮੇਰਾ ਪਿਆਰਾ ਪੁੱਤਰ ਹੈਂ ਜਿਸ ਨੂੰ ਮੈਂ ਪਿਆਰ ਕਰਦਾ ਹਾਂ ਅਤੇ ਮੈਂ ਤੇਰੇ ਤੋਂ ਬਹੁਤ ਪਰਸੰਨ ਹਾਂ |”

## ਉਸ ਦੇ ਬਪਤਿਸਮਾ ਲੈਣ ਦੇ ਬਾਅਦ ਯਿਸੂ ਦੇ ਉੱਤੇ ਕੀ ਠਹਿਰਿਆ ?

ਪਰਮੇਸ਼ੁਰ ਦਾ ਆਤਮਾ ਇੱਕ ਘੁੱਗੀ ਦੀ ਸ਼ਕਲ ਵਿੱਚ ਪਗਟ ਹੋਇਆ |

## ਉਸ ਦੇ ਬਪਤਿਸਮਾ ਲੈਣ ਦੇ ਬਾਅਦ ਪਰਮੇਸ਼ੁਰ ਨੇ ਯਿਸੂ ਨੂੰ ਕੀ ਕਿਹਾ ?

“ਤੂੰ ਮੇਰਾ ਪੁੱਤਰ ਹੈ ਜਿਸ ਨੂੰ ਮੈਂ ਪਿਆਰ ਕਰਦਾ ਹਾਂ ਅਤੇ ਮੈਂ ਤੇਰੇ ਨਾਲ ਬਹੁਤ ਪਰਸੰਨ ਹਾਂ |”

---

# 24:09

ਪਰਮੇਸ਼ੁਰ ਨੇ ਯੂਹੰਨਾ ਨੂੰ ਦੱਸਿਆ ਹੋਇਆ ਸੀ, “ਪਵਿੱਤਰ ਆਤਮਾ ਆਵੇਗਾ ਅਤੇ ਜਿਸ ਕਿਸੇ ਉੱਤੇ ਆ ਕੇ ਠਹਿਰੇ ਜਿਸ ਨੂੰ ਤੂੰ ਬਪਤਿਸਮਾ ਦਿੰਦਾ ਹੈ | ਉਹ ਵਿਅਕਤੀ ਪਰਮੇਸ਼ੁਰ ਦਾ ਪੁੱਤਰ ਹੈ |”ਸਿਰਫ਼ ਇੱਕੋ ਹੀ ਪਰਮੇਸ਼ੁਰ ਹੈ |ਪਰ ਜਦੋਂ ਯੂਹੰਨਾ ਨੇ ਯਿਸੂ ਨੂੰ ਬਪਤਿਸਮਾ ਦਿੱਤਾ, ਉਸ ਨੇ ਪਿਤਾ ਨੂੰ ਗੱਲ ਕਰਦੇ ਸੁਣਿਆ, ਪਰਮੇਸ਼ੁਰ ਦੇ ਪੁੱਤਰ ਨੂੰ ਦੇਖਿਆ, ਯਿਸੂ ਕੌਣ ਹੈ ਅਤੇ ਉਸ ਨੇ ਪਵਿੱਤਰ ਆਤਮਾ ਨੂੰ ਦੇਖਿਆ |

## ਪਰਮੇਸ਼ੁਰ ਨੇ ਕਿਸ ਬਾਰੇ ਕਿਹਾ ਕਿ ਪਵਿੱਤਰ ਆਤਮਾ ਆਵੇਗਾ ਅਤੇ ਉਸ ਉੱਤੇ ਠਹਿਰੇਗਾ ?

ਉਹ ਪਰਮੇਸ਼ੁਰ ਦੇ ਪੁੱਤਰ ਉੱਤੇ ਠਹਿਰੇਗਾ |

# ਸ਼ੈਤਾਨ ਯਿਸੂ ਦੀ ਪਰਖ ਕਰਦਾ

## 25:01

ਯਿਸੂ ਦੇ ਬਪਤਿਸਮੇ ਦੇ ਇੱਕ ਦਮ ਬਾਅਦ ਪਵਿੱਤਰ ਆਤਮਾ ਉਸ ਨੂੰ ਜੰਗਲ ਵਿੱਚ ਲੈ ਗਿਆ ਜਿੱਥੇ ਉਸ ਨੇ ਚਾਲੀ ਦਿਨ ਅਤੇ ਚਾਲੀ ਰਾਤ ਵਰਤ ਰੱਖਿਆ |ਸ਼ੈਤਾਨ ਯਿਸੂ ਕੋਲ ਆਇਆ ਅਤੇ ਉਸ ਨੇ ਉਸ ਨੂੰ ਪਰੀਖਿਆ ਵਿੱਚ ਪਾਇਆ ਕਿ ਉਹ ਪਾਪ ਕਰੇ |

### ਆਪਣੇ ਬਪਤਿਸਮੇ ਤੋਂ ਬਾਅਦ ਯਿਸੂ ਕਿੱਥੇ ਗਿਆ ?

ਯਿਸੂ ਜੰਗਲ ਵਿੱਚ ਗਿਆ |

### ਯਿਸੂ ਨੂੰ ਜੰਗਲ ਵਿੱਚ ਕੌਣ ਲੈ ਗਿਆ ?

ਪਵਿੱਤਰ ਆਤਮਾ ਨੇ ਉਸ ਦੀ ਅਗਵਾਈ ਕੀਤੀ |

### ਯਿਸੂ ਨੇ ਜੰਗਲ ਵਿੱਚ ਕੀ ਕੀਤਾ ?

ਉਸ ਨੇ ਚਾਲੀ ਦਿਨ ਅਤੇ ਚਾਲੀ ਰਾਤ ਵਰਤ ਰੱਖਿਆ |

---

## 25:02

ਸ਼ੈਤਾਨ ਨੇ ਯਿਸੂ ਨੂੰ ਇਹ ਕਹਿੰਦੇ ਹੋਏ ਪਰਖ ਕੀਤੀ, “ਅਗਰ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਇਹਨਾਂ ਪੱਥਰਾਂ ਨੂੰ ਕਹਿ ਕੇ ਇਹ ਰੋਟੀ ਬਣ ਜਾਣ ਤਾਂ ਕਿ ਤੂੰ ਖਾ ਸਕੇ |

### ਸ਼ੈਤਾਨ ਨੇ ਪਰਖ ਕਰਦਿਆਂ ਹੋਇਆਂ ਯਿਸੂ ਨੂੰ ਪੱਥਰਾਂ ਨਾਲ ਕੀ ਕਰਨ ਨੂੰ ਕਿਹਾ ?

ਉਸ ਨੇ ਯਿਸੂ ਨੂੰ ਕਿਹਾ ਕਿ ਉਹ ਇਹਨਾਂ ਨੂੰ ਰੋਟੀਆਂ ਵਿੱਚ ਬਦਲ ਦੇਵੇ ਤਾਂ ਕਿ ਉਹਨਾਂ ਨੂੰ ਖਾ ਸਕੇ |

---

## 25:03

ਯਿਸੂ ਨੇ ਉੱਤਰ ਦਿੱਤਾ, “ਪਰਮੇਸ਼ੁਰ ਦੇ ਵਚਨ ਵਿੱਚ ਲਿੱਖਿਆ ਹੈ, ਜੀਉਣ ਲਈ ਲੋਕਾਂ ਨੂੰ ਸਿਰਫ਼ ਰੋਟੀ ਦੀ ਜ਼ਰੂਰਤ ਹੀ ਨਹੀਂ, ਪਰ ਹਰ ਵਚਨ ਜਿਹੜਾ ਪਰਮੇਸ਼ੁਰ ਦੇ ਮੂੰਹ ਤੋਂ ਨਿੱਕਲਦਾ ਹੈ ਉਸ ਦੀ ਜ਼ਰੂਰਤ ਹੈ !”

### ਯਿਸੂ ਨੇ ਕੀ ਕਿਹਾ ਹੈ ਕਿ ਜੀਉਂਦੇ ਰਹਿਣ ਲਈ ਕਿਸ ਦੀ ਲੋੜ ਹੈ ?

ਸਾਨੂੰ ਹਰ ਇੱਕ ਵਚਨ ਦੀ ਲੋੜ ਹੈ ਜੋ ਪਰਮੇਸ਼ੁਰ ਬੋਲਦਾ ਹੈ |

---

## 25:04

ਸ਼ੈਤਾਨ ਯਿਸੂ ਨੂੰ ਮੰਦਰ ਦੇ ਉੱਚੇ ਕਿੰਗਰੇ ਤੇ ਲੈ ਗਿਆ ਅਤੇ ਕਿਹਾ, " ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈ ਤਾਂ ਆਪਣੇ ਆਪ ਨੂੰ ਹੇਠਾਂ ਡੇਗ ਦੇਹ ਕਿਉਂਕਿ ਲਿਖਿਆ ਹੈ ,"ਪਰਮੇਸ਼ੁਰ ਆਪਣੇ ਦੂਤਾਂ ਨੂੰ ਹੁਕਮ ਦੇਵੇਗਾ ਕਿ ਉਹ ਤੈਨੂੰ ਹੱਥਾਂ ਉੱਤੇ ਚੁੱਕ ਲੈਣਗੇ ਅਤੇ ਤੇਰਾ ਪੈਰ ਪੱਥਰ ਨਾਲ ਨਾ ਟਕਰਾਏਗਾ |"

### ਅਗਲੀ ਕਿਹੜੀ ਗੱਲ ਸੀ ਜਿਸ ਲਈ ਸ਼ੈਤਾਨ ਯਿਸੂ ਦਾ ਪਰਤਾਵਾ ਕਰ ਰਿਹਾ ਸੀ ?

ਉਸ ਨੇ ਯਿਸੂ ਨੂੰ ਕਿਹਾ ਕਿ ਉਹ ਆਪਣੇ ਆਪ ਨੂੰ ਇਸ ਮੰਦਰ ਤੋਂ ਹੇਠਾਂ ਸੁੱਟ ਦੇਵੇ |

### ਸ਼ੈਤਾਨ ਨੇ ਕਿਸ ਬਾਰੇ ਕਿਹਾ ਕਿ ਉਹ ਯਿਸੂ ਨੂੰ ਬਚਾਵੇਗਾ ?

ਪਰਮੇਸ਼ੁਰ ਆਪਣੇ ਦੂਤਾਂ ਨੂੰ ਹੁਕਮ ਦੇਵੇਗਾ ਕਿ ਯਿਸੂ ਨੂੰ ਬਚਾਉਣ |

---

## 25:05

ਪਰ ਯਿਸੂ ਨੇ ਸ਼ੈਤਾਨ ਨੂੰ ਵਚਨ ਵਿੱਚੋਂ ਹਵਾਲਾ ਦਿੰਦੇ ਹੋਏ ਉੱਤਰ ਦਿੱਤਾ |ਉਸ ਨੇ ਕਿਹਾ, "ਵਚਨ ਵਿੱਚ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਹੁਕਮ ਦਿੱਤਾ ਹੈ, "ਆਪਣੇ ਪ੍ਰਭੂ ਪਰਮੇਸ਼ੁਰ ਦੀ ਪਰਖ ਨਾ ਕਰੋ |"

### ਸ਼ੈਤਾਨ ਦੇ ਉੱਤਰ ਲਈ ਯਿਸੂ ਨੇ ਕੀ ਕਿਹਾ ?

ਪਰਮੇਸ਼ੁਰ ਦਾ ਵਚਨ ਕਹਿੰਦਾ ਹੈ ਕਿ ਆਪਣੇ ਪ੍ਰਭੂ ਪਰਮੇਸ਼ੁਰ ਨੂੰ ਨਾ ਪਰਖ |

---

## 25:06

ਸ਼ੈਤਾਨ ਨੇ ਯਿਸੂ ਨੂੰ ਸੰਸਾਰ ਦੇ ਸਾਰੇ ਰਾਜ ਦਿਖਾਏ ਅਤੇ ਉਹਨਾਂ ਦੀ ਮਹਿਮਾ ਵੀ ਅਤੇ ਕਿਹਾ, "ਅਗਰ ਤੂੰ ਝੁੱਕ ਕੇ ਮੈਨੂੰ ਸਜ਼ਦਾ ਕਰੇਂ ਅਤੇ ਮੇਰੀ ਅਰਾਧਨਾ ਕਰੇ ਤਾਂ ਮੈਂ ਇਹ ਸਭ ਤੈਨੂੰ ਦੇਵਾਂਗਾ|"

### ਆਖ਼ਰੀ ਪ੍ਰਤਾਵੇ ਵਿੱਚ ਸ਼ੈਤਾਨ ਨੇ ਯਿਸੂ ਨੂੰ ਕੀ ਪ੍ਰਸਤਾਵ ਦਿੱਤਾ ?

ਸ਼ੈਤਾਨ ਨੇ ਉਸ ਨੂੰ ਪ੍ਰਸਤਾਵ ਦਿੱਤਾ ਕਿ ਉਹ ਉਸ ਨੂੰ ਜਗਤ ਦੇ ਸਾਰੇ ਰਾਜ ਅਤੇ ਉਸ ਦੀ ਮਹਿਮਾ ਦੇਵੇਗਾ |

### ਇਹ ਰਾਜ ਪ੍ਰਾਪਤ ਕਰਨ ਲਈ ਸ਼ੈਤਾਨ ਨੇ ਯਿਸੂ ਨੂੰ ਕੀ ਕਰਨ ਲਈ ਕਿਹਾ ?

ਕਿ ਉਹ ਉਸ ਅੱਗੇ ਝੁੱਕ ਕੇ ਉਸ ਦੀ ਅਰਾਧਨਾ ਕਰੇ |

---

## 25:07

ਯਿਸੂ ਨੇ ਉੱਤਰ ਦਿੱਤਾ, "ਸ਼ੈਤਾਨ ਮੇਰੇ ਕੋਲੋਂ ਦੂਰ ਚਲਿਆ ਜਾਹ!ਪਰਮੇਸ਼ੁਰ ਦੇ ਵਚਨ ਵਿੱਚ ਉਸ ਨੇ ਆਪਣੇ ਲੋਕਾਂ ਨੂੰ ਹੁਕਮ ਦਿੱਤਾ ਹੈ, "ਸਿਰਫ਼ ਆਪਣੇ ਪਰਮੇਸ਼ੁਰ ਯਹੋਵਾਹ ਦੀ ਬੰਦਗੀ ਅਤੇ ਸੇਵਾ ਕਰ |"

### ਕੀ ਯਿਸੂ ਸ਼ੈਤਾਨ ਦੀ ਅਰਾਧਨਾ ਕਰਨ ਲਈ ਤਿਆਰ ਹੋਇਆ ?

ਨਹੀਂ, ਉਹ ਸਿਰਫ਼ ਪਰਮੇਸ਼ੁਰ ਦੀ ਹੀ ਅਰਾਧਨਾ ਕਰੇਗਾ ਅਤੇ ਉਸ ਦੀ ਹੀ ਸੇਵਾ ਕਰੇਗਾ |

---

## 25:08

ਯਿਸੂ ਸ਼ੈਤਾਨ ਦੀਆਂ ਪ੍ਰੀਖਿਆਵਾਂ ਵਿੱਚ ਨਹੀਂ ਫਸਿਆ ਇਸ ਲਈ ਸ਼ੈਤਾਨ ਉਸ ਕੋਲੋਂ ਚਲਾ ਗਿਆ |ਤਦ ਦੂਤ ਆਏ ਅਤੇ ਯਿਸੂ ਦੀ ਟਹਿਲ-ਸੇਵਾ ਕੀਤੀ |

### ਕੀ ਸ਼ੈਤਾਨ ਯਿਸੂ ਕੋਲੋਂ ਪਾਪ ਕਰਾਉਣ ਵਿੱਚ ਸਫ਼ਲ ਹੋਇਆ ?

ਨਹੀਂ |

### ਸ਼ੈਤਾਨ ਦੁਆਰਾ ਯਿਸੂ ਨੂੰ ਛੱਡਣ ਤੋਂ ਬਾਅਦ ਕੀ ਹੋਇਆ ?

ਦੂਤ ਆਏ ਅਤੇ ਯਿਸੂ ਦੀ ਟਹਿਲ ਸੇਵਾ ਕੀਤੀ |

# ਯਿਸੂ ਆਪਣੀ ਸੇਵਕਾਈ ਸ਼ੁਰੂ ਕਰਦਾ

## 26:01

ਸ਼ੈਤਾਨ ਦੀ ਪ੍ਰੀਖਿਆ ਜਿੱਤਣ ਤੋਂ ਬਾਅਦ ਯਿਸੂ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਭਰ ਕੇ ਗਲੀਲ ਦੇ ਇਲਾਕੇ ਵਿੱਚ ਆਇਆ ਜਿੱਥੇ ਉਹ ਰਿਹਾ ਸੀ | ਯਿਸੂ ਸਿੱਖਿਆ ਦਿੰਦਾ ਹੋਇਆ ਜਗ੍ਹਾ ਜਗ੍ਹਾ ਗਿਆ |ਸਭ ਉਸਦੀ ਪ੍ਰਸ਼ੰਸਾ ਕਰਦੇ ਸਨ |

### ਸ਼ੈਤਾਨ ਦੇ ਪ੍ਰਤਾਵਿਆਂ ਉੱਤੇ ਜਿੱਤ ਪਾਉਣ ਤੋ ਬਾਅਦ ਯਿਸੂ ਕਿੱਥੇ ਗਿਆ ?

ਯਿਸੂ ਗਲੀਲ ਦੇ ਇਲਾਕੇ ਵਿੱਚ ਗਿਆ ਅਤੇ ਜਿੱਥੇ ਉਹ ਰਿਹਾ |

---

## 26:02

ਯਿਸੂ ਨਾਸਰਤ ਦੇ ਨਗਰ ਵਿੱਚ ਗਿਆ ਜਿੱਥੇ ਉਹ ਆਪਣੇ ਬਚਪਨ ਵਿੱਚ ਰਹਿੰਦਾ ਸੀ |ਸਬਤ ਦੇ ਦਿਨ ਉਹ ਮੰਦਰ ਵਿੱਚ ਗਿਆ |ਉਹਨਾਂ ਨੇ ਉਸ ਦੇ ਹੱਥ ਵਿੱਚ ਪੜ੍ਹਨ ਲਈ ਯਸਾਯਾਹ ਨਬੀ ਦੀ ਪੋਥੀ ਦਿੱਤੀ |ਯਿਸੂ ਨੇ ਪੋਥੀ ਖੋਲ੍ਹੀ ਅਤੇ ਲੋਕਾਂ ਲਈ ਉਸਦਾ ਇੱਕ ਭਾਗ ਪੜ੍ਹਿਆ |

### ਇੱਕ ਬੱਚੇ ਦੇ ਰੂਪ ਵਿੱਚ ਯਿਸੂ ਜਿਸ ਨਗਰ ਵਿੱਚ ਰਿਹਾ ਉਸ ਦਾ ਨਾਮ ਕੀ ਸੀ ?

ਨਾਸਰਤ |

### ਸਬਤ ਨੂੰ ਯਿਸੂ ਕਿੱਥੇ ਗਿਆ ?

ਉਹ ਅਰਾਧਨਾ ਦੀ ਜਗ੍ਹਾ ਤੇ ਗਿਆ |

### ਕਿਉਂ ਲੋਕਾਂ ਨੇ ਅਰਾਧਨਾ ਦੀ ਜਗ੍ਹਾ ਤੇ ਯਿਸੂ ਨੂੰ ਯਸਾਯਾਹ ਦੀਆਂ ਪੋਥੀਆਂ ਫੜਾਈਆਂ ?

ਉਹ ਚਾਹੁੰਦੇ ਸਨ ਕਿ ਯਿਸੂ ਉਸ ਵਿੱਚੋਂ ਪੜ੍ਹੇ |

---

## 26:03

ਯਿਸੂ ਨੇ ਪੜ੍ਹਿਆ, “ਪਰਮੇਸ਼ੁਰ ਨੇ ਮੈਨੂੰ ਆਪਣਾ ਆਤਮਾ ਦਿੱਤਾ ਹੈ ਕਿ ਗਰੀਬਾਂ ਨੂੰ ਖ਼ੁਸ਼ ਖ਼ਬਰੀ ਸੁਣਾਵਾਂ, ਬੰਧੂਆਂ ਨੂੰ ਅਜ਼ਾਦੀ, ਅੰਨ੍ਹਿਆਂ ਨੂੰ ਦੇਖਣ, ਅਤੇ ਦੱਬਿਆਂ ਹੋਇਆਂ ਨੂੰ ਛੁਟਕਾਰੇ ਦਾ ਪ੍ਰਚਾਰ ਕਰਾਂ |ਇਹ ਪਰਮੇਸ਼ੁਰ ਦੀ ਮਨਜ਼ੂਰੀ ਦਾ ਵਰ੍ਹਾ ਹੈ |

---

## 26:04

ਤਦ ਯਿਸੂ ਬੈਠ ਗਿਆ |ਹਰ ਇੱਕ ਨੇ ਉਸ ਨੂੰ ਗੌਰ ਨਾਲ ਦੇਖਿਆ |ਉਹ ਇਸ ਵਚਨ ਦੇ ਭਾਗ ਨੂੰ ਜਾਣਦੇ ਸਨ ਜੋ ਉਸਨੇ ਹੁਣੇ ਪੜ੍ਹਿਆ ਸੀ ਉਹ ਮਸੀਹ ਨਾਲ ਸੰਬੰਧਿਤ ਸੀ |ਯਿਸੂ ਨੇ ਕਿਹਾ, "ਮੈਂ ਜੋ ਵਚਨ ਪੜ੍ਹੇ ਹਨ ਉਹ ਅੱਜ ਤੁਹਾਡੇ ਵਿੱਚ ਪੂਰੇ ਹੋਏ |"ਸਭ ਲੋਕ ਹੈਰਾਨ ਸਨ |"ਕੀ ਇਹ ਯੂਸਫ਼ ਦਾ ਪੁੱਤਰ ਨਹੀਂ ਹੈ ?" ਉਹਨਾਂ ਨੇ ਕਿਹਾ |

### ਜਿਹੜਾ ਵਚਨ ਦਾ ਭਾਗ ਯਿਸੂ ਨੇ ਪੜ੍ਹਿਆ ਉਹ ਕਿਸ ਵਿਅਕਤੀ ਬਾਰੇ ਹਵਾਲਾ ਦਿੰਦਾ ਸੀ ?

ਮਸੀਹਾ ਬਾਰੇ |

### ਜਿਹੜਾ ਵਚਨ ਯਿਸੂ ਨੇ ਪੜ੍ਹਿਆ ਸੀ ਉਸ ਬਾਰੇ ਉਸ ਨੇ ਕੀ ਕਿਹਾ ?

ਉਸ ਨੇ ਕਿਹਾ ਇਹ ਇਸੇ ਘੜੀ ਪੂਰਾ ਹੋਇਆ ਹੈ |

### ਕਿਸ ਪ੍ਰਕਾਰ ਯਿਸੂ ਦੇ ਨਗਰ ਦੇ ਲੋਕਾਂ ਨੇ ਉਸ ਦੇ ਸ਼ਬਦਾਂ ਪ੍ਰਤੀ ਕੀ ਪ੍ਰਤੀਕਿਰਿਆ ਦਿਖਾਈ ?

ਉਹ ਹੈਰਾਨ ਹੋਏ ਅਤੇ ਪੁੱਛਿਆ, "ਕੀ ਇਹ ਯੂਸੁਫ਼ ਦਾ ਪੁੱਤਰ ਨਹੀਂ ਹੈ ?"

---

## 26:05

ਤਦ ਯਿਸੂ ਨੇ ਕਿਹਾ, "ਇਹ ਸੱਚ ਹੈ ਕਿ ਕੋਈ ਵੀ ਨਬੀ ਆਪਣੇ ਪਿੰਡ ਵਿੱਚ ਸਵਿਕਾਰ ਨਹੀਂ ਕੀਤਾ ਜਾਂਦਾ |ਏਲੀਯਾਹ ਦੇ ਸਮੇਂ ਇਸਰਾਏਲ ਵਿੱਚ ਬਹੁਤ ਸਾਰੀਆਂ ਵਿਧਵਾ ਸਨ |ਪਰ ਜਦੋਂ ਸਾਢੇ ਤਿੰਨ ਸਾਲ ਲਈ ਅਕਾਲ ਪੈ ਗਿਆ, ਪਰਮੇਸ਼ੁਰ ਨੇ ਏਲੀਯਾਹ ਨੂੰ ਇਸਰਾਏਲ ਵਿੱਚ ਵਿਧਵਾ ਦੀ ਮਦਦ ਕਰਨ ਲਈ ਨਹੀਂ ਭੇਜਿਆ ਪਰ ਇਸ ਦੀ ਬਜਾਇ ਦੂਸਰੇ ਦੇਸ ਵਿੱਚ ਵਿਧਵਾ ਕੋਲ ਭੇਜਿਆ |"

### ਕਿਹੜੀਆਂ ਉਦਾਹਰਨਾਂ ਯਿਸੂ ਨੇ ਪਰਮੇਸ਼ੁਰ ਦੇ ਨਬੀਆਂ ਬਾਰੇ ਦੂਸਰੇ ਦੇਸ਼ਾਂ ਦੇ ਲੋਕਾਂ ਦੀ ਮਦਦ ਲਈ ਦਿੱਤੀਆਂ ?

ਪਰਮੇਸ਼ੁਰ ਨੇ ਏਲੀਯਾਹ ਦੇ ਸਮੇਂ ਅਕਾਲ ਦੇ ਦਿਨਾਂ ਵਿੱਚ ਵਿਧਵਾ ਦੀ ਮਦਦ ਕੀਤੀ, ਨਾਮਾਨ ਨੂੰ ਚੰਗਾ ਕੀਤਾ ਜੋ ਇਸਰਾਏਲ ਦੇ ਦੁਸ਼ਮਣਾਂ ਦਾ ਸੂਬੇਦਾਰ ਸੀ |

---

## 26:06

ਯਿਸੂ ਨੇ ਲਗਾਤਾਰ ਕਹਿਣਾ ਜਾਰੀ ਰੱਖਿਆ, "ਅਤੇ ਅਲੀਸ਼ਾ ਦੇ ਦਿਨਾਂ ਵਿੱਚ ਇਸਰਾਏਲ ਵਿੱਚ ਬਹੁਤ ਸਾਰੇ ਲੋਕ ਚਮੜੀ ਦੀ ਬਿਮਾਰੀ ਨਾਲ ਬੀਮਾਰ ਸਨ |"ਪਰ ਨੇ ਅਲੀਸ਼ਾ ਨੇ ਉਹਨਾਂ ਵਿੱਚੋਂ ਕਿਸੇ ਨੂੰ ਵੀ ਨਹੀਂ ਚੰਗਾ ਕੀਤਾ |ਉਸਨੇ ਸਿਰਫ਼ ਨਾਮਾਨ ਨੂੰ ਹੀ ਚੰਗਾ ਕੀਤਾ ਜੋ ਇਸਰਾਏਲ ਦੇ ਦੁਸ਼ਮਣਾਂ ਦਾ ਕਮਾਂਡਰ ਸੀ |ਜਿਹੜੇ ਲੋਕ ਯਿਸੂ ਨੂੰ ਸੁਣ ਰਹੇ ਸਨ ਉਹ ਯਹੂਦੀ ਸਨ |ਜਦੋਂ ਉਹਨਾਂ ਨੇ ਉਸਨੂੰ ਇਹ ਕਹਿੰਦੇ ਸੁਣਿਆ ਤਾਂ ਉਹ ਉਸ ਉੱਤੇ ਗੁੱਸੇ ਹੋਏ |

### ਕਿਹੜੀਆਂ ਉਦਾਹਰਨਾਂ ਯਿਸੂ ਨੇ ਪਰਮੇਸ਼ੁਰ ਦੇ ਨਬੀਆਂ ਬਾਰੇ ਦੂਸਰੇ ਦੇਸ਼ਾਂ ਦੇ ਲੋਕਾਂ ਦੀ ਮਦਦ ਲਈ ਦਿੱਤੀਆਂ ?

ਪਰਮੇਸ਼ੁਰ ਨੇ ਏਲੀਯਾਹ ਦੇ ਸਮੇਂ ਅਕਾਲ ਦੇ ਦਿਨਾਂ ਵਿੱਚ ਵਿਧਵਾ ਦੀ ਮਦਦ ਕੀਤੀ, ਨਾਮਾਨ ਨੂੰ ਚੰਗਾ ਕੀਤਾ ਜੋ ਇਸਰਾਏਲ ਦੇ ਦੁਸ਼ਮਣਾਂ ਦਾ ਸੂਬੇਦਾਰ ਸੀ |

### ਲੋਕਾਂ ਨੇ ਕਿਵੇਂ ਪ੍ਰਤੀਕਿਰਿਆ ਦਿਖਾਈ ਜਦੋਂ ਯਿਸੂ ਨੇ ਉਹਨਾਂ ਨੂੰ ਇਹ ਕਹਾਣੀਆਂ ਦੱਸੀਆਂ ?

ਉਹ ਕ੍ਰੋਧਿਤ ਹੋਏ ਅਤੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ |

---

## 26:07

ਨਾਸਰਤ ਦੇ ਲੋਕਾਂ ਨੇ ਯਿਸੂ ਨੂੰ ਮੰਦਰ ਵਿੱਚੋਂ ਖਿੱਚ ਕੇ ਬਾਹਰ ਕਰ ਦਿੱਤਾ ਅਤੇ ਉਸ ਨੂੰ ਪਹਾੜੀ ਦੇ ਕਿਨਾਰੇ ਕੋਲ ਲੈ ਆਏ ਤਾਂ ਜੋ ਉਸ ਨੂੰ ਧੱਕਾ ਦੇ ਕੇ ਹੇਠਾਂ ਸੁੱਟ ਦੇਣ |ਪਰ ਯਿਸੂ ਲੋਕਾਂ ਵਿੱਚੋਂ ਖਿਸਕ ਕੇ ਨਿੱਕਲ ਗਿਆ ਅਤੇ ਨਾਸਰਤ ਤੋਂ ਬਾਹਰ ਚੱਲਿਆ ਗਿਆ |

### ਲੋਕਾਂ ਨੇ ਕਿਵੇਂ ਪ੍ਰਤੀਕਿਰਿਆ ਦਿਖਾਈ ਜਦੋਂ ਯਿਸੂ ਨੇ ਉਹਨਾਂ ਨੂੰ ਇਹ ਕਹਾਣੀਆਂ ਦੱਸੀਆਂ ?

ਉਹ ਕ੍ਰੋਧਿਤ ਹੋਏ ਅਤੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ |

### ਯਿਸੂ ਉਸ ਭੀੜ ਤੋਂ ਕਿਵੇਂ ਬਚਿਆ ?

ਯਿਸੂ ਭੀੜ ਵਿੱਚੋਂ ਦੀ ਹੋ ਕੇ ਨਿੱਕਲ ਗਿਆ ਤੇ ਨਗਰ ਨੂੰ ਛੱਡ ਦਿੱਤਾ |

---

## 26:08

ਤਦ ਯਿਸੂ ਗਲੀਲ ਦੇ ਸਾਰੇ ਇਲਾਕੇ ਵਿੱਚ ਗਿਆ ਅਤੇ ਇੱਕ ਵੱਡੀ ਭੀੜ ਉਸ ਦੇ ਕੋਲ ਆਈ |ਉਹ ਉਸ ਕੋਲ ਬਹੁਤ ਸਾਰੇ ਬੀਮਾਰ ਜੋ ਅਪਾਹਿਜ ਲੋਕਾਂ ਨੂੰ ਲੈ ਕੇ ਆਏ ਜਿਹਨਾਂ ਵਿੱਚ ਅੰਨ੍ਹੇ , ਲੰਗੜੇ ਅਤੇ ਗੂੰਗੇ ਵੀ ਸਨ ਅਤੇ ਯਿਸੂ ਨੇ ਉਹਨਾਂ ਨੂੰ ਚੰਗਾ ਕੀਤਾ |

### ਗਲੀਲ ਵਿੱਚ ਲੋਕਾਂ ਦੀ ਭੀੜ ਨੇ ਯਿਸੂ ਪ੍ਰਤੀ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਦਿਖਾਈ ?

ਉਹ ਉਸ ਕੋਲ ਬਹੁਤ ਸਾਰੇ ਬਿਮਾਰਾਂ ਅਤੇ ਅਪਾਹਿਜਾਂ ਨੂੰ ਲੈ ਕੇ ਆਏ ਅਤੇ ਉਸ ਨੇ ਉਹਨਾਂ ਨੂੰ ਚੰਗਾ ਕੀਤਾ |

---

## 26:09

ਬਹੁਤ ਸਾਰੇ ਲੋਕ ਜਿਹਨਾਂ ਨੂੰ ਭੂਤ ਚਿੰਬੜੇ ਸਨ ਯਿਸੂ ਕੋਲ ਲਿਆਂਦੇ |ਯਿਸੂ ਦੇ ਹੁਕਮ ਅਨੁਸਾਰ, ਭੂਤ ਲੋਕਾਂ ਵਿੱਚੋਂ ਬਾਹਰ ਆਏ ਅਤੇ ਆਮ ਤੌਰ ਤੇ ਇਹ ਕਹਿੰਦੇ ਸਨ, "ਤੂੰ ਪਰਮੇਸ਼ੁਰ ਦਾ ਪੁੱਤਰ ਹੈਂ !"ਲੋਕਾਂ ਦੀ ਭੀੜ ਹੈਰਾਨ ਹੋਈ ਅਤੇ ਪਰਮੇਸ਼ੁਰ ਦੀ ਮਹਿਮਾ ਕੀਤੀ |

### ਜਦੋਂ ਉਸ ਨੇ ਭੂਤਾਂ ਨੂੰ ਲੋਕਾਂ ਵਿੱਚੋਂ ਬਾਹਰ ਨਿੱਕਲਣ ਲਈ ਹੁਕਮ ਦਿੱਤਾ ਤਾਂ ਉਹਨਾਂ ਨੇ ਯਿਸੂ ਨੂੰ ਕੌਣ ਹੋਣ ਲਈ ਪਛਾਣਿਆਂ ?

ਉਹਨਾਂ ਨੇ ਕਿਹਾ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ |

---

## 26:10

ਤਦ ਯਿਸੂ ਨੇ ਬਾਰਾਂ ਆਦਮੀ ਚੁਣੇ ਅਤੇ ਉਹ ਚੇਲੇ ਕਹਾਏ |ਚੇਲਿਆਂ ਨੇ ਯਿਸੂ ਨਾਲ ਯਾਤਰਾ ਕੀਤੀ ਅਤੇ ਉਸ ਕੋਲੋਂ ਪਰਮੇਸ਼ੁਰ ਦੇ ਰਾਜ ਦੀਆਂ ਗੱਲਾਂ ਸਿੱਖੀਆਂ |

### ਕਿੰਨੇ ਪੁਰਖਾਂ ਨੂੰ ਯਿਸੂ ਨੇ ਆਪਣੇ ਰਸੂਲ ਹੋਣ ਲਈ ਚੁਣਿਆ ?

ਉਸ ਨੇ ਬਾਰਾਂ ਰਸੂਲਾਂ ਨੂੰ ਚੁਣਿਆ |

# ਚੰਗੇ ਸਾਮਰੀ ਦੀ ਕਹਾਣੀ

## 27:01

ਇੱਕ ਦਿਨ ਇੱਕ ਸ਼ਰ੍ਹਾ ਦਾ ਸਿਖਾਉਣ ਵਾਲਾ ਯਹੂਦੀ ਯਿਸੂ ਨੂੰ ਪਰਖਣ ਲਈ ਉਸ ਕੋਲ ਇਹ ਕਹਿੰਦਾ ਹੋਇਆ ਆਇਆ, "ਗੁਰੂ ਜੀ, ਅਨੰਤ ਜੀਵਨ ਪਾਉਣ ਲਈ ਮੈਂ ਕੀ ਕਰਾਂ ?"ਯਿਸੂ ਨੇ ਉੱਤਰ ਦਿੱਤਾ, "ਪਰਮੇਸ਼ੁਰ ਦੀ ਬਿਵਸਥਾ ਵਿੱਚ ਕੀ ਲਿਖਿਆ ਹੋਇਆ ਹੈ ?"

### ਯਹੂਦੀ ਬਿਵਸਥਾ ਦੇ ਮਾਹਿਰ ਨੇ ਯਿਸੂ ਕੋਲੋਂ ਕਿਹੜਾ ਸਵਾਲ ਪੁੱਛਿਆ ?

"ਗੁਰੂ ਜੀ, ਅਨੰਤ ਜੀਵਨ ਪਾਉਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ ?

### ਉਸ ਦੇ ਜਵਾਬ ਵਿੱਚ ਯਿਸੂ ਨੇ ਉਸ ਮਾਹਿਰ ਕੋਲੋਂ ਕਿਹੜਾ ਸਵਾਲ ਪੁੱਛਿਆ ?

ਉਸ ਨੇ ਕਿਹਾ, "ਪਰਮੇਸ਼ੁਰ ਦੀ ਬਿਵਸਥਾ ਵਿੱਚ ਕੀ ਲਿਖਿਆ ਹੋਇਆ ਹੈ?"

---

## 27:02

ਸ਼ਰ੍ਹਾ ਦੇ ਸਿਖਾਉਣ ਵਾਲੇ ਨੇ ਉੱਤਰ ਦਿੱਤਾ ਕਿ ਪਰਮੇਸ਼ੁਰ ਦੀ ਸ਼ਰ੍ਹਾ ਕਹਿੰਦੀ ਹੈ, "ਤੂੰ ਆਪਣੇ ਪਰਮੇਸ਼ੁਰ ਨੂੰ ਆਪਣੇ ਪੂਰੇ ਦਿਲ ਨਾਲ, ਪੂਰੀ ਜਾਨ ਨਾਲ, ਪੂਰੇ ਬਲ ਨਾਲ ਅਤੇ ਪੂਰੇ ਮਨ ਨਾਲ ਪਿਆਰ ਕਰ |ਅਤੇ ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰ |"ਯਿਸੂ ਨੇ ਉੱਤਰ ਦਿੱਤਾ, "ਤੂੰ ਬਿਲਕੁਲ ਠੀਕ ਕਿਹਾ ਹੈਂ !ਜੇਕਰ ਤੂੰ ਅਜਿਹਾ ਕਰੇਂਗਾ ਤਾਂ ਤੂੰ ਜੀਵੇਂਗਾ |"

### ਪਰਮੇਸ਼ੁਰ ਦੀ ਬਿਵਸਥਾ ਕਿਸ ਨੂੰ ਪਿਆਰ ਕਰਨ ਲਈ ਕਹਿੰਦੀ ਹੈ ?

ਸਾਡੇ ਪ੍ਰਭੂ ਪਰਮੇਸ਼ੁਰ ਅਤੇ ਗੁਆਂਢੀ ਨੂੰ |

---

## 27:03

ਪਰ ਸ਼ਰ੍ਹਾ ਦਾ ਸਿਖਾਉਣ ਵਾਲਾ ਸਬੂਤ ਦੇਣਾ ਚਾਹੁੰਦਾ ਸੀ ਕਿ ਉਹ ਧਰਮੀ ਹੈ, ਇਸ ਲਈ ਉਸ ਨੇ ਪੁੱਛਿਆ, "ਮੇਰਾ ਗੁਆਂਢੀ ਕੌਣ ਹੈ ?"

### ਕਿਉਂ ਯਹੂਦੀ ਬਿਵਸਥਾ ਦੇ ਮਾਹਿਰ ਨੇ ਪੁੱਛਿਆ ਕਿ ਉਸ ਦਾ ਗੁਆਂਢੀ ਕੌਣ ਹੈ ?

ਉਹ ਸਾਬਤ ਕਰਨਾ ਚਾਹੁੰਦਾ ਸੀ ਕੀ ਉਹ ਧਰਮੀ ਹੈ |

---

## 27:04

ਯਿਸੂ ਨੇ ਸ਼ਰ੍ਹਾ ਦੇ ਸਿਖਾਉਣ ਵਾਲੇ ਨੂੰ ਇੱਕ ਕਹਾਣੀ ਦੱਸਦੇ ਹੋਏ ਉੱਤਰ ਦਿੱਤਾ |“ਇੱਕ ਵਾਰ ਇੱਕ ਯਹੂਦੀ ਵਿਅਕਤੀ ਸੀ ਜੋ ਯਰੂਸ਼ਲਮ ਤੋਂ ਯਰੀਹੋ ਨੂੰ ਜਾਣ ਵਾਲੀ ਸੜਕ ਤੇ ਜਾ ਰਿਹਾ ਸੀ |”

---

## 27:05

ਜਦੋਂ ਵਿਅਕਤੀ ਜਾ ਰਿਹਾ ਸੀ ਉਸ ਉੱਤੇ ਡਾਕੂਆਂ ਦੇ ਝੁੰਡ ਨੇ ਹਮਲਾ ਕੀਤਾ |ਉਹ ਉਸਦਾ ਸਭ ਕੁੱਝ ਲੈ ਗਏ ਅਤੇ ਉਸ ਨੂੰ ਮਾਰ ਕੇ ਅੱਧ ਮਰਿਆ ਕਰਕੇ ਛੱਡ ਕੇ ਚਲੇ ਗਏ |ਤਦ ਉਹ ਚਲੇ ਗਏ |”

### ਯਿਸੂ ਦੀ ਇਸ ਕਹਾਣੀ ਵਿੱਚ , ਉਸ ਯਹੂਦੀ ਆਦਮੀ ਨਾਲ ਕੀ ਹੋਇਆ ਜਦੋਂ ਉਹ ਯਾਤਰਾ ਕਰਦਾ ਸੀ ?

ਉਸ ਉੱਤੇ ਡਾਕੂਆਂ ਨੇ ਹਮਲਾ ਕੀਤਾ, ਜੋ ਕੁਝ ਉਸਦਾ ਸੀ ਲੈ ਗਏ ਅਤੇ ਉਸ ਨੂੰ ਅਧਮੋਇਆ ਕਰਕੇ ਛੱਡ ਗਏ |

---

## 27:06

“ਉਸ ਦੇ ਇੱਕ ਦਮ ਬਾਅਦ, ਇੱਕ ਯਹੂਦੀ ਜਾਜਕ ਉਸੇ ਰਾਹ ਲੰਘਿਆ |ਜਦੋਂ ਉਸ ਧਰਮ ਦੇ ਆਗੂ ਨੇ ਉਸ ਵਿਅਕਤੀ ਨੂੰ ਦੇਖਿਆ ਜਿਸ ਨੂੰ ਮਾਰਿਆ ਅਤੇ ਲੁੱਟਿਆ ਗਿਆ ਸੀ ਉਹ ਸੜਕ ਦੇ ਪਾਸਿਓਂ ਹੋ ਕੇ ਲੰਘ ਗਿਆ |

### ਉਹ ਕਿਹੜਾ ਵਿਅਕਤੀ ਸੀ ਜਿਸ ਨੇ ਘਾਇਲ ਆਦਮੀ ਨੂੰ ਪਹਿਲਾਂ ਦੇਖਿਆ ?

ਯਹੂਦੀ ਜ਼ਾਜਕ |

### ਉਸ ਜ਼ਾਜਕ ਨੇ ਕੀ ਕੀਤਾ ਜਦੋਂ ਉਸ ਨੇ ਘਾਇਲ ਆਦਮੀ ਨੂੰ ਦੇਖਿਆ ?

ਉਸ ਨੇ ਉਸ ਨੂੰ ਅਣਗੌਲਿਆਂ ਕੀਤਾ ਅਤੇ ਮਾਰਗ ਦੇ ਦੂਸਰੇ ਪਾਸੇ ਹੋ ਕੇ ਚਲਾ ਗਿਆ |

---

## 27:07

“ਥੋੜ੍ਹੀ ਦੇਰ ਬਾਅਦ ਹੀ ਇੱਕ ਲੇਵੀ ਉਸੇ ਰਸਤੇ ਆਇਆ |(ਲੇਵੀ ਯਹੂਦੀਆਂ ਦਾ ਇੱਕ ਗੋਤਰ ਸੀ ਜੋ ਮੰਦਰ ਵਿੱਚ ਜਾਜਕਾਂ ਦੀ ਸਹਾਇਤਾ ਕਰਦੇ ਸਨ |)ਲੇਵੀ ਵੀ ਸੜਕ ਦੇ ਪਾਸੇ ਹੋ ਕੇ ਲੰਘ ਗਿਆ, ਉਸ ਵਿਅਕਤੀ ਨੂੰ ਅੱਖੀਓਂ ਓਹਲੇ ਕਰਦਾ ਹੋਇਆ ਜਿਸ ਨੂੰ ਮਦਦ ਦੀ ਲੋੜ ਸੀ |

### ਉਹ ਦੂਸਰਾ ਆਦਮੀ ਕੌਣ ਸੀ ਜਿਸ ਨੇ ਘਾਇਲ ਆਦਮੀ ਨੂੰ ਦੇਖਿਆ ਅਤੇ ਉਸ ਕੋਲੋਂ ਹੋ ਕੇ ਚਲ ਗਿਆ ?

ਇੱਕ ਲੇਵੀ |

### ਲੇਵੀ ਨੇ ਕੀ ਕੀਤਾ ਜਦੋਂ ਉਸ ਨੇ ਘਾਇਲ ਆਦਮੀ ਨੂੰ ਦੇਖਿਆ ?

ਉਸ ਨੇ ਉਸ ਨੂੰ ਅਣਗੌਲਿਆਂ ਕੀਤਾ ਮਾਰਗ ਦੇ ਦੂਸਰੇ ਪਾਸੇ ਹੋ ਕੇ ਚਲਾ ਗਿਆ |

---

## 27:08

"ਅਗਲਾ ਵਿਅਕਤੀ ਜਿਹੜਾ ਉਸੇ ਰਸਤਿਓਂ ਆ ਰਿਹਾ ਸੀ ਉਹ ਇੱਕ ਸਾਮਰੀ ਵਿਅਕਤੀ ਸੀ |(ਸਾਮਰੀ ਯਹੂਦੀਆਂ ਦੀ ਅੰਸ਼ ਵਿੱਚੋਂ ਸਨ ਜਿਹਨਾਂ ਨੇ ਹੋਰ ਜਾਤੀਆਂ ਦੇ ਲੋਕਾਂ ਵਿੱਚ ਵਿਆਹ ਕੀਤੇ ਸਨ |ਸਾਮਰੀ ਅਤੇ ਯਹੂਦੀ ਇੱਕ ਦੂਸਰੇ ਨੂੰ ਨਫ਼ਰਤ ਕਰਦੇ ਸਨ )ਪਰ ਜਦੋਂ ਸਾਮਰੀ ਨੇ ਯਹੂਦੀ ਆਦਮੀ ਨੂੰ ਦੇਖਿਆ, ਉਸ ਨੇ ਉਸ ਪ੍ਰਤੀ ਬਹੁਤ ਜ਼ਿਆਦਾ ਹਮਦਰਦੀ ਨੂੰ ਮਹਿਸੂਸ ਕੀਤਾ |ਉਸ ਨੇ ਉਸ ਦੀ ਦੇਖ ਭਾਲ ਕੀਤੀ ਅਤੇ ਉਸਦੇ ਜਖ਼ਮਾਂ ਤੇ ਪੱਟੀਆਂ ਬੰਨ੍ਹੀਆਂ |"

### ਘਾਇਲ ਆਦਮੀ ਨੂੰ ਦੇਖਣ ਵਾਲਾ ਤੀਸਰਾ ਆਦਮੀ ਕੌਣ ਸੀ ?

ਇੱਕ ਸਾਮਰੀ |

### ਸਾਮਰੀ ਅਤੇ ਯਹੂਦੀਆਂ ਵਿਚਕਾਰ ਕਿਸ ਤਰ੍ਹਾਂ ਦਾ ਰਿਸ਼ਤਾ ਸੀ ?

ਉਹ ਇੱਕ ਦੂਸਰੇ ਨੂੰ ਨਫ਼ਰਤ ਕਰਦੇ ਸਨ |

---

## 27:09

"ਤਦ ਸਾਮਰੀ ਨੇ ਉਸ ਬੰਦੇ ਨੂੰ ਆਪਣੇ ਗਧੇ ਤੇ ਲੱਦਿਆ ਅਤੇ ਸੜਕ ਦੇ ਕਿਨਾਰੇ ਇੱਕ ਸਰਾਂ ਵਿੱਚ ਉਸ ਦੇ ਦੇਖ ਭਾਲ ਕਰਨ ਲਈ ਲੈ ਗਿਆ |"

### ਕਿਸ ਤਰ੍ਹਾਂ ਸਾਮਰੀ ਨੇ ਉਸ ਘਾਇਲ ਦੀ ਮਦਦ ਕੀਤੀ ?

ਉਸ ਨੇ ਉਸ ਦੇ ਜ਼ਖਮਾਂ ਤੇ ਪੱਟੀਆਂ ਬੰਨ੍ਹੀਆਂ, ਉਸ ਨੂੰ ਰਾਹ ਕਿਨਾਰੇ ਇੱਕ ਸਰਾਂ ਵਿੱਚ ਲੈ ਗਿਆ ਅਤੇ ਉਸ ਦੀ ਦੇਖ਼-ਭਾਲ ਕੀਤੀ |

---

## 27:10

"ਅਗਲੇ ਦਿਨ, ਸਾਮਰੀ ਨੇ ਆਪਣੇ ਰਾਹ ਜਾਣਾ ਸੀ |ਉਸ ਨੇ ਉਸ ਸਰਾਂ ਦੇ ਮਾਲਕ ਨੂੰ ਉਸ ਬੰਦੇ ਦੀ ਦੇਖ ਭਾਲ ਕਰਨ ਲਈ ਕੁੱਝ ਪੈਸੇ ਦਿੱਤੇ ਅਤੇ ਕਿਹਾ, "ਉਸ ਦੀ ਦੇਖ ਭਾਲ ਕਰਨਾ ਅਤੇ ਜੇ ਇਸ ਤੋਂ ਇਲਾਵਾ ਹੋਰ ਖ਼ਰਚ ਹੋਵੇ ਤਾਂ ਮੈਂ ਵਾਪਸੀ ਤੇ ਉਹ ਖ਼ਰਚ ਦੇ ਦੇਵਾਂਗਾ |"

### ਕਿਸ ਤਰ੍ਹਾਂ ਸਾਮਰੀ ਨੇ ਉਸ ਘਾਇਲ ਦੀ ਮਦਦ ਕੀਤੀ ?

ਉਸ ਨੇ ਉਸ ਦੇ ਜ਼ਖਮਾਂ ਤੇ ਪੱਟੀਆਂ ਬੰਨ੍ਹੀਆਂ, ਉਸ ਨੂੰ ਰਾਹ ਕਿਨਾਰੇ ਇੱਕ ਸਰਾਂ ਵਿੱਚ ਲੈ ਗਿਆ ਅਤੇ ਉਸ ਦੀ ਦੇਖ਼-ਭਾਲ ਕੀਤੀ |

---

## 27:11

ਤਦ ਯਿਸੂ ਨੇ ਸ਼ਰ੍ਹਾ ਦੇ ਸਿਖਾਉਣ ਵਾਲੇ ਤੋਂ ਪੁੱਛਿਆ, "ਤੂੰ ਕੀ ਸੋਚਦਾ ਹੈਂ?ਇਹਨਾ ਤਿੰਨਾਂ ਵਿਅਕਤੀਆਂ ਵਿੱਚੋਂ ਉਸ ਮਾਰੇ ਲੁੱਟੇ ਵਿਅਕਤੀ ਦਾ ਗੁਆਂਢੀ ਕੌਣ ਸੀ ?"ਉਸ ਨੇ ਉੱਤਰ ਦਿੱਤਾ, "ਉਹ ਜੋ ਉਸ ਪ੍ਰਤੀ ਦਯਾਵਾਨ ਸੀ |"ਯਿਸੂ ਨੇ ਉੱਤਰ ਦਿੱਤਾ, "ਤੂੰ ਜਾ ਅਤੇ ਤੂੰ ਵੀ ਉਸੇ ਤਰ੍ਹਾਂ ਕਰ |"

### ਇਹਨਾਂ ਤਿੰਨਾ ਆਦਮੀਆਂ ਵਿੱਚੋਂ ਕਿਸ ਨੇ ਉਸ ਘਾਇਲ ਆਦਮੀ ਨਾਲ ਇੱਕ ਗੁਆਂਢੀ ਦੀ ਤਰ੍ਹਾਂ ਵਿਵਹਾਰ ਕੀਤਾ ?

ਇੱਕ ਸਾਮਰੀ ਜੋ ਉਸ ਉੱਤੇ ਦਯਾਵਾਨ ਹੋਇਆ |

# ਧਨਵਾਨ ਜਵਾਨ ਹਾਕਮ

## 28:01

ਇੱਕ ਦਿਨ ਇੱਕ ਧਨਵਾਨ ਜਵਾਨ ਹਾਕਮ ਯਿਸੂ ਕੋਲ ਆਇਆ ਅਤੇ ਉਸ ਨੂੰ ਪੁੱਛਿਆ, “ਚੰਗੇ ਗੁਰੂ, ਅਨੰਤ ਜੀਵਨ ਪਾਉਣ ਲਈ ਮੈਂ ਕੀ ਕਰਾਂ ?”ਯਿਸੂ ਨੇ ਉਸ ਨੂੰ ਕਿਹਾ, “ਤੂੰ ਮੈਨੂੰ ਚੰਗਾ ਕਿਉਂ ਕਹਿੰਦਾ ਹੈਂ ?”ਸਿਰਫ਼ ਇੱਕ ਹੀ ਚੰਗਾ ਹੈ, ਅਤੇ ਉਹ ਪਰਮੇਸ਼ੁਰ ਹੈ |ਪਰ ਜੇ ਤੂੰ ਅਨੰਤ ਜੀਵਨ ਚਾਹੁੰਦਾ ਤਾਂ ਪਰਮੇਸ਼ੁਰ ਦੇ ਹੁਕਮ ਮੰਨ |”

### ਜਵਾਨ ਧਨੀ ਹਾਕਮ ਨੇ ਯਿਸੂ ਕੋਲੋਂ ਕੀ ਪੁੱਛਿਆ ?

ਅਨੰਤ ਜੀਵਨ ਪਾਉਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ ?

### ਯਿਸੂ ਨੇ ਜਵਾਨ ਵਿਅਕਤੀ ਨੂੰ ਅਨੰਤ ਜੀਵਨ ਪਾਉਣ ਲਈ ਕੀ ਕਰਨ ਲਈ ਕਿਹਾ ?

ਉਸ ਨੇ ਉਸ ਨੂੰ ਪਰਮੇਸ਼ੁਰ ਦੀ ਬਿਵਸਥਾ ਦੀ ਪਾਲਣਾ ਕਰਨਾ ਲਈ ਕਿਹਾ |

---

## 28:02

“ਕਿਹੜਾ ਹੁਕਮ ਮੈਂ ਮੰਨਾ ?” ਉਸ ਨੇ ਪੁੱਛਿਆ |ਯਿਸੂ ਨੇ ਉੱਤਰ, “ਕਤਲ ਨਾ ਕਰ|ਜ਼ਨਾਹ ਨਾ ਕਰ |ਚੋਰੀ ਨਾ ਕਰ |ਝੂਠ ਨਾ ਬੋਲ |ਆਪਣੇ ਮਾਤਾ-ਪਿਤਾ ਦੀ ਇੱਜਤ ਕਰ ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ |”

---

## 28:03

ਪਰ ਨੌਜਵਾਨ ਨੇ ਕਿਹਾ, “ਮੈਂ ਤਾਂ ਇਹਨਾਂ ਹੁਕਮਾਂ ਦੀ ਪਾਲਣਾ ਆਪਣੇ ਬਚਪਨ ਤੋਂ ਕਰਦਾ ਆ ਰਿਹਾ ਹਾਂ |ਅਨੰਤ ਜੀਵਨ ਪਾਉਣ ਲਈ ਮੈਨੂੰ ਹੋਰ ਕੀ ਕਰਨਾ ਪਵੇਗਾ ?ਯਿਸੂ ਨੇ ਉਸ ਵੱਲ ਦੇਖਿਆ ਅਤੇ ਉਸ ਨੂੰ ਪਿਆਰ ਕੀਤਾ |

### ਜਵਾਨ ਹਾਕਮ ਨੇ ਉਹਨਾਂ ਹੁਕਮਾਂ ਬਾਰੇ ਕੀ ਕਿਹਾ ਜਿਸ ਬਾਰੇ ਯਿਸੂ ਨੇ ਸੂਚੀ ਦਿੱਤੀ ਸੀ ?

ਉਸ ਨੇ ਕਿਹਾ ਕੀ ਉਹ ਤਾਂ ਉਹ ਬਚਪਨ ਤੋਂ ਹੀ ਕਰਦਾ ਆ ਰਿਹਾ ਹੈ |

---

## 28:04

ਯਿਸੂ ਨੇ ਉੱਤਰ ਦਿੱਤਾ, “ਜੇ ਸਿੱਧ ਹੋਣਾ ਚਾਹੁੰਦਾ ਹੈਂ, ਤਾਂ ਜਾਹ ਆਪਣੀ ਸਾਰੀ ਧੰਨ ਸੰਪੱਤੀ ਵੇਚ ਦੇ ਅਰੇ ਗਰੀਬਾਂ ਨੂੰ ਵੰਡ ਦੇ, ਅਤੇ ਤੈਨੂੰ ਸਵਰਗ ਵਿੱਚ ਖਜ਼ਾਨਾ ਮਿਲੇਗਾ |ਤਦ ਆ ਅਤੇ ਮੇਰੇ ਪਿੱਛੇ ਹੋ ਤੁਰ |”

### ਯਿਸੂ ਨੇ ਉਸ ਨੌਜਵਾਨ ਨੂੰ ਹੋਰ ਕੀ ਕਰਨ ਨੂੰ ਕਿਹਾ ?

ਉਸ ਨੇ ਉਸ ਨੂੰ ਆਪਣਾ ਸਭ ਕੁੱਝ ਵੇਚ ਕੇ ਗਰੀਬਾਂ ਨੂੰ ਦੇਣ ਅਤੇ ਯਿਸੂ ਦੇ ਪਿੱਛੇ ਚੱਲਣ ਨੂੰ ਕਿਹਾ |

### ਜੇ ਧਨਵਾਨ ਨੌਜਵਾਨ ਹਾਕਮ ਇਸ ਤਰ੍ਹਾਂ ਕਰੇਗਾ ਤਾਂ ਯਿਸੂ ਨੇ ਉਸ ਨੂੰ ਮਿਲਣ ਵਾਲੇ ਕਿਹੜੇ ਇਨਾਮ ਦਾ ਵਾਅਦਾ ਕੀਤਾ ?

ਉਹ ਸਵਰਗ ਵਿੱਚ ਧਨ ਪ੍ਰਾਪਤ ਕਰੇਗਾ |

---

## 28:05

ਜਦੋਂ ਨੌਜਵਾਨ ਨੇ ਸੁਣਿਆ ਜੋ ਯਿਸੂ ਨੇ ਕਿਹਾ ਸੀ, ਉਹ ਉਦਾਸ ਹੋਇਆ, ਕਿਉਂਕਿ ਉਹ ਬਹੁਤ ਅਮੀਰ ਅਤੇ ਜੋ ਕੁੱਝ ਵੀ ਉਸ ਕੋਲ ਸੀ ਉਸ ਨੂੰ ਗਵਾਉਣਾ ਨਹੀਂ ਚਾਹੁੰਦਾ ਸੀ |ਉਹ ਮੁੜਿਆ ਅਤੇ ਯਿਸੂ ਕੋਲੋਂ ਚਲਾ ਗਿਆ |

### ਨੌਜਵਾਨ ਹਾਕਮ ਕਿਉਂ ਉਦਾਸ ਹੋ ਗਿਆ ਅਤੇ ਯਿਸੂ ਕੋਲੋਂ ਚਲਾ ਗਿਆ ?

ਉਹ ਆਪਣੀਆਂ ਸਾਰੀਆਂ ਚੀਜ਼ਾਂ ਨੂੰ ਛੱਡਣਾ ਨਹੀਂ ਚਾਹੁੰਦਾ ਸੀ |

---

## 28:06

ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, “ਅਮੀਰ ਲੋਕਾਂ ਲਈ ਇਹ ਬਹੁਤ ਹੀ ਮੁਸ਼ਕਲ ਹੈ ਕਿ ਉਹ ਪਰਮੇਸ਼ੁਰ ਦੇ ਰਾਜ ਵਿੱਚ ਵੜਨ !ਹਾਂ, ਅਮੀਰ ਆਦਮੀ ਲਈ ਪਰਮੇਸ਼ੁਰ ਦੇ ਰਾਜ ਵਿੱਚ ਵੜਨ ਨਾਲੋਂ ਇੱਕ ਊਠ ਦਾ ਸੂਈ ਦੇ ਨੱਕੇ ਵਿੱਚੋਂ ਲੰਘਣਾ ਸੌਖਾ ਹੈ।”

### ਪਰਮੇਸ਼ੁਰ ਦੇ ਰਾਜ ਵਿੱਚ ਵੜਨਾ ਇੱਕ ਧਨੀ ਲਈ ਕਿੰਨਾ ਕਠਿਨ ਹੈ ?

ਇੱਕ ਸੂਈ ਦੇ ਨੱਕੇ ਵਿੱਚੋਂ ਦੀ ਊਠ ਦਾ ਲੰਘਣਾ ਅਸਾਨ ਹੈ |

---

## 28:07

ਜਦੋਂ ਚੇਲਿਆਂ ਨੇ ਸੁਣਿਆ ਜੋ ਯਿਸੂ ਨੇ ਕਿਹਾ ਸੀ, ਉਹ ਕੰਬ ਗਏ ਅਤੇ ਕਿਹਾ, “ਤਾਂ ਕੌਣ ਬਚਾਇਆ ਜਾ ਸਕਦਾ ਹੈ ?”

---

## 28:08

ਯਿਸੂ ਨੇ ਚੇਲਿਆਂ ਵੱਲ ਦੇਖਿਆ ਅਤੇ ਕਿਹਾ, “ਮਨੁੱਖਾਂ ਲਈ ਤਾਂ ਇਹ ਮੁਸ਼ਕਲ ਹੈ ਪਰ ਪਰਮੇਸ਼ੁਰ ਲਈ ਸਭ ਕੁੱਝ ਸੰਭਵ ਹੈ |”

### ਕੀ ਇੱਕ ਧਨੀ ਵਿਅਕਤੀ ਲਈ ਬਚਾਏ ਜਾਣਾ ਸੰਭਵ ਹੈ ?

ਹਾਂ, ਪਰਮੇਸ਼ੁਰ ਲਈ ਸਭ ਕੁੱਝ ਸੰਭਵ ਹੈ |

---

## 28:09

ਪਤਰਸ ਨੇ ਯਿਸੂ ਨੂੰ ਕਿਹਾ, “ਅਸੀਂ ਸਭ ਕੁੱਝ ਛੱਡ ਦਿੱਤਾ ਅਤੇ ਤੇਰੇ ਪਿੱਛੇ ਹੋ ਗਏ ਹਾਂ |ਸਾਡਾ ਇਨਾਮ ਕੀ ਹੋਵੇਗਾ ?”

### ਯਿਸੂ ਦੇ ਪਿੱਛੇ ਚੱਲਣ ਲਈ ਚੇਲਿਆਂ ਨੇ ਕੀ ਕੁੱਝ ਛੱਡਿਆ ?

ਉਹਨਾਂ ਨੇ ਆਪਣਾ ਸਭ ਕੁੱਝ ਛੱਡ ਦਿੱਤਾ |

---

## 28:10

ਯਿਸੂ ਨੇ ਉੱਤਰ ਦਿੱਤਾ, “ਸਭ ਨੇ ਆਪਣੇ ਘਰ, ਭੈਣ, ਭਾਈ, ਪਿਤਾ, ਮਾਤਾ, ਬੱਚੇ, ਜਾਂ ਜ਼ਾਇਦਾਦ ਮੇਰੀ ਲਈ ਛੱਡੇ, ਉਹ ਸੌ ਗੁਣਾ ਜ਼ਿਆਦਾ ਪਾਉਣਗੇ ਅਤੇ ਅਨੰਤ ਜੀਵਨ ਵੀ |ਪਰ ਬਹੁਤੇ ਜਿਹੜੇ ਪਹਿਲੇ ਹਨ ਆਖ਼ਰੀ ਹੋਣਗੇ ਅਤੇ ਜਿਹੜੇ ਆਖ਼ਰੀ ਹਨ ਉਹ ਪਹਿਲੇ ਹੋਣਗੇ |”

### ਯਿਸੂ ਕੀ ਕਿਹਾ ਕਿ ਉਹਨਾਂ ਦਾ ਇਨਾਮ ਕੀ ਹੋਵੇਗਾ ?

ਉਹ ਅਗਲੇ ਸੰਸਾਰ ਵਿੱਚ ਸੌ ਗੁਣਾ ਜ਼ਿਆਦਾ ਪਾਉਣਗੇ ਅਤੇ ਅਨੰਤ ਜੀਵਨ ਵੀ |

### ਹੋਰ ਕੌਣ ਇਹ ਇਨਾਮ ਪਾ ਸਕਦਾ ਹੈ ?

ਹਰ ਇੱਕ ਜੋ ਆਪਣਾ ਘਰ,ਭਾਈ-ਭੈਣ, ਮਾਤਾ-ਪਿਤਾ, ਬੱਚੇ ਜਾਂ ਸੰਪੱਤੀ ਯਿਸੂ ਲਈ ਛੱਡਦਾ ਹੈ |

# ਇੱਕ ਨਿਰਦਈ ਨੌਕਰ ਦੀ ਕਹਾਣੀ

## 29:01

ਇੱਕ ਦਿਨ ਪਤਰਸ ਨੇ ਯਿਸੂ ਨੂੰ ਪੁੱਛਿਆ , "ਸੁਆਮੀ ਜੀ , ਮੈਂ ਆਪਣੇ ਭਾਈ ਨੂੰ ਕਿੰਨੀ ਵਾਰ ਮਾਫ਼ ਕਰਾਂ ਜਦੋਂ ਉਹ ਮੇਰੇ ਵਿਰੁੱਧ ਪਾਪ ਕਰਦਾ ਹੈ ?ਕੀ ਸੱਤ ਵਾਰ ?"ਯਿਸੂ ਨੇ ਉੱਤਰ ਦਿੱਤਾ, "ਸੱਤ ਵਾਰ ਨਹੀਂ, ਪਰ ਸੱਤ ਦਾ ਸੱਤਰ ਵਾਰ !"ਇਸ ਦੁਆਰਾ, ਅਸੀਂ ਜਾਣਦੇ ਹਾਂ ਕਿ ਯਿਸੂ ਦਾ ਮਤਲਬ ਹੈ ਕਿ ਹਮੇਸ਼ਾਂ ਮਾਫ਼ ਕਰੋ |ਤਦ ਯਿਸੂ ਨੇ ਕਹਾਣੀ ਦੱਸੀ |

### ਪਤਰਸ ਨੇ ਯਿਸੂ ਕੋਲੋਂ ਕਿਹੜਾ ਸਵਾਲ ਪੁੱਛਿਆ ?

"ਕਿੰਨੀ ਵਾਰ ਮੈਨੂੰ ਆਪਣੇ ਭਾਈ ਨੂੰ ਮਾਫ਼ ਕਰਨਾ ਚਾਹੀਦਾ ਹੈ ਜਦੋਂ ਉਹ ਮੇਰੇ ਵਿਰੁੱਧ ਪਾਪ ਕਰਦਾ ਹੈ ?"

### ਪਤਰਸ ਕਿੰਨੀ ਵਾਰ ਆਪਣੇ ਭਾਈ ਨੂੰ ਮਾਫ਼ ਕਰਨ ਬਾਰੇ ਸੋਚਦਾ ਸੀ ?

ਸੱਤ ਵਾਰ |

### ਯਿਸੂ ਨੇ ਉਸ ਨੂੰ ਕਿੰਨੀ ਵਾਰ ਉਸਦੇ ਭਾਈ ਨੂੰ ਮਾਫ਼ ਕਰਨ ਬਾਰੇ ਕਿਹਾ ?

ਸੱਤ ਵਾਰ ਦੇ ਸੱਤਰ ਗੁਣਾ |

### ਇਸ ਤੋਂ ਯਿਸੂ ਦਾ ਕੀ ਮਤਬਲ ਜਦੋਂ ਉਹ ਕਹਿੰਦਾ ਹੈ, "ਸੱਤ ਵਾਰ ਦੇ ਸੱਤਰ ਗੁਣਾ" ?

ਉਸ ਦਾ ਮਤਲਬ ਕਿ ਸਾਨੂੰ ਹਮੇਸ਼ਾਂ ਮਾਫ਼ ਕਰਨਾ ਚਾਹੀਦਾ ਹੈ |

---

## 29:02

ਯਿਸੂ ਨੇ ਕਿਹਾ, "ਪਰਮੇਸ਼ੁਰ ਦਾ ਰਾਜ ਇੱਕ ਰਾਜੇ ਵਰਗਾ ਹੈ ਜੋ ਆਪਣੇ ਨੌਕਰਾਂ ਨਾਲ ਹਿਸਾਬ ਕਰਨਾ ਚਾਹੁੰਦਾ ਸੀ |ਉਸ ਦਾ ਇੱਕ ਨੌਕਰ ਵੱਡੀ ਰਕਮ ਕਰੀਬ 200,000 ਰੁਪਏ ਦਾ ਕਰਜ਼ਦਾਰ ਜੋ ਲੱਗ-ਭਗ ਇੱਕ ਸਾਲ ਦੀ ਕਮਾਈ ਸੀ |

---

## 29:03

"ਜਦਕਿ ਨੌਕਰ ਉਧਾਰ ਵਾਪਸ ਨਹੀਂ ਕਰ ਸਕਦਾ ਸੀ, ਰਾਜੇ ਨੇ ਕਿਹਾ, " ਪੈਸਾ ਵਸੂਲ ਕਰਨ ਲਈ ਇਸ ਵਿਅਕਤੀ ਅਤੇ ਇਸ ਦੇ ਪਰਿਵਾਰ ਨੂੰ ਗੁਲਾਮ ਕਰਕੇ ਵੇਚ ਦਿਓ |"

### ਕੀ ਨੌਕਰ ਰਾਜੇ ਨੂੰ ਵੱਡਾ ਕਰਜ਼ ਮਾਫ਼ ਕਰਨ ਯੋਗ ਸੀ ?

ਨਹੀਂ |

### ਰਾਜੇ ਨੇ ਵੱਡੇ ਕਰਜਾਈ ਨੌਕਰ ਨੂੰ ਕਿਵੇਂ ਸਜਾ ਦਿੱਤੀ ?

ਰਾਜੇ ਨੇ ਹੁਕਮ ਦਿੱਤਾ ਕਿ ਉਹ ਵਿਅਕਤੀ ਅਤੇ ਉਸਦਾ ਪਰਿਵਾਰ ਗੁਲਾਮਾਂ ਵਜੋਂ ਵੇਚ ਦਿੱਤਾ ਜਾਵੇ |

---

## 29:04

“ਨੌਕਰ ਨੇ ਰਾਜੇ ਅੱਗੇ ਗੋਡੇ ਟੇਕੇ ਅਤੇ ਕਿਹਾ , “ਮੇਰੇ ਉੱਤੇ ਦਯਾ ਕਰੋ, ਮੈਂ ਆਪਣਾ ਸਾਰਾ ਕਰਜ਼ ਵਾਪਸ ਕਰ ਦੇਵਾਂਗਾ ਜਿਸ ਦਾ ਮੈਂ ਕਰਜ਼ਾਈ ਹਾਂ |’ਰਾਜੇ ਨੂੰ ਨੌਕਰ ਤੇ ਤਰਸ ਆਇਆ, ਉਸ ਨੇ ਉਸਦਾ ਸਾਰਾ ਕਰਜ਼ ਮਾਫ਼ ਕਰ ਦਿੱਤਾ ਅਤੇ ਉਸ ਨੂੰ ਛੱਡ ਦਿੱਤਾ |”

### ਰਾਜੇ ਨੇ ਕੀ ਕੀਤਾ ਜਦੋਂ ਨੌਕਰ ਨੇ ਦਯਾ ਲਈ ਭੀਖ ਮੰਗੀ ?

ਰਾਜੇ ਨੇ ਨੌਕਰ ਉੱਤੇ ਤਰਸ ਖਾਧਾ ਅਤੇ ਉਸ ਦਾ ਕਰਜ਼ ਮਾਫ਼ ਕਰ ਦਿੱਤਾ |

---

## 29:05

“ਪਰ ਜਦੋਂ ਨੌਕਰ ਰਾਜੇ ਕੋਲੋਂ ਬਾਹਰ ਚੱਲਿਆ ਗਿਆ, ਉਹ ਆਪਣੇ ਨਾਲ ਦੇ ਨੌਕਰ ਨੂੰ ਮਿਲਿਆ ਜੋ ਉਸ ਦਾ ਕਰਜ਼ਾਈ ਸੀ ਲੱਗ-ਭਗ ਚਾਰ ਮਹੀਨੇ ਦੀ ਮਜ਼ਦੂਰੀ ਦੀ ਰਕਮ ਸੀ |ਨੌਕਰ ਨੇ ਆਪਣੇ ਸਾਥੀ ਨੂੰ ਫੜਿਆ ਅਤੇ ਉਸ ਨੂੰ ਕਿਹਾ, “ਮੈਨੂੰ ਮੇਰਾ ਪੈਸਾ ਵਾਪਸ ਕਰ !”

### ਨੌਕਰ ਨੇ ਆਪਣੇ ਨਾਲ ਦੇ ਨੌਕਰ ਨਾਲ ਕੀ ਕੀਤਾ ਜੋ ਉਸ ਦਾ ਥੋੜਾ ਜਿਹਾ ਕਰਜਾਈ ਸੀ ?

ਉਸ ਨੇ ਉਸਨੂੰ ਫੜਿਆ ਅਤੇ ਉਸਦੇ ਪੈਸੇ ਮੋੜਨ ਦੀ ਮੰਗ ਕੀਤੀ ਜਿਸ ਲਈ ਉਹ ਉਸ ਦਾ ਕਰਜਾਈ ਸੀ |

---

## 29:06

“ਸਾਥੀ ਨੌਕਰ ਨੇ ਗੋਡਿਆਂ ਭਾਰ ਹੋ ਕੇ ਕਿਹਾ, “ਕਿਰਪਾ ਕਰਕੇ ਮੇਰੇ ਉੱਤੇ ਦਯਾ ਕਰੋ ਅਤੇ ਮੈਂ ਤੁਹਾਡੀ ਸਾਰੀ ਰਕਮ ਵਾਪਸ ਕਰ ਦੇਵਾਂਗਾ ਜਿਸ ਦਾ ਮੈਂ ਕਰਜਾਈ ਹਾਂ |”ਪਰ ਇਸ ਦੀ ਬਜਾਇ, ਨੌਕਰ ਨੇ ਆਪਣੇ ਸਾਥੀ ਨੂੰ ਜ਼ੇਲ੍ਹ ਵਿੱਚ ਬੰਦ ਕਰ ਦਿੱਤਾ ਜਦ ਤੱਕ ਉਹ ਕਰਜ਼ ਚੁਕਾ ਨਾ ਦੇਵੇ |”

### ਨੌਕਰ ਨੇ ਆਪਣੇ ਨਾਲ ਦੇ ਨੌਕਰ ਨਾਲ ਕੀ ਕੀਤਾ ਜਦੋਂ ਉਸਨੇ ਆਪਣੇ ਗੋਡਿਆਂ ਭਾਰ ਡਿੱਗ ਕੇ ਦਯਾ ਲਈ ਭੀਖ ਮੰਗੀ ?

ਉਸ ਨੇ ਆਪਣੇ ਨਾਲ ਦੇ ਨੌਕਰ ਨੂੰ ਜ਼ੇਲ੍ਹ ਵਿੱਚ ਬੰਦ ਕਰ ਦਿੱਤਾ |

---

## 29:07

“ਕੁੱਝ ਦੂਸਰੇ ਨੌਕਰਾਂ ਨੇ ਸਭ ਦੇਖਿਆ ਜੋ ਹੋਇਆ ਸੀ ਅਤੇ ਬਹੁਤ ਪਰੇਸ਼ਾਨ ਹੋਏ | ਉਹ ਰਾਜੇ ਕੋਲ ਗਏ ਅਤੇ ਉਸ ਨੂੰ ਸਭ ਕੁੱਝ ਦੱਸਿਆ |”

### ਜਦੋਂ ਉਸ ਨੇ ਆਪਣੇ ਨਾਲ ਦੇ ਨੌਕਰ ਨੂੰ ਜ਼ੇਲ੍ਹ ਵਿੱਚ ਪਾ ਦਿੱਤਾ ਤਾਂ ਬਾਕੀ ਦੇ ਦੂਸਰੇ ਨੌਕਰਾਂ ਨੇ ਕੀ ਪ੍ਰਤਿਕ੍ਰਿਆ ਦਿਖਾਈ ?

ਉਹ ਬਹੁਤ ਪਰੇਸ਼ਾਨ ਹੋਏ ਅਤੇ ਰਾਜੇ ਨੂੰ ਇਸ ਬਾਰੇ ਦੱਸਿਆ |

---

## 29:08

“ਰਾਜੇ ਨੇ ਉਸ ਨੌਕਰ ਨੂੰ ਬੁਲਾਇਆ ਅਤੇ ਕਿਹਾ, “ਹੇ ਦੁਸ਼ਟ ਨੌਕਰ !ਮੈਂ ਤੈਨੂੰ ਤੇਰਾ ਕਰਜ਼ ਮਾਫ਼ ਕੀਤਾ ਕਿਉਂਕਿ ਤੂੰ ਬੇਨਤੀ ਕੀਤੀ |ਤੈਨੂੰ ਵੀ ਉਸੇ ਤਰ੍ਹਾਂ ਹੀ ਕਰਨਾ ਚਾਹੀਦਾ ਸੀ |’ਰਾਜਾ ਬਹੁਤ ਗੁੱਸੇ ਹੋਇਆ ਅਤੇ ਉਸ ਦੁਸ਼ਟ ਨੌਕਰ ਨੂੰ ਜ਼ੇਲ੍ਹ ਵਿੱਚ ਸੁੱਟ ਦਿੱਤਾ ਜਦ ਤੱਕ ਉਹ ਆਪਣਾ ਪੂਰਾ ਕਰਜ਼ ਵਾਪਸ ਨਹੀਂ ਕਰਦਾ |”

### ਕਿਸ ਤਰ੍ਹਾਂ ਰਾਜੇ ਨੇ ਇਸ ਨੌਕਰ ਨੂੰ ਸਜਾ ਦਿੱਤੀ ਜਦੋਂ ਉਸ ਨੇ ਆਪਣੇ ਨਾਲ ਦੇ ਨੌਕਰ ਨੂੰ ਮਾਫ਼ ਨਾ ਕੀਤਾ ?

ਉਸ ਨੇ ਉਸ ਨੂੰ ਜ਼ੇਲ੍ਹ ਵਿੱਚ ਪਾ ਦਿੱਤਾ |

---

## 29:09

ਤਦ ਯਿਸੂ ਨੇ ਕਿਹਾ, “ਇਸੇ ਤਰ੍ਹਾਂ ਹੀ ਮੇਰਾ ਸਵਰਗੀ ਪਿਤਾ ਵੀ ਤੁਹਾਡੇ ਹਰ ਇੱਕ ਨਾਲ ਕਰੇਗਾ ਅਗਰ ਤੁਸੀਂ ਆਪਣੇ ਭਾਈਆਂ ਨੂੰ ਦਿਲੋਂ ਮਾਫ਼ ਨਹੀਂ ਕਰਦੇ |”

### ਕੀ ਪਰਮੇਸ਼ੁਰ ਸਾਨੂੰ ਮਾਫ਼ ਕਰੇਗਾ ਜੇ ਅਸੀਂ ਦੂਸਰਿਆਂ ਨੂੰ ਆਪਣੇ ਦਿਲ ਤੋਂ ਮਾਫ਼ ਨਹੀਂ ਕਰਦੇ ?

ਨਹੀਂ |

# ਯਿਸੂ ਪੰਜ ਹਜ਼ਾਰ ਦੀ ਭੀੜ ਨੂੰ ਰਜਾਉਂਦਾ

## 30:01

ਯਿਸੂ ਨੇ ਆਪਣੇ ਚੇਲਿਆਂ ਨੂੰ ਅਲੱਗ ਅਲੱਗ ਪਿੰਡਾਂ ਵਿੱਚ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਲਈ ਭੇਜਿਆ |ਜਦੋਂ ਉਹ ਵਾਪਸ ਆਏ ਜਿੱਥੇ ਯਿਸੂ ਸੀ, ਤਾਂ ਉਹਨਾਂ ਨੇ ਜੋ ਕੁੱਝ ਕੀਤਾ ਯਿਸੂ ਨੂੰ ਦੱਸਣ ਲੱਗੇ |ਤਦ ਯਿਸੂ ਨੇ ਉਹਨਾਂ ਨੂੰ ਬੁਲਾਇਆ ਕਿ ਉਹ ਕੁੱਝ ਸਮੇਂ ਲਈ ਉਸ ਨਾਲ ਝੀਲ ਤੋਂ ਪਾਰ ਸ਼ਾਂਤ ਜਗ੍ਹਾ ਤੇ ਅਰਾਮ ਕਰਨ ਲਈ ਚੱਲਣ |ਇਸ ਲਈ ਉਹ ਇੱਕ ਕਿਸ਼ਤੀ ਵਿੱਚ ਚੜ੍ਹੇ ਅਤੇ ਝੀਲ ਦੇ ਦੂਸਰੇ ਪਾਰ ਚਲੇ ਗਏ |

### ਯਿਸੂ ਨੇ ਆਪਣੇ ਰਸੂਲਾਂ ਨੂੰ ਪਿੰਡਾਂ ਵਿੱਚ ਕੀ ਕਰਨ ਲਈ ਭੇਜਿਆ ?

ਉਸ ਨੇ ਉਹਨਾਂ ਨੂੰ ਸਿਖਾਉਣ ਅਤੇ ਪ੍ਰਚਾਰ ਕਰਨ ਲਈ ਭੇਜਿਆ |

### ਯਿਸੂ ਕਿਉਂ ਆਪਣੇ ਰਸੂਲਾਂ ਨੂੰ ਝੀਲ ਦੇ ਦੂਸਰੇ ਪਾਰ ਲੈ ਗਿਆ ?

ਉਸ ਨੇ ਉਹਨਾਂ ਨੂੰ ਇੱਕ ਸ਼ਾਂਤ ਜਗ੍ਹਾ ਤੇ ਕੁੱਝ ਸਮਾਂ ਅਰਾਮ ਕਰਨ ਲਈ ਬੁਲਾਇਆ |

---

## 30:02

ਪਰ ਬਹੁਤ ਲੋਕਾਂ ਨੇ ਯਿਸੂ ਅਤੇ ਉਸ ਦੇ ਚੇਲਿਆਂ ਨੂੰ ਕਿਸ਼ਤੀ ਵਿੱਚ ਬੈਠ ਕੇ ਪਾਰ ਜਾਂਦਿਆਂ ਦੇਖਿਆ |ਇਹ ਲੋਕ ਝੀਲ ਦੇ ਕਿਨਾਰੇ ਕਿਨਾਰੇ ਭੱਜ ਕੇ ਝੀਲ ਦੇ ਦੂਸਰੇ ਪਾਰ ਉਹਨਾਂ ਤੋਂ ਵੀ ਪਹਿਲਾਂ ਪਹੁੰਚ ਗਏ |ਇਸ ਲਈ ਜਦੋਂ ਯਿਸੂ ਅਤੇ ਉਸ ਦੇ ਚੇਲੇ ਪਹੁੰਚੇ, ਲੋਕਾਂ ਦੀ ਇੱਕ ਵੱਡੀ ਭੀੜ ਪਹਿਲਾਂ ਹੀ ਉੱਥੇ ਉਹਨਾਂ ਦਾ ਇੰਤਜ਼ਾਰ ਕਰ ਰਹੀ ਸੀ |

### ਕੀ ਯਿਸੂ ਅਤੇ ਉਸਦੇ ਰਸੂਲ ਅੱਲਗ ਅਰਾਮ ਕਰ ਸਕੇ ?

ਨਹੀਂ |ਬਹੁਤ ਲੋਕ ਉਹਨਾਂ ਤੋਂ ਪਹਿਲਾਂ ਝੀਲ ਦੇ ਦੂਸਰੇ ਪਾਸੇ ਭੱਜ ਗਏ |

---

## 30:03

ਭੀੜ ਵਿੱਚ ਪੰਜ ਹਜ਼ਾਰ ਤੋਂ ਵੀ ਜ਼ਿਆਦਾ ਮਰਦ ਸਨ, ਜਿਸ ਵਿੱਚ ਬੱਚੇ ਅਤੇ ਔਰਤਾਂ ਸ਼ਾਮਲ ਨਹੀਂ ਸਨ |ਯਿਸੂ ਲੋਕਾਂ ਪ੍ਰਤੀ ਤਰਸ ਨਾਲ ਭਰ ਗਿਆ | ਯਿਸੂ ਲਈ, ਲੋਕ ਉਹਨਾਂ ਭੇਡਾਂ ਵਰਗੇ ਸਨ ਜਿਹਨਾਂ ਦਾ ਅਯਾਲੀ ਨਹੀਂ ਹੁੰਦਾ |ਇਸ ਲਈ ਯਿਸੂ ਨੇ ਉਹਨਾਂ ਨੂੰ ਸਿੱਖਿਆ ਦਿੱਤੀ ਅਤੇ ਜਿਹੜੇ ਬਿਮਾਰ ਸਨ ਉਹਨਾਂ ਨੂੰ ਚੰਗਾ ਵੀ ਕੀਤਾ |

### ਯਿਸੂ ਦਾ ਉਹਨਾਂ ਲੋਕਾਂ ਪ੍ਰਤੀ ਕੀ ਰਵੱਈਆ ਸੀ ਜੋ ਉਹਨਾਂ ਲਈ ਇੰਤਜ਼ਾਰ ਕਰਦੇ ਸਨ ?

ਉਹ ਉਹਨਾਂ ਪ੍ਰਤੀ ਤਰਸ ਨਾਲ ਭਰ ਗਿਆ |

### ਯਿਸੂ ਨੇ ਕਿਸ ਤਰ੍ਹਾਂ ਲੋਕਾਂ ਪ੍ਰਤੀ ਆਪਣੇ ਤਰਸ ਨੂੰ ਪ੍ਰਗਟ ਕੀਤਾ ?

ਉਸ ਨੇ ਉਹਨਾਂ ਨੂੰ ਸਿਖਾਇਆ ਅਤੇ ਬਿਮਾਰਾਂ ਨੂੰ ਚੰਗਾ ਕੀਤਾ |

### ਇਸ ਭੋਜਨ ਤੋਂ ਕਿੰਨੇ ਲੋਕਾਂ ਨੇ ਖਾਧਾ ਅਤੇ ਰੱਜ ਗਏ ?

ਪੰਜ ਹਜਾਰ ਮਰਦ ਅਤੇ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਨਹੀਂ ਸੀ |

---

## 30:04

ਦਿਨ ਦੇ ਅੰਤ ਵਿੱਚ , ਚੇਲਿਆਂ ਨੇ ਯਿਸੂ ਨੂੰ ਕਿਹਾ, "ਬਹੁਤ ਦੇਰ ਹੋ ਗਈ ਹੈ ਅਤੇ ਨੇੜੇ ਕੋਈ ਨਗਰ ਵੀ ਨਹੀਂ ਹੈ |ਲੋਕਾਂ ਨੂੰ ਭੇਜ ਦੇ ਤਾਂ ਕਿ ਇਹ ਜਾ ਕੇ ਕੁੱਝ ਖਾਣ ਲਈ ਲੈਣ |"

### ਚੇਲੇ ਲੋਕਾਂ ਨੂੰ ਕਿਉਂ ਭੇਜਣਾ ਚਾਹੁੰਦੇ ਸਨ ?

ਸ਼ਾਮ ਪੈ ਗਈ ਸੀ ਅਤੇ ਉਹਨਾਂ ਨੂੰ ਖਾਣ ਲਈ ਕੁੱਝ ਭੋਜਨ ਦੀ ਲੋੜ ਸੀ |

---

## 30:05

ਪਰ ਯਿਸੂ ਨੇ ਚੇਲਿਆਂ ਨੂੰ ਕਿਹਾ, "ਤੁਸੀਂ ਇਹਨਾਂ ਨੂੰ ਕੁੱਝ ਖਾਣ ਲਈ ਦੇਵੋ !"ਉਹਨਾਂ ਨੇ ਉੱਤਰ ਦਿੱਤਾ, "ਅਸੀਂ ਇਹ ਕਿਸ ਤਰ੍ਹਾਂ ਕਰ ਸਕਦੇ ਹਾਂ ?ਸਾਡੇ ਕੋਲ ਸਿਰਫ਼ ਪੰਜ ਰੋਟੀਆਂ ਅਤੇ ਦੋ ਛੋਟੀਆਂ ਮੱਛੀਆਂ ਹਨ |"

### ਕਿਉਂ ਰਸੂਲ ਸਾਰੇ ਲੋਕਾਂ ਨੂੰ ਖਿਲਾਉਣ ਦੇ ਸਮਰੱਥ ਨਹੀਂ ਸਨ ?

ਉਹਨਾਂ ਕੋਲ ਸਿਰਫ਼ ਪੰਜ ਰੋਟੀਆਂ ਅਤੇ ਦੋ ਮੱਛੀਆਂ ਹੀ ਸਨ |

---

## 30:06

ਯਿਸੂ ਨੇ ਆਪਣਿਆਂ ਚੇਲਿਆਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਘਾਹ ਉੱਤੇ ਪੰਜਾਹ ਪੰਜਾਹ ਦੇ ਕਤਾਰਾਂ ਵਿੱਚ ਬੈਠਣ ਲਈ ਕਹਿਣ |"

---

## 30:07

ਤਦ ਯਿਸੂ ਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਲਈਆਂ, ਸਵਰਗ ਵੱਲ ਦੇਖਦੇ ਹੋਏ ਇਸ ਖਾਣੇ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ |

### ਯਿਸੂ ਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਨਾਲ ਕੀਤਾ ?

ਉਸ ਨੇ ਪਰਮੇਸ਼ੁਰ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਟੁੱਕੜਿਆ ਵਿੱਚ ਤੋੜਿਆ ਅਤੇ ਚੇਲਿਆਂ ਨੂੰ ਦਿੱਤਾ ਕਿ ਲੋਕਾਂ ਨੂੰ ਦੇਣ |

---

## 30:08

ਤਦ ਯਿਸੂ ਨੇ ਰੋਟੀਆਂ ਅਤੇ ਮੱਛੀਆਂ ਨੂੰ ਤੋੜਿਆ |ਉਸ ਨੇ ਇਹ ਟੁਕੜੇ ਚੇਲਿਆਂ ਨੂੰ ਦਿੱਤੇ ਕਿ ਉਹ ਲੋਕਾਂ ਨੂੰ ਦੇਣ |ਚੇਲੇ ਭੋਜਨ ਵੰਡਦੇ ਰਹੇ ਅਤੇ ਭੋਜਨ ਨਹੀਂ ਮੁੱਕਿਆ !ਸਭ ਲੋਕਾਂ ਨੇ ਖਾਧਾ ਅਤੇ ਰੱਜ ਗਏ |

### ਯਿਸੂ ਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਨਾਲ ਕੀਤਾ ?

ਉਸ ਨੇ ਪਰਮੇਸ਼ੁਰ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਟੁੱਕੜਿਆ ਵਿੱਚ ਤੋੜਿਆ ਅਤੇ ਚੇਲਿਆਂ ਨੂੰ ਦਿੱਤਾ ਕਿ ਲੋਕਾਂ ਨੂੰ ਦੇਣ |

---

## 30:09

ਉਸ ਤੋਂ ਬਾਅਦ ਚੇਲਿਆਂ ਨੇ ਬਚੇ ਹੋਏ ਭੋਜਨ ਨੂੰ ਇਕੱਠਾ ਕੀਤਾ ਅਤੇ ਉਸ ਨਾਲ ਬਾਰਾਂ ਟੋਕਰੀਆਂ ਭਰ ਗਈਆਂ !ਇਹ ਸਾਰਾ ਭੋਜਨ ਪੰਜ ਰੋਟੀਆਂ ਅਤੇ ਦੋ ਮੱਛੀਆਂ ਤੋਂ ਆਇਆ ਸੀ |

### ਸਾਰਿਆਂ ਦੇ ਖਾਣ ਤੋਂ ਬਾਅਦ ਕਿੰਨਾ ਭੋਜਨ ਬਚ ਗਿਆ ?

ਬਾਰਾਂ ਟੋਕਰੀਆਂ |

# ਯਿਸੂ ਪਾਣੀ ਉੱਤੇ ਤੁਰਦਾ

## 31:01

ਜਦੋਂ ਉਸਨੇ ਭੀੜ ਨੂੰ ਭੇਜ ਦਿੱਤਾ, ਤਦ ਯਿਸੂ ਨੇ ਆਪਣਿਆਂ ਚੇਲਿਆਂ ਨੂੰ ਬੇੜੀ ਵਿੱਚ ਬੈਠਣ ਅਤੇ ਝੀਲ ਦੇ ਪਾਰ ਜਾਣ ਲਈ ਕਿਹਾ|ਭੀੜ ਨੂੰ ਭੇਜਣ ਤੋਂ ਬਾਅਦ ਯਿਸੂ ਪਹਾੜ ਉੱਤੇ ਪ੍ਰਾਰਥਨਾ ਕਰਨ ਲਈ ਗਿਆ |ਯਿਸੂ ਉੱਥੇ ਇੱਕਲਾ ਹੀ ਸੀ ਅਤੇ ਦੇਰ ਰਾਤ ਤੱਕ ਪ੍ਰਾਰਥਨਾ ਕਰਦਾ ਰਿਹਾ |

### ਜਦੋਂ ਉਹ ਭੀੜ ਨੂੰ ਭੇਜ ਰਿਹਾ ਸੀ ਤਾਂ ਯਿਸੂ ਨੇ ਚੇਲਿਆਂ ਨੂੰ ਕੀ ਕਰਨ ਲਈ ਕਿਹਾ ?

ਉਸ ਨੇ ਉਹਨਾਂ ਨੂੰ ਕਿਹਾ ਕਿ ਉਹ ਕਿਸ਼ਤੀ ਵਿੱਚ ਬੈਠਣ ਅਤੇ ਝੀਲ ਦੇ ਦੂਸਰੇ ਪਾਸੇ ਚਲੇ ਜਾਣ |

### ਯਿਸੂ ਨੇ ਚੇਲਿਆਂ ਨੂੰ ਕਿਸ਼ਤੀ ਵਿੱਚ ਭੇਜਣ ਤੋ ਬਾਅਦ ਕੀ ਕੀਤਾ ?

ਉਹ ਪਹਾੜ ਉੱਤੇ ਪ੍ਰਾਰਥਨਾ ਕਰਨ ਲਈ ਚਲਿਆ ਗਿਆ |

---

## 31:02

ਜਦ ਚੇਲੇ ਅਜੇ ਆਪਣੀਂ ਕਿਸ਼ਤੀ ਹੀ ਚਲਾ ਰਹੇ ਸਨ ਅਤੇ ਦੇਰ ਰਾਤ ਤੱਕ ਉਹ ਅਜੇ ਝੀਲ ਦੇ ਵਿਚਕਾਰ ਹੀ ਪਹੁੰਚੇ ਸਨ |ਉਹ ਕਿਸ਼ਤੀ ਵਿੱਚ ਬਹੁਤ ਵੱਡੀ ਮੁਸ਼ਕਲ ਦਾ ਸਾਹਮਣਾ ਕਰਦੇ ਹੋਏ ਘੁੰਮ ਰਹੇ ਸਨ ਕਿਉਂਕਿ ਵੱਡੀ ਹਨ੍ਹੇਰੀ ਉਹਨਾਂ ਦੇ ਵਿਰੁੱਧ ਚੱਲ ਰਹੀ ਸੀ |

### ਰਾਤ ਦੇ ਸਮੇਂ ਚੇਲਿਆਂ ਨੂੰ ਕੀ ਸਮੱਸਿਆ ਆਈ ?

ਤੂਫ਼ਾਨ ਉਹਨਾਂ ਦੇ ਵਿਰੁੱਧ ਸੀ ਇਸ ਲਈ ਉਹ ਅਜੇ ਝੀਲ ਦੇ ਅੱਧ ਵਿੱਚ ਹੀ ਪਹੁੰਚੇ ਸਨ |

---

## 31:03

ਤਦ ਯਿਸੂ ਨੇ ਪ੍ਰਾਰਥਨਾ ਕਰਨਾ ਬੰਦ ਕੀਤਾ ਅਤੇ ਚੇਲਿਆਂ ਕੋਲ ਗਿਆ |ਉਹ ਝੀਲ ਦੇ ਦੂਸਰੇ ਪਾਸੇ ਤੋਂ ਪਾਣੀ ਉੱਤੇ ਚੱਲਦਾ ਹੋਇਆ ਉਹਨਾਂ ਦੀ ਬੇੜੀ ਵੱਲ ਆ ਰਿਹਾ ਸੀ |

### ਕਿਸ ਤਰ੍ਹਾਂ ਯਿਸੂ ਉਹਨਾਂ ਦੀ ਕਿਸ਼ਤੀ ਵਿੱਚ ਆ ਗਿਆ ?

ਉਹ ਪਾਣੀ ਉੱਤੇ ਚੱਲ ਕੇ ਉਹਨਾਂ ਕੋਲ ਗਿਆ |

---

## 31:04

ਚੇਲੇ ਬਹੁਤ ਘਬਰਾ ਗਏ ਜਦੋਂ ਉਹਨਾਂ ਨੇ ਯਿਸੂ ਨੂੰ ਦੇਖਿਆ, ਕਿਉਂਕਿ ਉਹਨਾਂ ਨੇ ਸੋਚਿਆ ਕਿ ਉਹ ਭੂਤ ਦੇਖ ਰਹੇ ਹਨ |ਯਿਸੂ ਜਾਣਦਾ ਸੀ ਕਿ ਚੇਲੇ ਡਰਦੇ ਹਨ, ਇਸ ਲਈ ਉਸਨੇ ਉਹਨਾਂ ਨੂੰ ਬੁਲਾਇਆ ਅਤੇ ਕਿਹਾ, “ਨਾ ਡਰੋ |”ਮੈਂ ਹਾਂ !”

### ਚੇਲਿਆਂ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ਜਦੋਂ ਉਹਨਾਂ ਨੇ ਪਹਿਲੀ ਵਾਰ ਉਸ ਪਾਣੀ ਤੇ ਚੱਲਦੇ ਦੇਖਿਆ ?

ਉਹ ਬਹੁਤ ਘਬਰਾ ਗਏ ਸਨ ਕਿਉਂਕਿ ਉਹਨਾਂ ਨੇ ਸੋਚਿਆ ਕਿ ਇਹ ਕੋਈ ਭੂਤ ਹੈ |

### ਯਿਸੂ ਨੇ ਉਹਨਾਂ ਨੂੰ ਆਪਣੇ ਡਰ ਉੱਤੇ ਕਾਬੂ ਪਾਉਣ ਲਈ ਕੀ ਕਿਹਾ ?

“ਨਾ ਡਰੋ”ਮੈਂ ਹਾਂ |”

---

## 31:05

ਤਦ ਪਤਰਸ ਨੇ ਯਿਸੂ ਨੂੰ ਕਿਹਾ, “ਸੁਆਮੀ , ਅਗਰ ਤੂੰ ਹੈਂ, ਹੁਕਮ ਦੇਹ ਕਿ ਮੈਂ ਪਾਣੀ ਉੱਤੇ ਚੱਲ ਕੇ ਤੇਰੇ ਕੋਲ ਆਵਾਂ |”ਯਿਸੂ ਨੇ ਪਤਰਸ ਨੂੰ ਕਿਹਾ, “ਆ ਜਾਹ !”

### ਯਿਸੂ ਨੇ ਪਤਰਸ ਨੂੰ ਕਿਉਂ ਕਿਹਾ ਕਿ ਉਹ ਪਾਣੀ ਉੱਤੇ ਚੱਲ ਕੇ ਉਸ ਵੱਲ ਆਏ ?

ਕਿਉਂਕਿ ਪਤਰਸ ਨੇ ਅਜਿਹਾ ਕਰਨ ਲਈ ਯਿਸੂ ਕੋਲੋਂ ਪੁੱਛਿਆ ਸੀ |

---

## 31:06

ਇਸ ਲਈ ਪਤਰਸ ਬੇੜੀ ਵਿੱਚੋਂ ਉੱਤਰਿਆ ਅਤੇ ਪਾਣੀ ਉੱਤੇ ਚੱਲ ਕੇ ਯਿਸੂ ਵੱਲ ਜਾਣ ਲੱਗਾ |ਪਰ ਥੋੜ੍ਹੀ ਦੂਰ ਜਾਣ ਤੋਂ ਬਾਅਦ, ਉਸ ਨੇ ਆਪਣੀਆਂ ਅੱਖਾਂ ਯਿਸੂ ਵੱਲੋਂ ਫੇਰ ਲਈਆਂ ਅਤੇ ਲਹਿਰਾਂ ਵੱਲ ਦੇਖਣ ਲੱਗਾ ਅਤੇ ਵੱਡੀ ਹਨ੍ਹੇਰੀ ਨੂੰ ਮਹਿਸੂਸ ਕਰਨ ਲੱਗਾ |

### ਜਦੋਂ ਪਤਰਸ ਨੇ ਯਿਸੂ ਤੋਂ ਨਿਗਾਹ ਹਟਾਈ ਤਾਂ ਉਸ ਨੇ ਕੀ ਹੁੰਦਾ ਹੋਇਆ ਦੇਖਿਆ ?

ਉਸ ਨੇ ਲਹਿਰਾਂ ਨੂੰ ਦੇਖਣਾ ਸ਼ੁਰੂ ਕੀਤਾ ਅਤੇ ਤੇਜ਼ ਤੂਫ਼ਾਨ ਨੂੰ ਮਹਿਸੂਸ ਕੀਤਾ |

---

## 31:07

ਤਦ ਪਤਰਸ ਡਰ ਗਿਆ ਅਤੇ ਪਾਣੀ ਵਿੱਚ ਡੁੱਬਣ ਲੱਗਾ |ਉਸ ਨੇ ਉੱਚੀ ਅਵਾਜ਼ ਨਾਲ ਪੁਕਾਰਿਆ, “ਸੁਆਮੀ , ਮੈਨੂੰ ਬਚਾ!”ਯਿਸੂ ਨੇ ਇੱਕ ਦਮ ਆਪਣਾ ਹੱਥ ਵਧਾ ਕੇ ਉਸ ਨੂੰ ਫੜ੍ਹ ਲਿਆ |ਤਦ ਉਸਨੇ ਪਤਰਸ ਨੂੰ ਕਿਹਾ, “ਹੇ ਥੋੜ੍ਹੀ ਪ੍ਰਤੀਤ ਵਾਲੇ, ਤੂੰ ਕਿਉਂ ਸ਼ੱਕ ਕੀਤਾ ?”

### ਪਤਰਸ ਨਾਲ ਕੀ ਹੋਇਆ ਜਦੋਂ ਉਹ ਤੂਫ਼ਾਨ ਅਤੇ ਲਹਿਰਾਂ ਤੋਂ ਡਰ ਗਿਆ ?

ਉਹ ਪਾਣੀ ਵਿੱਚ ਡੁੱਬਣ ਲੱਗਾ |

### ਯਿਸੂ ਨੇ ਕੀ ਕੀਤਾ ਜਦੋਂ ਪਤਰਸ ਨੇ ਮਦਦ ਲਈ ਪੁਕਾਰਿਆ ?

ਯਿਸੂ ਅੱਗੇ ਵਧਿਆ ਅਤੇ ਪਤਰਸ ਨੂੰ ਫੜ ਲਿਆ |

### ਯਿਸੂ ਨੇ ਪਤਰਸ ਨੂੰ ਡਾਂਟਦੇ ਹੋਏ ਕੀ ਕਿਹਾ ?

“ਹੇ ਥੋੜੀ ਪ੍ਰਤੀਤ ਵਾਲੇ ਮਨੁੱਖ, ਤੂੰ ਕਿਉਂ ਭਰਮ ਕੀਤਾ ?”

---

## 31:08

ਜਦੋਂ ਪਤਰਸ ਅਤੇ ਯਿਸੂ ਬੇੜੀ ਵਿੱਚ ਚੜ੍ਹ ਗਏ, ਤਾਂ ਇੱਕ ਦਮ ਹਵਾ ਚੱਲਣੀ ਬੰਦ ਹੋ ਗਈ ਅਤੇ ਪਾਣੀ ਸ਼ਾਂਤ ਹੋ ਗਿਆ |ਚੇਲੇ ਹੈਰਾਨ ਹੋ ਗਏ |ਉਹਨਾਂ ਨੇ ਯਿਸੂ ਦੀ ਅਰਾਧਨਾ ਕੀਤੀ, ਇਹ ਕਹਿੰਦੇ ਹੋਏ, “ਸੱਚਮੁਚ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ |”

### ਕੀ ਹੋਇਆ ਜਦੋਂ ਯਿਸੂ ਕਿਸ਼ਤੀ ਵਿੱਚ ਚੜ੍ਹ ਗਿਆ ?

ਇੱਕ ਦਮ ਤੂਫ਼ਾਨ ਥੰਮ ਗਿਆ ਅਤੇ ਪਾਣੀ ਸ਼ਾਂਤ ਹੋ ਗਿਆ |

### ਇਸ ਚਮਤਕਾਰ ਪ੍ਰਤੀ ਚੇਲਿਆਂ ਕੇ ਕਿਸ ਪ੍ਰਕਾਰ ਪ੍ਰਤੀਕਿਰਿਆ ਦਿਖਾਈ ?

ਉਹਨਾਂ ਨੇ ਯਿਸੂ ਦੀ ਅਰਾਧਨ ਕੀਤੀ ਅਤੇ ਕਿਹਾ, “ ਸੱਚ-ਮੁੱਚ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ|”

# ਯਿਸੂ ਭੂਤਾਂ ਨਾਲ ਭਰੇ ਵਿਅਕਤੀ ਅਤੇ ਬਿਮਾਰ ਔਰਤ ਨੂੰ ਚੰਗਾ ਕਰਦਾ ਹੈ

## 32:01

ਇੱਕ ਦਿਨ, ਯਿਸੂ ਅਤੇ ਉਸਦੇ ਚੇਲੇ ਬੇੜੀ ਦੁਆਰਾ ਝੀਲ ਦੇ ਪਾਰ ਉਸ ਇਲਾਕੇ ਵਿੱਚ ਗਏ ਜਿੱਥੇ ਗਿਰਸੇਨੀ ਲੋਕ ਰਹਿੰਦੇ ਸਨ |

---

## 32:02

ਜਦੋਂ ਉਹ ਝੀਲ ਦੇ ਦੂਸਰੇ ਪਾਰ ਪਹੁੰਚੇ ਤਾਂ ਇੱਕ ਵਿਅਕਤੀ ਦੌੜ ਕੇ ਯਿਸੂ ਕੋਲ ਆਇਆ ਜਿਸਨੂੰ ਭੂਤ ਚਿੰਬੜੇ ਸਨ |

### ਕੀ ਹੋਇਆ ਜਦੋਂ ਯਿਸੂ ਉਸ ਸਥਾਨ ਤੇ ਪਹੁੰਚਿਆ ਜਿੱਥੇ ਗਿਰਸੇਨੀਆ ਦੇ ਲੋਕ ਰਹਿੰਦੇ ਸਨ ?

ਇੱਕ ਭੂਤਾਂ ਨਾਲ ਜਕੜਿਆ ਬੰਦਾ ਦੌੜ ਕੇ ਯਿਸੂ ਵੱਲ ਆਇਆ |

---

## 32:03

ਇਹ ਵਿਅਕਤੀ ਬਹੁਤ ਹੀ ਤਕੜਾ ਸੀ ਕਿ ਕੋਈ ਵੀ ਉਸ ਨੂੰ ਕਾਬੂ ਨਹੀਂ ਕਰ ਸਕਦਾ ਸੀ |ਲੋਕ ਉਸਦੇ ਹੱਥਾਂ ਅਤੇ ਪੈਰਾਂ ਨੂੰ ਸੰਗਲਾਂ ਨਾਲ ਵੀ ਬੰਨ੍ਹ ਚੁੱਕੇ ਸਨ ਪਰ ਉਹ ਤੋੜ ਦਿੰਦਾ ਸੀ |

### ਭੂਤ ਉਸ ਬੰਦੇ ਕੋਲੋਂ ਕੀ ਕਰਾਉਂਦੇ ਸਨ ?

ਭੂਤ ਉਸ ਕੋਲੋਂ ਸੰਗਲ ਤੁੜਵਾ ਦਿੰਦੇ, ਉਹ ਕਬਰਾਂ ਵਿੱਚ ਰਹਿੰਦਾ, ਦਿਨ ਰਾਤ ਚੀਕਾਂ ਮਾਰਦਾ, ਕੱਪੜੇ ਨਾ ਪਾਉਂਦਾ, ਅਤੇ ਆਪਣੇ ਆਪ ਨੂੰ ਪੱਥਰਾਂ ਨਾਲ ਕੱਟਦਾ |

---

## 32:04

ਵਿਅਕਤੀ ਉਸ ਇਲਾਕੇ ਦੀਆਂ ਕਬਰਾਂ ਵਿੱਚ ਰਹਿੰਦਾ ਸੀ |ਇਹ ਵਿਅਕਤੀ ਰਾਤ ਦਿਨ ਚੀਕਾਂ ਮਾਰਦਾ ਰਹਿੰਦਾ ਸੀ |ਉਹ ਕੱਪੜੇ ਨਹੀਂ ਪਾਉਂਦਾ ਅਤੇ ਆਪਣੇ ਆਪ ਨੂੰ ਪੱਥਰਾਂ ਨਾਲ ਕੱਟਦਾ ਰਹਿੰਦਾ |

### ਭੂਤ ਉਸ ਬੰਦੇ ਕੋਲੋਂ ਕੀ ਕਰਾਉਂਦੇ ਸਨ ?

ਭੂਤ ਉਸ ਕੋਲੋਂ ਸੰਗਲ ਤੁੜਵਾ ਦਿੰਦੇ, ਉਹ ਕਬਰਾਂ ਵਿੱਚ ਰਹਿੰਦਾ, ਦਿਨ ਰਾਤ ਚੀਕਾਂ ਮਾਰਦਾ, ਕੱਪੜੇ ਨਾ ਪਾਉਂਦਾ, ਅਤੇ ਆਪਣੇ ਆਪ ਨੂੰ ਪੱਥਰਾਂ ਨਾਲ ਕੱਟਦਾ |

---

## 32:05

ਜਦੋਂ ਇਹ ਵਿਅਕਤੀ ਯਿਸੂ ਕੋਲ ਆਇਆ ਤਾਂ ਉਸ ਦੇ ਅੱਗੇ ਆਪਣੇ ਗੋਡੇ ਟੇਕੇ |ਯਿਸੂ ਨੇ ਦੁਸ਼ਟ ਆਤਮਾਂ ਨੂੰ ਕਿਹਾ, "ਇਸ ਵਿਅਕਤੀ ਦੇ ਅੰਦਰੋਂ ਬਾਹਰ ਆ ਜਾ |"

---

## 32:06

ਦੁਸ਼ਟ ਆਤਮਾਂ ਵਾਲਾ ਵਿਅਕਤੀ ਉੱਚੀ ਅਵਾਜ ਵਿੱਚ ਬੋਲਿਆ, "ਤੇਰਾ ਮੇਰੇ ਨਾਲ ਕੀ ਵਾਸਤਾ, ਯਿਸੂ, ਅੱਤ ਮਹਾਨ ਪਰਮੇਸ਼ੁਰ ਦੇ ਪੁੱਤਰ ?ਮੈਨੂੰ ਦੁੱਖ ਨਾ ਦੇਹ !"ਤਦ ਯਿਸੂ ਨੇ ਦੁਸ਼ਟ ਆਤਮਾਂ ਨੂੰ ਪੁੱਛਿਆ, "ਤੇਰਾ ਨਾਮ ਕੀ ਹੈ?"ਉਸ ਨੇ ਉੱਤਰ ਦਿੱਤਾ, "ਮੇਰਾ ਨਾਮ ਲਸ਼ਕਰ ਹੈ, ਕਿਉਂਕਿ ਅਸੀਂ ਬਹੁਤੇ ਹਾਂ " (ਲਸ਼ਕਰ ਰੋਮੀ ਫੌਜ ਵਿੱਚ ਬਹੁਤੇ ਹਜ਼ਾਰਾਂ ਸਿਪਾਹੀਆਂ ਲਈ ਵਰਤਿਆ ਜਾਂਦਾ ਸੀ )

### ਭੂਤ ਦਾ ਕੀ ਨਾਮ ਸੀ ?

ਉਸ ਦਾ ਨਾਮ ਲਸ਼ਕਰ ਸੀ |

### "ਲਸ਼ਕਰ" ਨਾਮ ਦਾ ਕੀ ਮਤਲਬ ਹੈ ?

ਇਸ ਦਾ ਮਤਲਬ ਕਿ ਉਸ ਵਿਅਕਤੀ ਵਿੱਚ ਬਹੁਤ ਸਾਰੇ ਭੂਤ ਸਨ |

---

## 32:07

ਦੁਸ਼ਟ ਆਤਮਾ ਨੇ ਯਿਸੂ ਅੱਗੇ ਬੇਨਤੀ ਕੀਤੀ, "ਕਿਰਪਾ ਕਰਕੇ ਸਾਨੂੰ ਇਸ ਇਲਾਕੇ ਤੋਂ ਬਾਹਰ ਨਾ ਕੱਢ !"ਉੱਥੇ ਲਾਗੇ ਪਹਾੜ ਉੱਤੇ ਇੱਕ ਸੂਰਾਂ ਦਾ ਝੁੰਡ ਚਰਦਾ ਸੀ |ਇਸ ਲਈ ਦੁਸ਼ਟ ਆਤਮਾ ਨੇ ਬੇਨਤੀ ਕੀਤੀ, "ਕਿਰਪਾ ਕਰਕੇ ਸਾਨੂੰ ਇਹਨਾਂ ਸੂਰਾਂ ਵਿੱਚ ਭੇਜ ਦੇਹ !"ਯਿਸੂ ਨੇ ਕਿਹਾ, "ਜਾਹ"

### ਜਦੋਂ ਉਹਨਾਂ ਭੂਤਾਂ ਨੇ ਉਸ ਆਦਮੀ ਨੂੰ ਛੱਡਿਆ ਤਾਂ ਉਹਨਾਂ ਨੇ ਕਿੱਥੇ ਜਾਣ ਲਈ ਯਿਸੂ ਅੱਗੇ ਬੇਨਤੀ ਕੀਤੀ ?

ਉਹਨਾਂ ਨੇ ਸੂਰਾਂ ਦੇ ਝੁੰਡ ਵਿੱਚ ਜਾਣ ਲਈ ਬੇਨਤੀ ਕੀਤੀ |

---

## 32:08

ਦੁਸ਼ਟ ਆਤਮਾ ਮਨੁੱਖ ਦੇ ਅੰਦਰੋਂ ਬਾਹਰ ਆਏ ਅਤੇ ਸੂਰਾਂ ਵਿੱਚ ਵੜ ਗਏ | ਸੂਰ ਹੇਠਾਂ ਝੀਲ ਵੱਲ ਭੱਜੇ ਅਤੇ ਡੁੱਬ ਗਏ |ਉਸ ਝੁੰਡ ਵਿੱਚ ਲੱਗ-ਭਗ 2000 ਸੂਰ ਸਨ |

### ਜਦੋਂ ਉਹਨਾਂ ਭੂਤਾਂ ਨੇ ਉਸ ਆਦਮੀ ਨੂੰ ਛੱਡਿਆ ਤਾਂ ਉਹਨਾਂ ਨੇ ਕਿੱਥੇ ਜਾਣ ਲਈ ਯਿਸੂ ਅੱਗੇ ਬੇਨਤੀ ਕੀਤੀ ?

ਉਹਨਾਂ ਨੇ ਸੂਰਾਂ ਦੇ ਝੁੰਡ ਵਿੱਚ ਜਾਣ ਲਈ ਬੇਨਤੀ ਕੀਤੀ |

### ਜਦੋਂ ਭੂਤ ਉਹਨਾਂ ਵਿੱਚ ਜਾ ਵੜੇ ਤਾਂ ਸੂਰਾਂ ਨਾਲ ਕੀ ਹੋਇਆ ?

ਉਹ ਉੱਪਰੋ ਦੌੜ ਕੇ ਹੇਠਾਂ ਝੀਲ ਵਿੱਚ ਰੁੜ੍ਹ ਗਏ |

---

## 32:09

ਜਦੋਂ ਸੂਰਾਂ ਨੂੰ ਚਾਰਨ ਵਾਲੇ ਵਿਅਕਤੀਆਂ ਨੇ ਦੇਖਿਆ ਕਿ ਕੀ ਹੋਇਆ ਉਹ ਦੌੜ ਕੇ ਨਗਰ ਵਿੱਚ ਗਏ ਹਰ ਇੱਕ ਜਿਸ ਨੂੰ ਉਹ ਮਿਲੇ ਜੋ ਕੁੱਝ ਯਿਸੂ ਨੇ ਕੀਤਾ ਉਸ ਬਾਰੇ ਦੱਸਿਆ |ਨਗਰ ਦੇ ਲੋਕ ਆਏ ਅਤੇ ਉਸ ਵਿਅਕਤੀ ਨੂੰ ਦੇਖਿਆ ਜਿਸ ਵਿੱਚ ਭੂਤ ਸਨ |ਉਹ ਚੁੱਪ ਚਾਪ ਕੱਪੜੇ ਪਹਿਨੀ ਅਤੇ ਇੱਕ ਆਮ ਵਿਅਕਤੀ ਦੀ ਤਰ੍ਹਾਂ ਬੈਠਾ ਸੀ |

### ਭੂਤਾਂ ਦੇ ਜਾਣ ਤੋਂ ਬਾਅਦ ਉਸ ਵਿਅਕਤੀ ਨੇ ਕਿਸ ਪ੍ਰਕਾਰ ਵਿਵਹਾਰ ਕੀਤਾ ?

ਉਹ ਸ਼ਾਂਤ ਹੋ ਕੇ ਬੈਠ ਗਿਆ, ਅਤੇ ਸਧਾਰਨ ਵਿਅਕਤੀ ਵਾਂਙੁ ਕੱਪੜੇ ਪਹਿਨੇ |

---

## 32:10

ਲੋਕ ਬਹੁਤ ਡਰੇ ਹੋਏ ਸਨ ਅਤੇ ਉਹਨਾਂ ਨੇ ਯਿਸੂ ਨੂੰ ਦੂਰ ਜਾਣ ਲਈ ਕਿਹਾ |ਇਸ ਲਈ ਯਿਸੂ ਬੇੜੀ ਉੱਤੇ ਚੜ੍ਹਿਆ ਅਤੇ ਜਾਣ ਲੱਗਾ |ਉਸ ਵਿਅਕਤੀ ਨੇ ਯਿਸੂ ਅੱਗੇ ਬੇਨਤੀ ਕੀਤੀ ਕਿ ਉਹ ਵੀ ਯਿਸੂ ਦੇ ਨਾਲ ਜਾਣਾ ਚਾਹੁੰਦਾ ਹੈ |

### ਲੋਕਾਂ ਨੇ ਚੰਗੇ ਹੋਏ ਵਿਅਕਤੀ ਅਤੇ ਮਾਰੇ ਗਏ ਸੂਰਾਂ ਵੱਲ ਕੀ ਪ੍ਰਤੀਕਿਰਿਆ ਦਿਖਾਈ ?

ਉਹ ਡਰ ਗਏ ਅਤੇ ਯਿਸੂ ਨੂੰ ਉਹ ਜਗ੍ਹਾ ਛੱਡ ਕੇ ਜਾਣ ਲਈ ਕਹਿਣ ਲੱਗੇ |

---

## 32:11

ਪਰ ਯਿਸੂ ਨੇ ਉਸ ਨੂੰ ਕਿਹਾ, “ਨਹੀਂ, ਮੈਂ ਚਾਹੁੰਦਾ ਹਾਂ ਕਿ ਤੂੰ ਆਪਣੇ ਘਰ ਜਾਵੇਂ ਅਤੇ ਆਪਣੇ ਮਿੱਤਰਾਂ ਅਤੇ ਘਰਦਿਆਂ ਨੂੰ ਸਭ ਕੁੱਝ ਦੱਸੇ ਜੋ ਪਰਮੇਸ਼ੁਰ ਨੇ ਤੇਰੇ ਲਈ ਕੀਤਾ ਅਤੇ ਕਿਵੇਂ ਉਸ ਨੇ ਤੇਰੇ ਉੱਤੇ ਦਯਾ ਕੀਤੀ ਹੈ |

### ਯਿਸੂ ਨੇ ਉਸ ਚੰਗਾ ਹੋਏ ਵਿਅਕਤੀ ਨੂੰ ਕੀ ਕਰਨ ਲਈ ਕਿਹਾ ਇਸ ਦੇ ਬਜਾਇ ਕਿ ਉਹ ਯਿਸੂ ਦੇ ਨਾਲ ਜਾਵੇ ?

ਯਿਸੂ ਨੇ ਉਸ ਨੂੰ ਘਰ ਜਾਣ ਲਈ ਕਿਹਾ ਅਤੇ ਆਪਣੇ ਪਰਿਵਾਰ ਅਤੇ ਮਿੱਤਰਾਂ ਨੂੰ ਸਭ ਦੱਸਣ ਲਈ ਜੋ ਪਰਮੇਸ਼ੁਰ ਨੇ ਉਸ ਲਈ ਕੀਤਾ ਹੈ |

---

## 32:12

ਇਸ ਲਈ ਉਹ ਵਿਅਕਤੀ ਚਲਾ ਗਿਆ ਅਤੇ ਸਭ ਨੂੰ ਯਿਸੂ ਬਾਰੇ ਦੱਸਿਆ ਜੋ ਉਸ ਨੇ ਉਸ ਲਈ ਕੀਤਾ ਸੀ ਹਰ ਇੱਕ ਜਿਸ ਨੇ ਉਸਦੀ ਕਹਾਣੀ ਨੂੰ ਸੁਣਿਆਂ ਉਹ ਹੈਰਾਨੀ ਅਤੇ ਅਚੰਬੇ ਨਾਲ ਭਰ ਗਏ |

---

## 32:13

ਯਿਸੂ ਝੀਲ ਦੇ ਦੂਸਰੇ ਕਿਨਾਰੇ ਵੱਲ ਮੁੜਿਆ |ਉੱਥੇ ਪਹੁੰਚਣ ਤੋਂ ਬਾਅਦ, ਇੱਕ ਵੱਡੀ ਭੀੜ ਉਸ ਦੁਆਲੇ ਇਕੱਠੀ ਹੋ ਗਈ ਅਤੇ ਉਸ ਉੱਪਰ ਡਿੱਗ ਰਹੇ ਸਨ |ਉਸ ਭੀੜ ਵਿੱਚ ਇੱਕ ਔਰਤ ਸੀ ਜੋ ਬਾਰਾਂ ਸਾਲਾਂ ਤੋਂ ਲਹੂ ਵਹਿਣ ਦੀ ਬਿਮਾਰੀ ਤੋਂ ਪੀੜਤ ਸੀ |ਉਸ ਨੇ ਆਪਣਾ ਸਾਰਾ ਧੰਨ ਡਾਕਟਰਾਂ ਨੂੰ ਦੇ ਦਿੱਤਾ ਸੀ ਕਿ ਉਹ ਉਸ ਨੂੰ ਚੰਗਾ ਕਰਨ ਪਰ ਉਸ ਦੀ ਹਾਲਤ ਹੋਰ ਵੀ ਬੁਰੀ ਹੁੰਦੀ ਗਈ |

---

## 32:14

ਉਸ ਨੇ ਸੁਣਿਆ ਸੀ ਕਿ ਯਿਸੂ ਨੇ ਬਹੁਤ ਬਿਮਾਰ ਲੋਕਾਂ ਨੂੰ ਚੰਗਾ ਕੀਤਾ ਹੈ ਅਤੇ ਸੋਚਿਆ, "ਮੈਨੂੰ ਯਕੀਨ ਹੈ ਕਿ ਅਗਰ ਮੈਂ ਸਿਰਫ਼ ਯਿਸੂ ਦੇ ਪੱਲੇ ਨੂੰ ਹੀ ਛੂਹ ਲਵਾਂ ਤਾਂ ਮੈਂ ਵੀ ਠੀਕ ਹੋ ਜਾਵਾਂਗੀ !"ਇਸ ਲਈ ਉਹ ਯਿਸੂ ਦੇ ਪਿੱਛੇ ਆਈ ਅਤੇ ਉਸ ਦੇ ਪੱਲੇ ਨੂੰ ਛੂਹ ਲਿਆ |ਜਿਵੇਂ ਹੀ ਉਸਨੇ ਉਸ ਨੂੰ ਛੂਹਿਆ ਉਸਦਾ ਲਹੂ ਬਹਿਣਾ ਬੰਦ ਹੋ ਗਿਆ |

### ਕਿਉਂ ਲਹੂ ਦੀ ਬਿਮਾਰੀ ਨਾਲ ਪੀੜਤ ਔਰਤ ਯਿਸੂ ਕੋਲ ਆਈ ?

ਉਸ ਨੇ ਸੋਚਿਆ ਕਿ ਜੇ ਉਹ ਸਿਰਫ਼ ਯਿਸੂ ਦੇ ਬਸਤਰ ਦੇ ਪੱਲੇ ਨੂੰ ਹੀ ਛੂਹ ਲਵੇ ਤਾਂ ਉਹ ਚੰਗੀ ਹੋ ਜਾਵੇਗੀ |

### ਕੀ ਹੋਇਆ ਜਿਵੇਂ ਹੀ ਉਸ ਔਰਤ ਨੇ ਯਿਸੂ ਦੇ ਕੱਪੜੇ ਨੂੰ ਛੂਹਿਆ ?

ਉਸ ਦਾ ਲਹੂ ਵਹਿਣਾ ਠੀਕ ਹੋ ਗਿਆ |

---

## 32:15

ਇੱਕ ਦਮ, ਯਿਸੂ ਨੇ ਜਾਣ ਲਿਆ ਕਿ ਸ਼ਕਤੀ ਉਸ ਵਿੱਚੋਂ ਨਿੱਕਲੀ ਹੈ |ਇਸ ਲਈ ਉਹ ਘੁੰਮਿਆ ਅਤੇ ਪੁੱਛਿਆ, "ਮੈਨੂੰ ਕਿਸ ਨੇ ਛੂਹਿਆ ਹੈ ?"

### ਯਿਸੂ ਨੂੰ ਕਿਵੇਂ ਪਤਾ ਲੱਗਾ ਕਿ ਕਿਸੇ ਨੇ ਉਸ ਨੂੰ ਛੂਹਿਆ ਹੈ ?

ਉਸ ਨੇ ਮਹਿਸੂਸ ਕੀਤਾ ਕਿ ਉਸ ਵਿੱਚੋਂ ਸ਼ਕਤੀ ਨਿੱਕਲੀ ਹੈ |

---

## 32:16

ਚੇਲਿਆਂ ਨੇ ਉੱਤਰ ਦਿੱਤਾ, "ਬਹੁਤ ਸਾਰੀ ਭੀੜ ਤੇਰੇ ਆਲੇ ਦੁਆਲੇ ਹੈ ਅਤੇ ਉਹ ਤੇਰੇ ਉੱਤੇ ਡਿੱਗਦੀ ਹੈ |ਕਿਉਂ ਤੂੰ ਪੁੱਛਦਾਂ ਹੈਂ, "ਮੈਨੂੰ ਕਿਸ ਨੇ ਛੂਹਿਆ ਹੈ ?"ਔਰਤ ਯਿਸੂ ਅੱਗੇ ਆਪਣੇ ਗੋਡਿਆਂ ਭਾਰ ਡਰਦੀ ਅਤੇ ਕੰਮਬਦੀ ਹੋਈ ਡਿੱਗ ਪਈ |ਤਦ ਉਸਨੇ ਉਸ ਨੂੰ ਦੱਸਿਆ ਜੋ ਉਸ ਨੇ ਕੀਤਾ ਸੀ, ਅਤੇ ਉਹ ਚੰਗੀ ਹੋ ਚੁੱਕੀ ਸੀ |ਯਿਸੂ ਨੇ ਉਸ ਨੂੰ ਕਿਹਾ, "ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾਂ ਕੀਤਾ |"ਸ਼ਾਂਤੀ ਨਾਲ ਜਾਹ |

### ਯਿਸੂ ਨੇ ਉਸ ਔਰਤ ਨੂੰ ਕੀ ਕਿਹਾ ਜਦੋਂ ਉਹ ਉਸ ਦੇ ਅੱਗੇ ਡਿੱਗ ਪਈ ?

"ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ|ਸ਼ਾਂਤੀ ਨਾਲ ਜਾਹ |"

# ਇੱਕ ਕਿਸਾਨ ਦੀ ਕਹਾਣੀ

## 33:01

ਇੱਕ ਦਿਨ, ਯਿਸੂ ਝੀਲ ਦੇ ਕਿਨਾਰੇ ਲੋਕਾਂ ਦੀ ਇੱਕ ਵੱਡੀ ਭੀੜ ਨੂੰ ਸਿਖਾ ਰਿਹਾ ਸੀ | ਬਹੁਤ ਲੋਕ ਉਸ ਨੂੰ ਸੁਣਨ ਲਈ ਆਏ ਅਤੇ ਯਿਸੂ ਪਾਣੀ ਦੇ ਕਿਨਾਰੇ ਉੱਤੇ ਇੱਕ ਬੇੜੀ ਵਿੱਚ ਚੜ੍ਹ ਕੇ ਉਹਨਾਂ ਨਾਲ ਗੱਲ ਕਰਨ ਲੱਗਾ |ਉਹ ਬੇੜੀ ਵਿੱਚ ਬੈਠ ਗਿਆ ਅਤੇ ਸਿਖਾਉਣ ਲੱਗਾ |

---

## 33:02

ਯਿਸੂ ਨੇ ਇਹ ਕਹਾਣੀ ਦੱਸੀ "ਇੱਕ ਕਿਸਾਨ ਕੁੱਝ ਬੀਜ ਬੀਜਣ ਲਈ ਗਿਆ |ਜਿਵੇਂ ਹੀ ਉਹ ਹੱਥ ਨਾਲ ਬੀਜ ਰਿਹਾ ਸੀ ਕੁੱਝ ਬੀਜ ਰਾਹ ਵਿੱਚ ਡਿੱਗੇ ਅਤੇ ਪੰਛੀ ਆਏ ਉਹਨਾਂ ਬੀਜਾਂ ਨੂੰ ਚੁੱਗ ਗਏ |"

### ਉਸ ਬੀਜ ਨਾਲ ਕੀ ਹੋਇਆ ਜੋ ਰਾਹ ਵਿੱਚ ਡਿੱਗ ਪਿਆ ?

ਪੰਛੀ ਆਏ ਅਤੇ ਉਸ ਨੂੰ ਚੁੱਗ ਗਏ |

---

## 33:03

"ਦੂਸਰੇ ਬੀਜ ਪਥਰੀਲੀ ਜ਼ਮੀਨ ਉੱਤੇ ਡਿੱਗੇ, ਜਿੱਥੇ ਜਿਆਦਾ ਮਿੱਟੀ ਨਹੀਂ ਸੀ |ਪਥਰੀਲੀ ਜ਼ਮੀਨ ਉੱਤੇ ਬੀਜ ਬਹੁਤ ਜਲਦੀ ਨਾਲ ਉੱਗੇ, ਪਰ ਉਹਨਾਂ ਦੀਆਂ ਜੜ੍ਹਾਂ ਹੇਠਾਂ ਮਿੱਟੀ ਵਿੱਚ ਡੂੰਗੀਆਂ ਨਾ ਜਾ ਸਕੀਆਂ |ਜਦੋਂ ਸੂਰਜ ਚੜ੍ਹਿਆ ਅਤੇ ਗਰਮੀ ਹੋਈ ਪੌਦੇ ਸੁੱਕ ਗਏ ਅਤੇ ਮਰ ਗਏ |"

### ਉਸ ਬੀਜ ਨਾਲ ਕੀ ਹੋਇਆ ਜੋ ਪਥਰੀਲੀ ਜਮੀਨ ਵਿੱਚ ਡਿੱਗਿਆ ?

ਉਹ ਉੱਗਿਆ, ਪਰ ਧੁੱਪ ਨਿੱਕਲਣ ਸਾਰ ਹੀ ਕੁਮਲਾ ਗਿਆ ਅਤੇ ਨਾ ਉੱਗਿਆ|

---

## 33:04

"ਫਿਰ ਦੂਸਰੇ ਬੀਜ ਝਾੜੀਆਂ ਵਿੱਚ ਡਿੱਗੇ |"ਉਹ ਬੀਜ ਵੱਧਣ ਲੱਗੇ ਪਰ ਝਾੜੀਆਂ ਨੇ ਉਹਨਾਂ ਨੂੰ ਦੱਬਾ ਲਿਆ |ਇਸ ਲਈ ਜਿਹੜੇ ਪੌਦੇ ਝਾੜੀਆਂ ਵਾਲੀ ਜ਼ਮੀਨ ਵਿੱਚ ਲੇ ਬੀਜਾਂ ਤੋਂ ਵਧੇ ਉਹਨਾਂ ਨੇ ਕੋਈ ਦਾਣਾ ਪੈਦਾ ਨਾ ਕੀਤਾ |"

### ਉਸ ਬੀਜ ਨਾਲ ਕੀ ਹੋਇਆ ਜੋ ਝਾੜੀਆਂ ਵਿੱਚ ਡਿੱਗਿਆ ?

ਉਹ ਵੱਧਣ ਲੱਗਾ ਪਰ ਝਾੜੀਆਂ ਨੇ ਦਬਾ ਲਿਆ |

---

## 33:05

“ਬਾਕੀ ਬੀਜ ਚੰਗੀ ਜ਼ਮੀਨ ਤੇ ਡਿੱਗੇ |ਇਹ ਬੀਜ ਵਧੇ ਅਤੇ ਕੁੱਝ 30 ਗੁਣਾ, ਕੁੱਝ 60 ਗੁਣਾ, ਇੱਥੋਂ ਤੱਕ 100 ਗੁਣਾ ਵਧੇਰੇ ਦਾਣੇ ਪੈਦਾ ਕੀਤੇ |ਜਿਸ ਦੇ ਕੰਨ ਹੋਣ ਉਹ ਸੁਣੇ!”

### ਉਸ ਬੀਜ ਨਾਲ ਕੀ ਹੋਇਆ ਜੋ ਚੰਗੀ ਜਮੀਨ ਵਿੱਚ ਡਿੱਗਿਆ ?

ਉਹ ਵਧਿਆ ਅਤੇ ਉਸ ਨੇ 30, 60, ਅਤੇ 100 ਗੁਣਾ, ਬੀਜੇ ਗਏ ਬੀਜ ਨਾਲੋਂ ਜ਼ਿਆਦਾ ਫਲ ਦਿੱਤਾ |

---

## 33:06

ਇਸ ਕਹਾਣੀ ਨੇ ਚੇਲਿਆਂ ਨੂੰ ਦੁਬਿਧਾ ਵਿੱਚ ਪਾ ਦਿੱਤਾ |ਇਸ ਲਈ ਯਿਸੂ ਨੇ ਬਿਆਨ ਕੀਤਾ, “ਬੀਜ ਪਰਮੇਸ਼ੁਰ ਦਾ ਵਚਨ ਹੈ |” “ਰਾਹ ਇੱਕ ਉਹ ਵਿਅਕਤੀ ਹੈ, ਜੋ ਪਰਮੇਸ਼ੁਰ ਦੇ ਵਚਨ ਨੂੰ ਸੁਣਦਾ ਹੈ ਪਰ ਉਸ ਨੂੰ ਸਮਝਦਾ ਨਹੀਂ ਅਤੇ ਸ਼ੈਤਾਨ ਉਸ ਕੋਲੋਂ ਵਚਨ ਨੂੰ ਦੂਰ ਲੈ ਜਾਂਦਾ ਹੈ |”

### ਕੀ ਚੇਲੇ ਇਸ ਕਹਾਣੀ ਦਾ ਮਤਲਬ ਸਮਝ ਗਏ ?

ਨਹੀਂ, ਉਹ ਉੱਲਝਣ ਵਿੱਚ ਪੈ ਗਏ |

### ਇਸ ਕਹਾਣੀ ਵਿੱਚ ਬੀਜ ਕਿਸ ਚੀਜ਼ ਨੂੰ ਦਰਸਾ ਰਿਹਾ ਹੈ ?

ਪਰਮੇਸ਼ੁਰ ਦਾ ਵਚਨ |

### ਰਾਹ ਕਿਸ ਚੀਜ਼ ਨੂੰ ਦਿਖਾ ਰਿਹਾ ਹੈ ?

ਉਹ ਵਿਅਕਤੀ ਜੋ ਵਚਨ ਨੂੰ ਸੁਣਦਾ, ਪਰ ਉਸ ਨੂੰ ਸਮਝਦਾ ਨਹੀਂ ਹੈ ਅਤੇ ਸ਼ੈਤਾਨ ਉਸ ਵਚਨ ਨੂੰ ਉਸ ਵਿੱਚੋਂ ਲੈ ਜਾਂਦਾ ਹੈ |

---

## 33:07

ਪਥਰੀਲੀ ਜ਼ਮੀਨ ਉਹ ਵਿਅਕਤੀ ਹੈ ਜੋ ਪਰਮੇਸ਼ੁਰ ਦੇ ਵਚਨ ਨੂੰ ਸੁਣਦਾ ਹੈ ਅਤੇ ਅਨੰਦ ਨਾਲ ਗ੍ਰਹਿਣ ਕਰਦਾ ਹੈ |ਪਰ ਜਦੋਂ ਮੁਸ਼ਕਲ ਜਾਂ ਦੁੱਖ ਆਉਂਦਾ ਹੈ ਉਹ ਦੂਰ ਹੋ ਜਾਂਦਾ ਹੈ |”

### ਪਥਰੀਲੀ ਜਮੀਨ ਕਿਸ ਚੀਜ਼ ਨੂੰ ਦਰਸਾ ਰਹੀ ਹੈ ?

ਉਹ ਵਿਅਕਤੀ ਜੋ ਵਚਨ ਸੁਣਦਾ ਅਤੇ ਇਸ ਨੂੰ ਅਨੰਦ ਨਾਲ ਗ੍ਰਹਿਣ ਕਰਦਾ ਪਰ ਜਦੋਂ ਦੁੱਖ ਸਤਾਵਟ ਆਉਂਦੇ ਗਿਰ ਜਾਂਦਾ |

---

## 33:08

“ਕੰਡਿਆਲੀ ਜ਼ਮੀਨ ਉਹ ਵਿਅਕਤੀ ਹੈ ਜੋ ਪਰਮੇਸ਼ੁਰ ਦਾ ਵਚਨ ਸੁਣਦਾ ਹੈ ਪਰ ਸਮਾਂ ਪੈਣ ਤੇ ਜ਼ਿੰਦਗੀ ਦੀ ਦੇਖਭਾਲ, ਧੰਨ ਦੌਲਤ, ਖੁਸ਼ੀਆਂ ਪਰਮੇਸ਼ੁਰ ਲਈ ਪਿਆਰ ਨੂੰ ਦਬਾ ਦਿੰਦੇ ਹਨ |ਨਤੀਜੇ ਵਜੋਂ, ਉਹ ਉਸ ਲਈ ਕੋਈ ਫਲ ਪੈਦਾ ਨਹੀਂ ਕਰਦੀ |”

### ਕੰਡਿਆਲੀ ਜਮੀਨ ਕਿਸ ਨੂੰ ਦਰਸਾਉਂਦੀ ਹੈ ?

ਉਹ ਵਿਅਕਤੀ ਜੋ ਵਚਨ ਨੂੰ ਸੁਣਦਾ ਪਰ ਜਿਵੇਂ ਸਮਾਂ ਗੁਜਰਦਾ, ਧੰਨ ਦੌਲਤ ਅਤੇ ਜ਼ਿੰਦਗੀ ਦੇ ਐਸ਼ੋ ਅਰਾਮ ਪਰਮੇਸ਼ੁਰ ਦੇ ਪਿਆਰ ਨੂੰ ਦਬਾ ਲੈਂਦੇ ਹਨ |

---

## 33:09

“ਪਰ ਚੰਗੀ ਜ਼ਮੀਨ ਉਹ ਵਿਅਕਤੀ ਹੈ ਜੋ ਪਰਮੇਸ਼ੁਰ ਦੇ ਵਚਨ ਨੂੰ ਸੁਣਦਾ ਹੈ, ਵਿਸ਼ਵਾਸ ਕਰਦਾ ਹੈ ਅਤੇ ਫਲ ਪੈਦਾ ਕਰਦਾ ਹੈ |”

### ਚੰਗੀ ਜਮੀਨ ਕਿਸ ਨੂੰ ਦਰਸਾਉਂਦੀ ਹੈ ?

ਉਹ ਵਿਅਕਤੀ ਜੋ ਵਚਨ ਸੁਣਦਾ ਵਿਸ਼ਵਾਸ ਕਰਦਾ ਅਤੇ ਫ਼ਲ ਪੈਦਾ ਕਰਦਾ |

# ਯਿਸੂ ਇੱਕ ਹੋਰ ਕਹਾਣੀ ਸਿਖਾਉਂਦਾ ਹੈ

## 34:01

ਯਿਸੂ ਨੇ ਪਰਮੇਸ਼ੁਰ ਦੇ ਰਾਜ ਬਾਰੇ ਹੋਰ ਵੀ ਕਈ ਕਹਾਣੀਆਂ ਦੱਸੀਆਂ |ਉਦਾਹਰਨ ਦੇ ਤੌਰ ਤੇ, “ਪਰਮੇਸ਼ੁਰ ਦਾ ਰਾਜ ਇੱਕ ਰਾਈ ਦੇ ਦਾਣੇ ਜਿਹਾ ਹੈ ਜਿਸ ਨੂੰ ਕਿਸੇ ਨੇ ਆਪਣੇ ਖੇਤ ਵਿੱਚ ਬੀਜਿਆ |ਤੁਸੀਂ ਜਾਣਦੇ ਹੋ ਕਿ ਰਾਈ ਦਾ ਦਾਣਾ ਸਭ ਦਾਣਿਆਂ ਨਾਲੋਂ ਛੋਟਾ ਹੁੰਦਾ ਹੈ |

### ਦੂਸਰੇ ਦਾਣਿਆਂ ਦੀ ਤੁਲਨਾ ਵਿੱਚ ਰਾਈ ਦਾ ਦਾਣਾ ਕਿਸ ਤਰ੍ਹਾਂ ਹੈ ?

ਇਹ ਸਾਰੇ ਦਾਣਿਆਂ ਨਾਲੋਂ ਛੋਟਾ ਹੈ |

### ਪਰਮੇਸ਼ੁਰ ਹਰ ਇੱਕ ਘੁੰਮਡ ਕਰਨ ਵਾਲੇ ਨਾਲ ਕੀ ਕਰੇਗਾ ?

ਉਹ ਉਹਨਾਂ ਨੂੰ ਨੀਵਿਆਂ ਕਰੇਗਾ |

---

## 34:02

“ਪਰ ਜਦੋਂ ਰਾਈ ਦਾ ਦਾਣਾ ਉੱਗਦਾ ਹੈ ਇਹ ਖੇਤ ਦੇ ਸਾਰੇ ਪੌਦਿਆਂ ਨਾਲੋਂ ਵੱਡਾ ਪੌਦਾ ਬਣ ਜਾਂਦਾ ਹੈ, ਇੰਨਾ ਵੱਡਾ ਕਿ ਇਸ ਦੀਆਂ ਟਾਹਣੀਆ ਤੇ ਪੰਛੀ ਆਪਣੇ ਆਹਲਣੇ ਬਣਾਉਦੇ ਹਨ |

### ਰਾਈ ਦੇ ਦਾਣੇ ਨਾਲ ਕੀ ਹੁੰਦਾ ਹੈ ਜਦੋਂ ਇਹ ਉੱਗਦਾ ਹੈ ?

ਇਹ ਬਗੀਚੇ ਦੇ ਬਾਕੀ ਪੌਦਿਆਂ ਨਾਲੋਂ ਵੱਡਾ ਹੋ ਜਾਂਦਾ ਹੈ |

---

## 34:03

ਯਿਸੂ ਨੇ ਇੱਕ ਹੋਰ ਕਹਾਣੀ ਦੱਸੀ, “ਪਰਮੇਸ਼ੁਰ ਦਾ ਰਾਜ ਖ਼ਮੀਰ ਦੀ ਤਰ੍ਹਾਂ ਹੈ ਜਿਸ ਨੂੰ ਇੱਕ ਔਰਤ ਆਟੇ ਦੀ ਤੌਣ ਵਿੱਚ ਮਿਲਾਉਂਦੀ ਹੈ ਜੋ ਸਾਰੀ ਤੌਣ ਨੂੰ ਖ਼ਮੀਰਾ ਕਰ ਦਿੰਦਾ ਹੈ |”

### ਕੀ ਹੁੰਦਾ ਹੈ ਜਦੋਂ ਖ਼ਮੀਰ ਆਟੇ ਦੀ ਤੌਣ ਵਿੱਚ ਮਿਲਾ ਦਿੱਤਾ ਜਾਂਦਾ ਹੈ ?

ਇਹ ਸਾਰੀ ਤੌਣ ਨੂੰ ਖ਼ਮੀਰਾ ਕਰ ਦਿੰਦਾ ਹੈ |

---

## 34:04

"ਪਰਮੇਸ਼ੁਰ ਦਾ ਰਾਜ ਇੱਕ ਖਜ਼ਾਨੇ ਦੀ ਤਰ੍ਹਾਂ ਵੀ ਹੈ ਜਿਸ ਨੂੰ ਕਿਸੇ ਨੇ ਆਪਣੇ ਖੇਤ ਵਿੱਚ ਦੱਬਿਆ |ਕਿਸੇ ਦੂਸਰੇ ਵਿਅਕਤੀ ਨੇ ਉਸ ਖਜ਼ਾਨੇ ਨੂੰ ਲੱਭ ਲਿਆ ਅਤੇ ਦੁਬਾਰਾ ਫੇਰ ਦੱਬ ਦਿੱਤਾ |ਉਹ ਬਹੁਤ ਹੀ ਖੁਸ਼ੀ ਨਾਲ ਭਰ ਗਿਆ ਕਿ ਉਹ ਗਿਆ ਅਤੇ ਉਸ ਨੇ ਆਪਣਾ ਸਭ ਕੁੱਝ ਵੇਚ ਦਿੱਤਾ ਕਿ ਉਸ ਪੈਸੇ ਨਾਲ ਉਸ ਖੇਤ ਨੂੰ ਖਰੀਦ ਲਵੇ |"

### ਖੇਤ ਵਿੱਚ ਛੁਪਾਏ ਧੰਨ ਨੂੰ ਲੱਭਣ ਤੋਂ ਬਾਅਦ ਉਸ ਆਦਮੀ ਨੇ ਕੀ ਕੀਤਾ ?

ਉਸ ਨੇ ਆਪਣਾ ਸਭ ਕੁੱਝ ਵੇਚ ਦਿੱਤਾ ਅਤੇ ਉਸ ਪੈਸੇ ਨਾਲ ਉਸ ਖੇਤ ਨੂੰ ਖਰੀਦਿਆ|

---

## 34:05

"ਪਰਮੇਸ਼ੁਰ ਦਾ ਰਾਜ ਉਸ ਸ਼ੁੱਧ ਮੋਤੀ ਵਰਗਾ ਹੈ ਜੋ ਬਹੁਤ ਕੀਮਤੀ ਹੈ |ਜਦੋਂ ਮੋਤੀ ਦੇ ਵਪਾਰੀ ਨੂੰ ਇਸ ਬਾਰੇ ਪਤਾ ਲੱਗਾ, ਉਸਨੇ ਆਪਣਾ ਸਭ ਕੁੱਝ ਵੇਚ ਦਿੱਤਾ ਕਿ ਉਸ ਪੈਸੇ ਨਾਲ ਇਸ ਮੋਤੀ ਨੂੰ ਖਰੀਦ ਲਵੇ |"

### ਜਦੋਂ ਇੱਕ ਹੀਰੇ ਦੇ ਵਪਾਰੀ ਨੂੰ ਇੱਕ ਬਹੁਮੁੱਲਾ ਹੀਰਾ ਮਿਲਦਾ ਹੈ ਤਾਂ ਉਹ ਕੀ ਕਰਦਾ ਹੈ ?

ਉਹ ਆਪਣੇ ਸਭ ਕੁੱਝ ਵੇਚ ਦਿੰਦਾ ਹੈ ਉਸ ਪੈਸੇ ਨਾਲ ਉਸ ਨੂੰ ਖਰੀਦਦਾ ਹੈ |

---

## 34:06

ਤਦ ਯਿਸੂ ਨੇ ਉਹਨਾਂ ਕੁੱਝ ਲੋਕਾਂ ਨੂੰ ਇੱਕ ਕਹਾਣੀ ਦੱਸੀ ਜੋ ਆਪਣੇ ਕੰਮਾਂ ਵਿੱਚ ਵਿਸ਼ਵਾਸ ਕਰਦੇ ਸਨ ਅਤੇ ਦੂਸਰਿਆਂ ਨੂੰ ਨੀਵਾਂ ਸਮਝਦੇ ਸਨ |ਉਸ ਨੇ ਕਿਹਾ, "ਦੋ ਵਿਅਕਤੀ ਮੰਦਰ ਵਿੱਚ ਪ੍ਰਾਰਥਨਾ ਕਰਨ ਲਈ ਗਏ |ਉਹਨਾਂ ਵਿੱਚੋਂ ਇੱਕ ਮਸੂਲੀਆ ਅਤੇ ਦੂਸਰਾ ਧਰਮ ਦਾ ਆਗੂ ਸੀ |"

### ਕਿਸ ਨੂੰ ਯਿਸੂ ਨੇ ਦੋ ਪ੍ਰਾਰਥਨਾ ਕਰਨ ਵਾਲਿਆਂ ਮਨੁੱਖਾਂ ਦੀ ਕਹਾਣੀ ਦੱਸੀ ?

ਉਹ ਲੋਕ ਜੋ ਆਪਣੇ ਚੰਗੇ ਕਰਮਾਂ ਵਿੱਚ ਵਿਸ਼ਵਾਸ ਕਰਦੇ ਸਨ ਅਤੇ ਦੂਸਰਿਆਂ ਨੂੰ ਤ੍ਰਿਸਕਾਰਦੇ ਸਨ |

---

## 34:07

"ਧਰਮ ਦੇ ਆਗੂ ਨੇ ਪ੍ਰਾਰਥਨਾ ਇਸ ਪ੍ਰਕਾਰ ਕੀਤੀ, "ਪਰਮੇਸ਼ੁਰ ਤੇਰਾ ਧੰਨਵਾਦ, ਕਿ ਮੈਂ ਪਾਪੀ ਨਹੀਂ ਹਾਂ ਉਹਨਾਂ ਦੂਸਰੇ ਮਨੁੱਖਾਂ ਵਾਂਗੂ – ਜਿਵੇਂ ਕਿ ਧੋਖਾ ਦੇਣ ਵਾਲੇ, ਅਧਰਮੀ, ਜ਼ਨਾਹਕਾਰ, ਇੱਥੋਂ ਤੱਕ ਕੇ ਮਸੂਲ ਲੈਣ ਵਾਲੇ ਵਰਗਾ ਨਹੀਂ ਹਾਂ |"

### ਧਾਰਮਿਕ ਆਗੂ ਨੇ ਪਰਮੇਸ਼ੁਰ ਦਾ ਧੰਨਵਾਦ ਕਿਉਂ ਕੀਤਾ ?

ਉਸ ਨੇ ਪਰਮੇਸ਼ੁਰ ਦਾ ਧੰਨਵਾਦ ਕੀਤਾ ਕਿ ਉਹ ਦੂਸਰੇ ਮਨੁੱਖ ਦੀ ਤਰ੍ਹਾਂ ਪਾਪੀ ਨਹੀਂ ਸੀ |

---

## 34:08

“ਉਦਾਹਰਨ ਦੇ ਤੌਰ ਤੇ, ਮੈਂ ਹਰ ਹਫਤੇ ਦੋ ਵਾਰ ਵਰਤ ਰੱਖਦਾ ਹਾਂ, ਅਤੇ ਆਪਣੇ ਸਾਰੇ ਪੈਸੇ ਅਤੇ ਮਾਲ ਦਾ ਦਸਵਾਂ ਹਿੱਸਾ ਵੀ ਦਿੰਦਾ ਹਾਂ |”

### ਧਾਰਮਿਕ ਆਗੂ ਇਹ ਕਿਉ ਸਮਝਦਾ ਸੀ ਕਿ ਉਹ ਧਰਮੀ ਹੈ ?

ਉਹ ਹਰ ਹਫ਼ਤੇ ਦੋ ਵਾਰ ਵਰਤ ਰੱਖਦਾ ਸੀ ਅਤੇ ਆਪਣੇ ਸਾਰੇ ਪੈਸੇ ਅਤੇ ਸਭ ਵਸਤਾਂ ਦਾ ਦਸਵੰਧ ਦਿੰਦਾ ਸੀ |

---

## 34:09

“ਪਰ ਮਸੂਲ ਲੈਣ ਵਾਲਾ ਉਸ ਧਰਮ ਦੇ ਆਗੂ ਤੋਂ ਦੂਰ ਖੜ੍ਹਾ ਸੀ ਅਤੇ ਉਸਨੇ ਸਵਰਗ ਵੱਲ ਵੀ ਨਾ ਦੇਖਿਆ |ਇਸ ਦੀ ਬਜਾਇ, ਉਸਨੇ ਆਪਣੀਆਂ ਮੁੱਕੀਆਂ ਨਾਲ ਆਪਣੀ ਛਾਤੀ ਪਿੱਟੀ ਅਤੇ ਪ੍ਰਾਰਥਨਾ ਕੀਤੀ, “ਪਰਮੇਸ਼ੁਰ , ਕਿਰਪਾ ਕਰਕੇ, ਮੇਰੇ ਉੱਤੇ ਦਯਾ ਕਰ ਅਤੇ ਮੈਨੂ ਮਾਫ਼ ਕਰ ਕਿਉਂਕਿ ਮੈਂ ਪਾਪੀ ਹਾਂ |”

### ਮਸੂਲ ਲੈਣ ਵਾਲੇ ਨੇ ਪਰਮੇਸ਼ੁਰ ਕੋਲੋਂ ਕੀ ਬੇਨਤੀ ਕੀਤੀ ?

ਉਸ ਨੇ ਪਰਮੇਸ਼ੁਰ ਨੂੰ ਕਿਹਾ ਕਿ ਉਹ ਉਸ ਉੱਤੇ ਦਯਾ ਕਰੇ ਕਿਉਂਕਿ ਉਹ ਪਾਪੀ ਸੀ |

---

## 34:10

ਤਦ ਯਿਸੂ ਨੇ ਕਿਹਾ, “ਮੈਂ ਤੁਹਾਨੂੰ ਸੱਚ ਆਖਦਾ ਹਾਂ, ਪਰਮੇਸ਼ੁਰ ਨੇ ਮਸੂਲੀਏ ਦੀ ਪ੍ਰਾਰਥਨਾਂ ਸੁਣੀ ਅਤੇ ਉਸ ਨੂੰ ਧਰਮੀ ਘੋਸ਼ਿਤ ਕੀਤਾ |ਪਰ ਉਸ ਨੇ ਧਰਮ ਦੇ ਆਗੂ ਦੀ ਪ੍ਰਾਰਥਨਾ ਨੂੰ ਪਸੰਦ ਨਾ ਕੀਤਾ |ਪਰਮੇਸ਼ੁਰ ਹਰ ਘੁਮੰਡੀ ਨੂੰ ਨੀਵਿਆਂ ਕਰੇਗਾ ਅਤੇ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਉਸ ਨੂੰ ਉੱਚਾ ਕਰੇਗਾ |”

### ਕਿਸ ਵਿਅਕਤੀ ਨੂੰ ਪਰਮੇਸ਼ੁਰ ਨੇ ਧਰਮੀ ਘੋਸ਼ਿਤ ਕੀਤਾ ?

ਮਸੂਲ ਲੈਣ ਵਾਲੇ ਨੂੰ |

### ਪਰਮੇਸ਼ੁਰ ਉਹਨਾਂ ਸਾਰੀਆਂ ਨਾਲ ਜੋ ਨੀਵੇਂ ਜਾਂ ਦੀਨ ਹਨ ਕੀ ਕਰੇਗਾ ?

ਉਹ ਉਹਨਾਂ ਨੂੰ ਉੱਚਿਆਂ ਕਰੇਗਾ |

# ਦਯਾਵਾਨ ਪਿਤਾ ਦੀ ਕਹਾਣੀ

## 35:01

ਇੱਕ ਦਿਨ ਯਿਸੂ ਬਹੁਤ ਸਾਰੇ ਮਸੂਲੀਆਂ ਅਤੇ ਦੂਸਰੇ ਪਾਪੀਆਂ ਨੂੰ ਸਿਖਾ ਰਿਹਾ ਸੀ ਜੋ ਉਸ ਕੋਲੋਂ ਸੁਣਨ ਨੂੰ ਆਏ ਹੋਏ ਸਨ |

---

## 35:02

ਕੁੱਝ ਧਰਮ ਦੇ ਆਗੂ ਵੀ ਜੋ ਉੱਥੇ ਸਨ ਉਹਨਾਂ ਨੇ ਯਿਸੂ ਨੂੰ ਪਾਪੀਆਂ ਨਾਲ ਮਿੱਤਰਾਂ ਦੀ ਤਰ੍ਹਾਂ ਮਿਲਦੇ ਦੇਖਿਆ ਅਤੇ ਇੱਕ ਦੂਸਰੇ ਨਾਲ ਉਸ ਦੀ ਨਿੰਦਾ ਕਰਨ ਲੱਗੇ |ਇਸ ਲਈ ਯਿਸੂ ਨੇ ਉਹਨਾਂ ਨੂੰ ਇੱਕ ਕਹਾਣੀ ਦੱਸੀ |

### ਕਿਉਂ ਧਾਰਮਿਕ ਆਗੂ ਯਿਸੂ ਦੀ ਅਲੋਚਨਾ ਕਰਦੇ ਸਨ ?

ਕਿਉਂਕਿ ਯਿਸੂ ਮਸੂਲ ਲੈਣ ਵਾਲਿਆਂ ਅਤੇ ਪਾਪੀਆਂ ਨਾਲ ਆਪਣੇ ਮਿੱਤਰਾਂ ਜਿਹਾ ਵਿਵਹਾਰ ਕਰਦਾ ਸੀ |

---

## 35:03

" ਇੱਕ ਮਨੁੱਖ ਦੇ ਦੋ ਪੁੱਤਰ ਸਨ |ਛੋਟੇ ਲੜਕੇ ਨੇ ਆਪਣੇ ਪਿਤਾ ਨੂੰ ਕਿਹਾ, "ਪਿਤਾ, ਮੈਂ ਹੁਣੇ ਹੀ ਆਪਣਾ ਹਿੱਸਾ ਚਾਹੁੰਦਾ ਹਾਂ !"ਇਸ ਲਈ ਪਿਤਾ ਨੇ ਆਪਣੀ ਜਾਇਦਾਦ ਦੋਨਾਂ ਪੁੱਤਰਾਂ ਵਿਚਕਾਰ ਵੰਡ ਦਿੱਤੀ |"

### ਛੋਟੇ ਪੁੱਤਰ ਨੇ ਆਪਣੇ ਬਾਪ ਕੋਲੋਂ ਕਿਸ ਗੱਲ ਦੀ ਮੰਗ ਕੀਤੀ ?

ਉਹ ਆਪਣੀ ਹਿੱਸਾ ਉਸੇ ਘੜੀ ਚਾਹੁੰਦਾ ਸੀ |

---

## 35:04

"ਛੇਤੀ ਹੀ ਛੋਟੇ ਪੁੱਤਰ ਨੇ ਆਪਣਾ ਸਭ ਕੁੱਝ ਇਕੱਠਾ ਕੀਤਾ ਅਤੇ ਦੂਰ ਚਲਾ ਗਿਆ ਅਤੇ ਪਾਪ ਦੇ ਜੀਵਨ ਵਿੱਚ ਆਪਣਾ ਸਾਰਾ ਪੈਸਾ ਖ਼ਤਮ ਕਰ ਦਿੱਤਾ |"

### ਛੋਟੇ ਪੁੱਤਰ ਨੇ ਆਪਣੇ ਹਿੱਸੇ ਨਾਲ ਕੀ ਕੀਤਾ ?

ਉਸ ਨੇ ਬੁਰੇ ਕੰਮਾਂ ਵਿੱਚ ਖ਼ਰਚ ਕਰ ਦਿੱਤਾ |

---

## 35:05

“ਉਸ ਤੋਂ ਬਾਅਦ, ਜਿੱਥੇ ਛੋਟਾ ਲੜਕਾ ਰਹਿੰਦਾ ਸੀ ਉੱਥੇ ਬਹੁਤ ਅਕਾਲ ਪੈ ਗਿਆ, ਅਤੇ ਉਸ ਕੋਲ ਭੋਜਨ ਖ਼ਰੀਦਣ ਲਈ ਪੈਸਾ ਨਹੀਂ ਸੀ |ਸਿਰਫ਼ ਸੂਰਾਂ ਨੂੰ ਚਰਾਉਣ ਵਾਲੀ ਨੌਕਰੀ ਹੀ ਉਸ ਨੂੰ ਮਿਲੀ ਅਤੇ ਉਹ ਕਰਨ ਲੱਗਾ |ਉਸ ਦੀ ਹਾਲਤ ਬਹੁਤ ਖ਼ਰਾਬ ਹੋਈ ਅਤੇ ਉਹ ਬਹੁਤ ਭੁੱਖਾ ਹੋਇਆ ਕਿ ਉਹ ਸੂਰਾਂ ਦਾ ਚਾਰਾ ਖਾਣ ਲਈ ਮਜ਼ਬੂਰ ਹੋਇਆ |”

### ਉਸ ਦੇਸ਼ ਵਿੱਚ ਕੀ ਹੋਇਆ ਜਿੱਥੇ ਛੋਟਾ ਪੁੱਤਰ ਰਹਿਣ ਲਈ ਗਿਆ ?

ਉੱਥੇ ਬਹੁਤ ਗੰਭੀਰ ਅਕਾਲ ਪਿਆ |

### ਅਕਾਲ ਦੇ ਸਮੇਂ ਛੋਟੇ ਪੁੱਤਰ ਨੇ ਜੀਉਂਦੇ ਰਹਿਣ ਲਈ ਕੀ ਕੀਤਾ ?

ਉਸ ਨੇ ਸੂਰਾਂ ਨੂੰ ਚਰਾਉਣ ਦੀ ਨੌਕਰੀ ਕੀਤੀ |

---

## 35:06

“ਆਖ਼ਿਰਕਾਰ, ਛੋਟੇ ਲੜਕੇ ਨੇ ਆਪਣੇ ਆਪ ਨੂੰ ਕਿਹਾ, “ਮੈਂ ਕੀ ਕਰ ਰਿਹਾ ਹਾਂ ?ਮੇਰੇ ਪਿਤਾ ਦੇ ਸਾਰੇ ਨੌਕਰਾਂ ਕੋਲ ਖਾਣ ਲਈ ਵਾਫਰ ਹੈ, ਅਤੇ ਮੈਂ ਇੱਥੇ ਭੁੱਖਾ ਮਰ ਰਿਹਾ ਹਾਂ |ਮੈਂ ਆਪਣੇ ਪਿਤਾ ਕੋਲ ਵਾਪਸ ਜਾਵਾਂਗਾ ਅਤੇ ਉਸਦਾ ਇੱਕ ਨੌਕਰ ਬਣਨ ਲਈ ਬੇਨਤੀ ਕਰਾਂਗਾ |”

### ਕਿਉਂ ਛੋਟੇ ਪੁੱਤਰ ਨੇ ਘਰ ਵਾਪਿਸ ਆਉਣ ਲਈ ਫੈਸਲਾ ਕੀਤਾ ?

ਉਸ ਨੂੰ ਸਮਝ ਆ ਗਿਆ ਕਿ ਉਸ ਦੇ ਪਿਤਾ ਦੇ ਨੌਕਰ ਉਸ ਨਾਲੋਂ ਵਧੀਆ ਜੀਵਨ ਜੀਉਂਦੇ ਹਨ ਅਤੇ ਉਹਨਾਂ ਕੋਲ ਖਾਣ ਲਈ ਕਾਫ਼ੀ ਸੀ |

### ਛੋਟਾ ਪੁੱਤਰ ਆਪਣੇ ਪਿਤਾ ਕੋਲੋਂ ਕੀ ਮੰਗ ਕਰਨ ਦੀ ਯੋਜਨਾ ਬਣਾ ਰਿਹਾ ਸੀ ?

ਉਹ ਆਪਣੇ ਪਿਤਾ ਕੋਲੋਂ ਇਹ ਮੰਗਣ ਜਾ ਰਿਹਾ ਸੀ ਕਿ ਉਹ ਉਸ ਨੂੰ ਆਪਣੇ ਇੱਕ ਨੌਕਰ ਦੀ ਤਰ੍ਹਾਂ ਰੱਖ ਲਵੇ |

---

## 35:07

“ਇਸ ਲਈ ਛੋਟਾ ਲੜਕਾ ਆਪਣੇ ਪਿਤਾ ਦੇ ਘਰ ਵੱਲ ਵਾਪਸ ਚੱਲ ਪਿਆ |ਜਦੋਂ ਉਹ ਅਜੇ ਦੂਰ ਹੀ ਸੀ ਉਸ ਦੇ ਪਿਤਾ ਨੇ ਉਸ ਨੂੰ ਦੇਖ ਲਿਆ ਅਤੇ ਦਯਾ ਨਾਲ ਭਰ ਗਿਆ |ਉਹ ਦੌੜ ਕੇ ਆਪਣੇ ਪੁੱਤਰ ਕੋਲ ਗਿਆ, ਉਸ ਨੂੰ ਜ਼ੱਫੀ ਪਾਈ ਅਤੇ ਉਸ ਨੂੰ ਚੁੰਮਿਆ |”

### ਪਿਤਾ ਨੇ ਕੀ ਕੀਤਾ ਜਦੋਂ ਉਸਨੇ ਛੋਟੇ ਪੁੱਤਰ ਨੂੰ ਆਉਂਦਿਆਂ ਦੇਖਿਆ?

ਉਹ ਉਸ ਵੱਲ ਭੱਜ ਕੇ ਗਿਆ ਉਸ ਨੂੰ ਜੱਫੀ ਪਾਈ ਅਤੇ ਚੁੰਮਿਆ |

---

## 35:08

“ਪੁੱਤਰ ਨੇ ਉਸ ਨੂੰ ਕਿਹਾ, ਪਿਤਾ, ਮੈਂ ਤੇਰੇ ਅਤੇ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ ਹੈ |ਮੈਂ ਤੇਰਾ ਪੁੱਤਰ ਕਹਾਉਣ ਦੇ ਯੋਗ ਨਹੀਂ ਹਾਂ |”

### ਜਦੋਂ ਉਹ ਮਿਲੇ ਤਾਂ ਛੋਟੇ ਪੁੱਤਰ ਨੇ ਆਪਣੇ ਪਿਤਾ ਨੂੰ ਕੀ ਕਿਹਾ ?

“ਪਿਤਾ, ਮੈਂ ਤੇਰੇ ਵਿਰੁੱਧ ਅਤੇ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ ਹੈ|ਮੈਂ ਤੇਰਾ ਪੁੱਤਰ ਹੋਣ ਦੇ ਯੋਗ ਨਹੀਂ ਹਾਂ |”

---

## 35:09

“ਪਰ ਉਸ ਦੇ ਪਿਤਾ ਨੇ ਆਪਣੇ ਇੱਕ ਨੌਕਰ ਨੂੰ ਕਿਹਾ, ‘ਛੇਤੀ ਨਾਲ ਜਾਹ ਅਤੇ ਸਭ ਤੋਂ ਵੱਧੀਆ ਕੱਪੜੇ ਲਿਆ ਅਤੇ ਮੇਰੇ ਪੁੱਤਰ ਨੂੰ ਪਹਿਨਾ ਦੇ !ਉਸ ਦੀ ਉਂਗਲੀ ਵਿੱਚ ਮੁੰਦਰੀ ਅਤੇ ਪੈਰਾਂ ਵਿੱਚ ਜੁੱਤੀ ਪਾ |ਤਦ ਵੱਧੀਆ ਵੱਛਾ ਕੱਟ ਤਾਂ ਕਿ ਅਸੀਂ ਜਸ਼ਨ ਮਨਾਈਏ ਕਿਉਂਕਿ ਮੇਰਾ ਪੁੱਤਰ ਜੋ ਮਰ ਗਿਆ ਸੀ ਹੁਣ ਜੀਉਂਦਾ ਹੈ |ਉਹ ਗੁਆਚ ਗਿਆ ਸੀ ਪਰ ਹੁਣ ਲੱਭ ਗਿਆ ਹੈ |”

### ਪਿਤਾ ਨੇ ਕਿਸ ਤਰ੍ਹਾਂ ਛੋਟੇ ਪੁੱਤਰ ਦੇ ਅੰਗੀਕਾਰ ਪ੍ਰਤੀ ਪ੍ਰਤੀਕਿਰਿਆ ਦਿਖਾਈ ?

ਉਸ ਨੇ ਉਸ ਨੂੰ ਬਸਤਰ, ਇੱਕ ਮੁੰਦਰੀ, ਅਤੇ ਜੁੱਤੀ ਪਹਿਨਾਈ ਅਤੇ ਉਸ ਦੀ ਵਾਪਸੀ ਲਈ ਜਸ਼ਨ ਮਨਾਇਆ |

---

## 35:10

“ਇਸ ਲਈ ਲੋਕ ਜਸ਼ਨ ਮਨਾਉਣ ਲੱਗੇ |ਜਲਦੀ ਹੀ ਵੱਡਾ ਪੁੱਤਰ ਵੀ ਖੇਤਾਂ ਵਿੱਚੋਂ ਕੰਮ ਕਰਕੇ ਘਰ ਵਾਪਸ ਆਇਆ |ਉਸ ਨੇ ਸੰਗੀਤ ਅਤੇ ਨੱਚਣਾ ਸੁਣਿਆ ਅਤੇ ਹੈਰਾਨ ਹੋਇਆ ਕਿ ਇਹ ਕਿ ਹੋ ਰਿਹਾ ਹੈ !”

---

## 35:11

“ਜਦੋਂ ਵੱਡੇ ਪੁੱਤਰ ਨੂੰ ਪਤਾ ਲੱਗਾ ਕਿ ਇਹ ਉਸਦੇ ਛੋਟੇ ਭਰਾ ਦੇ ਘਰ ਵਾਪਸ ਆਉਣ ਲਈ ਜਸ਼ਨ ਮਨਾ ਰਹੇ ਹਨ ਉਹ ਬਹੁਤ ਗੁੱਸੇ ਹੋਇਆ ਅਤੇ ਘਰ ਦੇ ਅੰਦਰ ਨਹੀਂ ਜਾਣਾ ਚਹੁੰਦਾ ਸੀ |ਉਸ ਦਾ ਪਿਤਾ ਬਾਹਰ ਆਇਆ ਅਤੇ ਉਸ ਅੱਗੇ ਬੇਨਤੀ ਕਰਨ ਲੱਗਾ ਕਿ ਉਹ ਅੰਦਰ ਆਵੇ ਅਤੇ ਉਹਨਾਂ ਨਾਲ ਜਸ਼ਨ ਮਨਾਵੇ ਪਰ ਉਸ ਨੇ ਇਨਕਾਰ ਕਰ ਦਿੱਤਾ |”

### ਵੱਡੇ ਮੁੰਡੇ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ਜਦੋਂ ਉਸ ਨੂੰ ਪਤਾ ਲੱਗਾ ਕੀ ਉਸ ਦਾ ਭਰਾ ਘਰ ਆ ਗਿਆ ਹੈ ?

ਉਹ ਬਹੁਤ ਗੁੱਸੇ ਹੋਇਆ ਅਤੇ ਘਰ ਦੇ ਅੰਦਰ ਜਾਣ ਤੋਂ ਇਨਕਾਰ ਕੀਤਾ |

---

## 35:12

“ਵੱਡੇ ਪੁੱਤਰ ਨੇ ਆਪਣੇ ਪਿਤਾ ਨੂੰ ਕਿਹਾ, ‘ਇਹਨਾ ਸਾਰੇ ਸਾਲਾਂ ਵਿੱਚ ਮੈਂ ਤੁਹਾਡੇ ਲਈ ਵਫਾਦਾਰੀ ਨਾਲ ਕੰਮ ਕੀਤਾ !ਮੈਂ ਕਦੀ ਵੀ ਕਹਿਣਾ ਨਹੀਂ ਮੋੜਿਆ, ਪਰ ਤਾਂ ਵੀ ਤੁਸੀਂ ਕਦੀ ਮੈਨੂੰ ਇੱਕ ਛੋਟੀ ਬੱਕਰੀ ਨਹੀਂ ਦਿੱਤੀ ਕਿ ਮੈਂ ਆਪਣੇ ਮਿੱਤਰਾਂ ਨਾਲ ਜਸ਼ਨ ਮਨਾਵਾਂ |ਪਰ ਜੱਦ ਇਹ ਤੁਹਾਡਾ ਪੁੱਤਰ ਜੋ ਸਾਰਾ ਪੈਸਾ ਆਪਣੇ ਪਾਪ ਦੇ ਜੀਵਨ ਵਿੱਚ ਖ਼ਤਮ ਕਰਕੇ ਘਰ ਆਇਆ ਤਾਂ ਤੁਸੀਂ ਉਸ ਲਈ ਸਭ ਤੋਂ ਵੱਧੀਆ ਵੱਛਾ ਵੱਡਿਆ !”

### ਵੱਡੇ ਲੜਕੇ ਦੀ ਆਪਣੇ ਪਿਤਾ ਪ੍ਰਤੀ ਕੀ ਸ਼ਿਕਾਇਤ ਸੀ ?

ਮੈਂ ਤੇਰੇ ਲਈ ਵਫਾਦਾਰੀ ਨਾਲ ਕੰਮ ਕੀਤਾ ਅਤੇ ਤੂੰ ਮੈਨੂੰ ਜਸ਼ਨ ਮਨਾਉਣ ਲਈ ਇੱਕ ਛੋਟੀ ਜਿਹੀ ਬੱਕਰੀ ਵੀ ਨਾ ਦਿੱਤੀ ਪਰ ਉਹ ਪੁੱਤਰ ਜਿਸ ਨੇ ਤੇਰੀ ਸਾਰੀ ਪੂੰਜੀ ਖ਼ਤਮ ਕਰ ਦਿੱਤੀ ਉਸ ਲਈ ਵਧੀਆ ਵੱਛਾ ਕੱਟਿਆ |

---

## 35:13

ਪਿਤਾ ਨੇ ਉੱਤਰ ਦਿੱਤਾ, “ਮੇਰੇ ਬੇਟੇ, ਤੂੰ ਹਮੇਸ਼ਾਂ ਮੇਰੇ ਨਾਲ ਰਿਹਾ ਹੈਂ ਅਤੇ ਜੋ ਕੁੱਝ ਮੇਰਾ ਹੈ ਉਹ ਤੇਰਾ ਹੈ |ਪਰ ਸਾਡੇ ਲਈ ਇਹ ਠੀਕ ਹੈ ਕਿ ਅਸੀਂ ਜਸ਼ਨ ਮਨਾਈਏ ਕਿਉਂਕਿ ਤੇਰਾ ਭਰਾ ਮਰ ਗਿਆ ਸੀ ਪਰ ਹੁਣ ਉਹ ਜੀਉਂਦਾ ਹੈ |ਉਹ ਗੁਆਚ ਗਿਆ ਸੀ ਪਰ ਹੁਣ ਲੱਭ ਗਿਆ ਹੈ !”

### ਹੁਣ ਪਿਤਾ ਦੀ ਕਿੰਨੀ ਜਾਇਦਾਦ ਵੱਡੇ ਲੜਕੇ ਲਈ ਸੀ ?

ਜੋ ਕੁੱਝ ਵੀ ਪਿਤਾ ਦਾ ਸੀ |

### ਪਿਤਾ ਨੇ ਆਪਣੇ ਛੋਟੇ ਪੁੱਤਰ ਦੇ ਵਾਪਸ ਆਉਣ ਤੇ ਜਸ਼ਨ ਲਈ ਕੀ ਕਾਰਨ ਦੱਸਿਆ ?

ਉਸ ਦਾ ਪੁੱਤਰ ਮਰ ਗਿਆ ਸੀ ਪਰ ਹੁਣ ਜੀਵਿਤ ਹੈ|ਉਹ ਗੁਆਚ ਗਿਆ ਸੀ ਪਰ ਹੁਣ ਲੱਭ ਗਿਆ ਹੈ |

# ਰੂਪਾਂਤਰਣ

## 36:01

ਇੱਕ ਦਿਨ ਯਿਸੂ ਨੇ ਆਪਣੇ ਚੇਲੇ ਪਤਰਸ , ਯਾਕੂਬ ਅਤੇ ਯੂਹੰਨਾ ਨੂੰ ਨਾਲ ਲਿਆ |(ਚੇਲਾ, ਯੂਹੰਨਾ ਉਹ ਨਹੀਂ ਸੀ ਜਿਸ ਨੇ ਯਿਸੂ ਨੂੰ ਬਪਤਿਸਮਾ ਦਿੱਤਾ ਸੀ )ਉਹ ਇੱਕ ਉੱਚੇ ਪਹਾੜ ਉੱਤੇ ਪ੍ਰਾਰਥਨਾ ਕਰਨ ਲਈ ਗਏ |

### ਕਿਹਨਾਂ ਨੂੰ ਯਿਸੂ ਪਹਾੜ ਉੱਤੇ ਨਾਲ ਲੈ ਕੇ ਗਿਆ ?

ਆਪਣੇ ਤਿੰਨ ਚੇਲਿਆ ਨੂੰ ਪਤਰਸ, ਯਾਕੂਬ ਅਤੇ ਯੂਹੰਨਾ |

---

## 36:02

ਜਦੋਂ ਯਿਸੂ ਪ੍ਰਾਰਥਨਾ ਕਰ ਰਿਹਾ ਸੀ ਉਸ ਦਾ ਚਿਹਰਾ ਸੂਰਜ ਵਾਂਗਰ ਚਮਕਣ ਲੱਗ ਪਿਆ ਅਤੇ ਉਸਦੇ ਬਸਤਰ ਰੋਸ਼ਨੀ ਵਾਂਗਰ ਸਫ਼ੇਦ ਹੋ ਗਏ, ਅਤੇ ਉਹ ਇੰਨੇ ਚਿੱਟੇ ਸਨ ਕਿ ਦੁਨੀਆਂ ਦਾ ਕੋਈ ਵੀ ਧੋਬੀ ਕੱਪੜਿਆਂ ਨੂੰ ਅਜਿਹੇ ਚਿੱਟੇ ਕਰਨ ਯੋਗ ਨਹੀਂ ਹੈ |

### ਜਦੋਂ ਉਹ ਪ੍ਰਾਰਥਨਾ ਕਰਦਾ ਸੀ ਤਾਂ ਯਿਸੂ ਨਾਲ ਕੀ ਹੋਇਆ ?

ਉਸ ਦਾ ਚਿਹਰਾ ਸੂਰਜ ਦੀ ਰੌਸ਼ਨੀ ਦੀ ਤਰ੍ਹਾਂ ਚਮਕਣ ਲੱਗ ਗਿਆ ਅਤੇ ਉਸ ਦੇ ਕੱਪੜੇ ਰੋਸ਼ਨੀ ਵਾਂਙੂ ਸਫੇਦ ਹੋ ਗਏ |

---

## 36:03

ਮੂਸਾ ਅਤੇ ਏਲੀਯਾਹ ਨਬੀ ਪ੍ਰਗਟ ਹੋਏ |ਇਹ ਮਨੁੱਖ ਧਰਤੀ ਉੱਤੇ ਕਈ ਸੈਂਕੜੇ ਸਾਲ ਪਹਿਲਾਂ ਰਹਿੰਦੇ ਸਨ |ਉਹਨਾਂ ਨੇ ਯਿਸੂ ਨਾਲ ਉਸਦੀ ਮੌਤ ਬਾਰੇ ਗੱਲਾਂ ਕੀਤੀਆਂ ਜੋ ਜ਼ਲਦੀ ਯਰੂਸ਼ਲਮ ਵਿੱਚ ਹੋਣ ਜਾ ਰਹੀ ਸੀ |

### ਉਹ ਦੋ ਜਣੇ ਕੌਣ ਸਨ ਜੋ ਯਿਸੂ ਨਾਲ ਪ੍ਰਗਟ ਹੋਏ ?

ਮੂਸਾ ਅਤੇ ਨਬੀ ਏਲੀਯਾਹ |

### ਇਹ ਚਮਤਕਾਰੀ ਕਿਉਂ ਸੀ ਕਿ ਮੂਸਾ ਅਤੇ ਏਲੀਯਾਹ ਯਿਸੂ ਨਾਲ ਪ੍ਰਗਟ ਹੋਏ ?

ਉਹ ਇਸ ਤੋਂ ਸੈਕੜੇਂ ਸਾਲ ਪਹਿਲਾ ਜੀਉਂਦੇ ਸਨ |

### ਮੂਸਾ ਅਤੇ ਏਲੀਯਾਹ ਯਿਸੂ ਨਾਲ ਕੀ ਵਿਚਾਰ ਵਟਾਂਦਰਾ ਕਰ ਰਹੇ ਸਨ ?

ਉਹ ਯਿਸੂ ਦੀ ਮੌਤ ਬਾਰੇ ਗੱਲ ਕਰਦੇ ਸਨ |

### ਯਿਸੂ ਦੀ ਮੌਤ ਕਿਸ ਸਥਾਨ ਤੇ ਹੋਣੀ ਸੀ ?

ਯਰੂਸ਼ਲਮ ਵਿੱਚ |

---

## 36:04

ਜਿਵੇਂ ਹੀ ਮੂਸਾ ਅਤੇ ਏਲੀਯਾਹ ਯਿਸੂ ਨਾਲ ਗੱਲਾਂ ਕਰਦੇ ਸਨ ਪਤਰਸ ਨੇ ਯਿਸੂ ਨੂੰ ਕਿਹਾ, "ਸਾਡੇ ਲਈ ਇਹ ਭਲਾ ਹੈ ਕਿ ਅਸੀਂ ਇੱਥੇ ਰਹੀਏ |ਆਓ ਅਸੀਂ ਤਿੰਨ ਵੇਦੀਆਂ ਬਣਾਈਏ, ਇੱਕ ਮੂਸਾ ਲਈ, ਅਤੇ ਇੱਕ ਏਲੀਯਾਹ ਲਈ |"ਪਤਰਸ ਨਹੀਂ ਜਾਣਦਾ ਸੀ ਕਿ ਉਹ ਕੀ ਕਹਿੰਦਾ ਸੀ |

### ਯਿਸੂ, ਮੂਸਾ ਅਤੇ ਏਲੀਯਾਹ ਲਈ ਪਤਰਸ ਨੇ ਕੀ ਕਰਨ ਲਈ ਸਲਾਹ ਦਿੱਤੀ ?

ਉਹ ਤਿੰਨ ਬੇਦੀਆਂ ਬਨਾਉਣੀਆਂ ਚਾਹੁੰਦਾ ਸੀ ਇੱਕ ਯਿਸੂ ਲਈ, ਇੱਕ ਮੂਸਾ ਲਈ ਅਤੇ ਇੱਕ ਏਲੀਯਾਹ ਲਈ |

---

## 36:05

ਜਦੋ ਪਤਰਸ ਅਜੇ ਗੱਲਾਂ ਹੀ ਕਰਦਾ ਸੀ, ਇੱਕ ਚਮਕੀਲਾ ਬੱਦਲ ਹੇਠਾਂ ਆਇਆ ਅਤੇ ਉਹਨਾਂ ਨੂੰ ਘੇਰ ਲਿਆ ਅਤੇ ਉਸ ਬੱਦਲ ਵਿੱਚੋਂ ਇੱਕ ਅਵਾਜ਼ ਇਹ ਕਹਿੰਦੇ ਆਈ, "ਇਹ ਮੇਰਾ ਪੁੱਤਰ ਹੈ ਜਿਸ ਨੂੰ ਮੈਂ ਪਿਆਰ ਕਰਦਾ ਹਾਂ|ਉਸ ਤੋਂ ਬਹੁਤ ਪ੍ਰਸੰਨ ਹਾਂ |ਇਸ ਦੀ ਸੁਣੋ |"ਤਿੰਨੇ ਚੇਲੇ ਡਰ ਗਏ ਅਤੇ ਧਰਤੀ ਉੱਤੇ ਡਿੱਗ ਗਏ |

### ਚਮਕੀਲੇ ਬੱਦਲ ਵਿੱਚੋਂ ਅਵਾਜ਼ ਨੇ ਚੇਲਿਆਂ ਨੂੰ ਕੀ ਆਖਿਆ ?

"ਇਹ ਮੇਰਾ ਪੁੱਤਰ ਹੈ ਜਿਸ ਨੂੰ ਮੈਂ ਪਿਆਰ ਕਰਦਾ ਹਾਂ |ਮੈਂ ਇਸ ਤੋਂ ਪਰਸੰਨ ਹਾਂ |ਇਸ ਦੀ ਸੁਣੋ |"

---

## 36:06

ਤਦ ਯਿਸੂ ਨੇ ਉਹਨਾਂ ਨੂੰ ਛੂਹਿਆ ਅਤੇ ਕਿਹਾ, "ਨਾ ਡਰੋ |ਉੱਠੋ |"ਜਦੋਂ ਉਹਨਾਂ ਨੇ ਚਾਰੇ ਪਾਸੇ ਦੇਖਿਆ ਉੱਥੇ ਸਿਰਫ਼ ਯਿਸੂ ਹੀ ਖੜ੍ਹਾ ਸੀ |

---

## 36:07

ਯਿਸੂ ਅਤੇ ਤਿੰਨ ਚੇਲੇ ਪਹਾੜ ਤੋਂ ਹੇਠਾਂ ਆਏ |ਤਦ ਯਿਸੂ ਨੇ ਉਹਨਾਂ ਨੂੰ ਕਿਹਾ, "ਜੋ ਕੁੱਝ ਇੱਥੇ ਹੋਇਆ ਹੈ ਉਸ ਬਾਰੇ ਕਿਸੇ ਨੂੰ ਕੁੱਝ ਨਹੀਂ ਦੱਸਣਾ |ਮੈ ਜ਼ਲਦੀ ਮਰ ਜਾਵਾਂਗਾ ਅਤੇ ਫਿਰ ਜੀਉਂਦਾ ਹੋ ਜਾਵਾਂਗਾ |ਇਸ ਤੋਂ ਬਾਅਦ ਤੁਸੀਂ ਲੋਕਾਂ ਨੂੰ ਦੱਸ ਸਕਦੇ ਹੋ |"

### ਜੋ ਚੇਲਿਆਂ ਨੇ ਦੇਖਿਆ ਸੀ ਉਸ ਬਾਰੇ ਯਿਸੂ ਨੇ ਉਹਨਾਂ ਨੂੰ ਕੀ ਕਿਹਾ ?

ਉਸ ਨੇ ਉਹਨਾਂ ਨੂੰ ਕਿਹਾ ਕਿ ਜੋ ਕੁੱਝ ਉਸ ਪਹਾੜ ਉੱਤੇ ਹੋਇਆ ਹੈ ਉਸ ਬਾਰੇ ਕਿਸੇ ਨੂੰ ਨਾ ਦੱਸਣਾ ਜਦ ਤੱਕ ਉਹ ਮਰ ਕੇ ਮੁਰਦਿਆਂ ਵਿੱਚੋਂ ਨਾ ਜੀਅ ਉੱਠੇ |

# ਯਿਸੂ ਲਾਜ਼ਰ ਨੂੰ ਜੀਉਂਦਾ ਕਰਦਾ

## 37:01

ਇੱਕ ਦਿਨ ਯਿਸੂ ਨੂੰ ਇੱਕ ਸੰਦੇਸ਼ ਮਿਲਿਆ ਕਿ ਲਾਜ਼ਰ ਬਹੁਤ ਬਿਮਾਰ ਹੈ |ਲਾਜ਼ਰ ਅਤੇ ਉਸਦੀਆਂ ਦੋ ਭੈਣਾਂ, ਮਰਿਯਮ ਅਤੇ ਮਾਰਥਾ ਯਿਸੂ ਦੇ ਨਜ਼ਦੀਕੀ ਮਿੱਤਰ ਸਨ |ਜਦੋਂ ਯਿਸੂ ਨੇ ਇਹ ਸੰਦੇਸ਼ ਸੁਣਿਆ, ਉਸ ਨੇ ਕਿਹਾ, “ਇਹ ਬਿਮਾਰੀ ਮੌਤ ਦਾ ਕਾਰਨ ਨਹੀਂ ਪਰ ਪਰਮੇਸ਼ੁਰ ਦੀ ਮਹਿਮਾ ਦਾ ਕਾਰਨ ਹੋਵੇਗੀ |”ਯਿਸੂ ਆਪਣੇ ਮਿੱਤਰ੍ਹਾਂ ਨੂੰ ਪਿਆਰ ਕਰਦਾ ਸੀ ਪਰ ਜਿੱਥੇ ਉਹ ਰੁੱਕਿਆ ਹੋਇਆ ਸੀ ਉੱਥੇ ਦੋ ਦਿਨ ਹੋਰ ਰੁੱਕ ਗਿਆ |

### ਯਿਸੂ ਨੇ ਲਾਜਰ ਦੀ ਬਿਮਾਰੀ ਦੇ ਆਖ਼ਰੀ ਨਤੀਜੇ ਬਾਰੇ ਕੀ ਕਿਹਾ ?

ਇਹ ਪਰਮੇਸ਼ੁਰ ਦੀ ਮਹਿਮਾ ਲਈ ਹੋਵੇਗਾ |

### ਲਾਜਰ ਦੀ ਬਿਮਾਰੀ ਬਾਰੇ ਸੁਣਨ ਤੋਂ ਬਾਅਦ ਯਿਸੂ ਨੇ ਕੀ ਕੀਤਾ ?

ਉਹ ਜਿੱਥੇ ਸੀ ਉੱਥੇ ਹੀ ਦੋ ਦਿਨ ਹੋਰ ਠਹਿਰਿਆ ਰਿਹਾ |

---

## 37:02

ਦੋ ਦਿਨ ਬਾਅਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, “ਆਓ ਯਹੂਦਿਯਾ ਨੂੰ ਵਾਪਸ ਚੱਲੀਏ|” “ਪਰ ਗੁਰੂ ਜੀ”, ਚੇਲਿਆਂ ਨੇ ਉੱਤਰ ਦਿੱਤਾ, “ਥੋੜਾ ਸਮਾਂ ਪਹਿਲਾਂ ਉੱਥੇ ਦੇ ਲੋਕ ਤੁਹਾਨੂੰ ਮਾਰਨਾ ਚਹੁੰਦੇ ਸਨ !”ਯਿਸੂ ਨੇ ਉੱਤਰ ਦਿੱਤਾ, “ਸਾਡਾ ਮਿੱਤਰ ਲਾਜ਼ਰ ਸੌਂ ਗਿਆ ਹੈ, ਅਤੇ ਮੇਰੇ ਲਈ ਜ਼ਰੂਰੀ ਹੈ ਕਿ ਮੈਂ ਉਸ ਨੂੰ ਜਗਾਵਾਂ |”

### ਜਦੋਂ ਯਿਸੂ ਨੇ ਯਹੂਦਾਹ ਜਾਣ ਦਾ ਫੈਸਲਾ ਕੀਤਾ ਤਾਂ ਚੇਲੇ ਕਿਸ ਗੱਲ ਲਈ ਚਿੰਤਿਤ ਸਨ ?

ਕਿਉਂਕਿ ਉੱਥੇ ਦੇ ਲੋਕ ਉਸ ਨੂੰ ਮਾਰਨਾ ਚਾਹੁੰਦੇ ਸਨ |

---

## 37:03

ਯਿਸੂ ਦੇ ਚੇਲਿਆਂ ਨੇ ਉੱਤਰ ਦਿੱਤਾ, “ਸੁਆਮੀ , ਅਗਰ ਲਾਜ਼ਰ ਸੌਂ ਰਿਹਾ ਹੈ, ਤਾਂ ਉਹ ਠੀਕ ਹੋ ਜਾਵੇਗਾ |”ਤਦ ਯਿਸੂ ਨੇ ਉਹਨਾਂ ਨੂੰ ਸਾਫ਼ ਸਾਫ਼ ਦੱਸਿਆ, “ਲਾਜ਼ਰ ਮਰ ਗਿਆ ਹੈ |”ਮੈਂ ਖੁਸ਼ ਹਾਂ ਕਿ ਮੈਂ ਉੱਥੇ ਨਹੀਂ ਸੀ ਤਾਂ ਕਿ ਤੁਸੀਂ ਮੇਰੇ ਉੱਤੇ ਨਿਹਚਾ ਕਰੋ |”

### ਜਦੋਂ ਯਿਸੂ ਨੇ ਕਿਹਾ ਕਿ ਲਾਜਰ ਮਰ ਗਿਆ ਹੈ ਤਾਂ ਚੇਲਿਆਂ ਨੇ ਕੀ ਸਮਝਿਆ ਕੀ ਯਿਸੂ ਦਾ ਕੀ ਮਤਲਬ ਹੈ ?

ਉਹਨਾਂ ਨੇ ਸੋਚਿਆ ਕਿ ਲਾਜਰ ਸਿਰਫ਼ ਸੁੱਤਾ ਹੀ ਹੈ ਅਤੇ ਉਹ ਚੰਗਾ ਹੋ ਜਾਵੇਗਾ |

### ਯਿਸੂ ਨੇ ਚੇਲਿਆਂ ਨੂੰ ਸਿੱਧੇ ਤਰੀਕੇ ਨਾਲ ਲਾਜਰ ਬਾਰੇ ਕੀ ਦੱਸਿਆ ?

ਯਿਸੂ ਨੇ ਕਿਹਾ ਕਿ ਲਾਜਰ ਮਰ ਗਿਆ ਹੈ |

### ਜਦੋਂ ਲਾਜਰ ਮਰਿਆ ਤਾਂ ਉੱਥੇ ਨਾ ਹੋਣ ਦੇ ਕਾਰਨ ਯਿਸੂ ਕਿਉਂ ਖੁਸ਼ ਸੀ ?

ਕਿਉਂਕਿ ਜੋ ਕੁੱਝ ਹੋਇਆ ਸਭ ਚੇਲਿਆਂ ਨੂੰ ਉਸ ਤੇ ਵਿਸ਼ਵਾਸ ਕਰਨ ਦਾ ਕਾਰਨ ਬਣਿਆ |

---

## 37:04

ਜਦੋਂ ਯਿਸੂ ਲਾਜ਼ਰ ਦੇ ਪਿੰਡ ਆਇਆ, ਲਾਜ਼ਰ ਨੂੰ ਮਰਿਆਂ ਚਾਰ ਦਿਨ ਹੋ ਚੁੱਕੇ ਸਨ |ਮਾਰਥਾ ਯਿਸੂ ਦੇ ਮਿਲਣ ਲਈ ਬਾਹਰ ਗਈ ਅਤੇ ਕਿਹਾ, “ਸੁਆਮੀ , ਜੇ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ |”ਪਰ ਮੈਂ ਵਿਸ਼ਵਾਸ ਕਰਦੀ ਹਾਂ ਕਿ ਪਰਮੇਸ਼ੁਰ ਤੈਨੂੰ ਸਭ ਕੁੱਝ ਦੇ ਸਕਦਾ ਹੈ ਜੋ ਕੁੱਝ ਵੀ ਤੂੰ ਉਸ ਕੋਲੋਂ ਮੰਗੇ |”

### ਕੀ ਮਾਰਥਾ ਵਿਸ਼ਵਾਸ ਕਰਦੀ ਸੀ ਕਿ ਯਿਸੂ ਲਾਜਰ ਨੂੰ ਬਚਾ ਸਕਦਾ ਸੀ ?

ਹਾਂ |

### ਲਾਜਰ ਨੂੰ ਮਰੇ ਹੋਏ ਕਿੰਨੇ ਦਿਨ ਹੋ ਗਏ ਸਨ ?

ਉਸ ਨੂੰ ਮਰੇ ਹੋਏ ਚਾਰ ਦਿਨ ਹੋ ਗਏ ਸਨ |

---

## 37:05

ਯਿਸੂ ਨੇ ਉੱਤਰ ਦਿੱਤਾ, “ਮੈਂ ਹੀ ਜ਼ਿੰਦਗੀ ਅਤੇ ਕਿਆਮਤ ਹਾਂ |ਜੋ ਕੋਈ ਵੀ ਮੇਰੇ ਉੱਤੇ ਵਿਸ਼ਵਾਸ ਕਰੇ ਜੀਉਂਦਾ ਰਹੇਗਾ ਚਾਹੇ ਮਰ ਵੀ ਜਾਵੇ |ਜੋ ਕੋਈ ਵੀ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ ਕਦੀ ਨਹੀਂ ਮਰੇਗਾ |ਕੀ ਤੂੰ ਇਹ ਵਿਸ਼ਵਾਸ ਕਰਦੀ ਹੈਂ ?ਮਾਰਥਾ ਨੇ ਉੱਤਰ ਦਿੱਤਾ, “ਹਾਂ ਸੁਆਮੀ !”ਮੈਂ ਵਿਸ਼ਵਾਸ ਕਰਦੀ ਹਾਂ ਕਿ ਤੂੰ ਮਸੀਹਾ, ਪਰਮੇਸ਼ੁਰ ਦਾ ਪੁੱਤਰ ਹੈਂ |”

### ਕਿਉਂਜੋ ਯਿਸੂ ਕਿਆਮਤ ਅਤੇ ਜ਼ਿੰਦਗੀ ਹੈ ਇਸ ਕਾਰਨ ਵਿਸ਼ਵਾਸੀਆਂ ਨਾਲ ਕੀ ਹੋਵੇਗਾ ?

ਜੋ ਕੋਈ ਵੀ ਉਸ ਵਿੱਚ ਵਿਸ਼ਵਾਸ ਕਰਦਾ ਹੈ ਚਾਹੇ ਉਹ ਮਰ ਵੀ ਜਾਵੇ ਉਹ ਜੀਵੇਗਾ ਅਤੇ ਹਰ ਇੱਕ ਜੋ ਉਸ ਵਿੱਚ ਵਿਸ਼ਵਾਸ ਕਰਦਾ ਹੈ ਉਹ ਕਦੀ ਨਹੀਂ ਮਰੇਗਾ |

### ਮਾਰਥਾ ਕੀ ਵਿਸ਼ਵਾਸ ਕਰਦੀ ਸੀ ਕਿ ਯਿਸੂ ਕੌਣ ਹੈ ?

ਮਸੀਹਾ, ਪਰਮੇਸ਼ੁਰ ਦਾ ਪੁੱਤਰ |

---

## 37:06

ਤਦ ਮਰਿਯਮ ਆਈ |ਉਹ ਯਿਸੂ ਦੇ ਚਰਨਾ ਤੇ ਡਿੱਗ ਗਈ ਅਤੇ ਕਿਹਾ, "ਸੁਆਮੀ , ਅਗਰ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ |"ਯਿਸੂ ਨੇ ਉਹਨਾਂ ਨੂੰ ਪੁੱਛਿਆ, "ਤੁਸੀਂ ਲਾਜ਼ਰ ਨੂੰ ਕਿੱਥੇ ਰੱਖਿਆ ਹੈ ?"ਉਹਨਾਂ ਨੇ ਉਸ ਨੂੰ ਦੱਸਿਆ, "ਕਬਰ ਵਿੱਚ ਹੈ |ਆ ਅਤੇ ਦੇਖ |"ਤਦ ਯਿਸੂ ਰੋਇਆ

---

## 37:07

ਕਬਰ ਇੱਕ ਗੁਫ਼ਾ ਸੀ ਜਿਸ ਦੇ ਮੂੰਹ ਅੱਗੇ ਇੱਕ ਪੱਥਰ ਰੇੜ੍ਹ ਕੇ ਕਬਰ ਨੂੰ ਬੰਦ ਕੀਤਾ ਹੋਇਆ ਸੀ |ਜਦੋਂ ਯਿਸੂ ਕਬਰ ਤੇ ਆਇਆ, ਉਸ ਨੇ ਉਹਨਾਂ ਨੂੰ ਕਿਹਾ, "ਪੱਥਰ ਨੂੰ ਰੇੜ੍ਹ ਕੇ ਪਰ੍ਹਾਂ ਕਰੋ |"ਪਰ ਮਾਰਥਾ ਨੇ ਕਿਹਾ, "ਉਹ ਤਾਂ ਚਾਰ ਦਿਨਾਂ ਤੋਂ ਮਰਿਆ ਹੈ |ਉਸ ਵਿੱਚੋਂ ਤਾਂ ਬਦਬੂ ਆਉਂਦੀ ਹੋਵੇਗੀ |"

### ਲਾਜਰ ਨੂੰ ਮਰੇ ਹੋਏ ਕਿੰਨੇ ਦਿਨ ਹੋ ਗਏ ਸਨ ?

ਉਸ ਨੂੰ ਮਰੇ ਹੋਏ ਚਾਰ ਦਿਨ ਹੋ ਗਏ ਸਨ |

---

## 37:08

ਯਿਸੂ ਨੇ ਉੱਤਰ ਦਿੱਤਾ, "ਕਿ ਮੈਂ ਤੁਹਾਨੂੰ ਨਹੀਂ ਦੱਸਿਆ ਸੀ ਕਿ ਜੇ ਤੁਸੀਂ ਮੇਰੇ ਉੱਤੇ ਵਿਸ਼ਵਾਸ ਕਰੋਂਗੇ ਤਾਂ ਤੁਸੀਂ ਪਰਮੇਸ਼ੁਰ ਦੀ ਮਹਿਮਾ ਵੇਖੋਗੇ ?"ਇਸ ਲਈ ਉਹਨਾਂ ਨੇ ਪੱਥਰ ਨੂੰ ਹਟਾ ਦਿੱਤਾ |

---

## 37:09

ਤਦ ਯਿਸੂ ਨੇ ਸਵਰਗ ਵੱਲ ਦੇਖਿਆ ਅਤੇ ਕਿਹਾ, "ਪਿਤਾ, ਮੈਨੂੰ ਸੁਣਨ ਲਈ ਤੇਰਾ ਧੰਨਵਾਦ |ਮੈਂ ਜਾਂਣਦਾ ਹਾਂ ਕਿ ਤੂੰ ਹਮੇਸ਼ਾਂ ਮੇਰੀ ਸੁਣਦਾ ਹੈਂ, ਪਰ ਮੈਂ ਇਹਨਾਂ ਸਾਰੇ ਲੋਕਾਂ ਦੇ ਕਾਰਨ ਕਹਿ ਰਿਹਾਂ ਹਾਂ ਜੋ ਇੱਥੇ ਖੜ੍ਹੇ ਹਨ, ਤਾਂ ਕਿ ਇਹ ਵਿਸ਼ਵਾਸ ਕਰਨ ਕਿ ਤੂੰ ਮੈਨੂੰ ਭੇਜਿਆ ਹੈ |"ਤਦ ਯਿਸੂ ਉੱਚੀ ਬੋਲਿਆ, "ਲਾਜ਼ਰ ਬਾਹਰ ਆ !"

### ਕਿਉਂ ਯਿਸੂ ਨੇ ਉੱਚੀ ਨਾਲ ਪਿਤਾ ਦਾ ਧੰਨਵਾਦ ਕੀਤਾ ?

ਉਸ ਨੇ ਅਜਿਹਾ ਇਸ ਲਈ ਕੀਤਾ ਕਿ ਲੋਕ ਜਾਣ ਸਕਣ ਕਿ ਪਿਤਾ ਨੇ ਉਸ ਨੂੰ ਭੇਜਿਆ ਹੈ|

### ਯਿਸੂ ਨੇ ਲਾਜਰ ਨੂੰ ਕੀ ਹੁਕਮ ਦਿੱਤਾ ?

ਉਸ ਨੇ ਲਾਜਰ ਨੂੰ ਹੁਕਮ ਦਿੱਤਾ ਕਿ ਉਹ ਕਬਰ ਤੋਂ ਬਾਹਰ ਆ ਜਾਵੇ |

---

## 37:10

ਤਦ ਲਾਜ਼ਰ ਬਾਹਰ ਆ ਗਿਆ !"ਉਹ ਅਜੇ ਵੀ ਕਫ਼ਨ ਵਿੱਚ ਲਪੇਟਿਆ ਸੀ |ਯਿਸੂ ਨੇ ਉਹਨਾਂ ਨੂੰ ਕਿਹਾ, "ਉਸ ਦੀ ਮਦਦ ਕਰੋ ਉਸ ਦੇ ਕਫ਼ਨ ਨੂੰ ਖੋਲ੍ਹ ਕੇ ਉਸ ਨੂੰ ਅਜ਼ਾਦ ਕਰੋ !"ਇਸ ਚਮਤਕਾਰ ਕਰਕੇ ਬਹੁਤੇ ਯਹੂਦੀਆਂ ਨੇ ਯਿਸੂ ਤੇ ਵਿਸ਼ਵਾਸ ਕੀਤਾ |

---

## 37:11

ਪਰ ਯਹੂਦੀਆਂ ਦੇ ਧਾਰਿਮਕ ਆਗੂ ਇਸ ਤੋਂ ਈਰਖਾ ਕਰਦੇ ਸਨ, ਇਸ ਲਈ ਉਹ ਯਿਸੂ ਅਤੇ ਲਾਜ਼ਰ ਨੂੰ ਮਾਰਨ ਦੀ ਯੋਜਨਾ ਬਣਾਉਣ ਲਈ ਇਕੱਠੇ ਹੋਏ |

### ਜਦੋਂ ਯਹੂਦੀ ਧਾਰਮਿਕ ਆਗੂਆਂ ਨੇ ਉਸ ਚਮਤਕਾਰ ਨੂੰ ਦੇਖਿਆ ਤਾਂ ਉਹਨਾਂ ਨੇ ਕੀ ਪ੍ਰਤੀਕਿਰਿਆ ਦਿਖਾਈ ?

ਉਹਨਾਂ ਨੇ ਈਰਖਾ ਕੀਤੀ ਅਤੇ ਯਿਸੂ ਅਤੇ ਲਾਜਰ ਨੂੰ ਮਾਰਨ ਦੀ ਸ਼ਾਜਿਸ਼ ਕੀਤੀ |

# ਯਿਸੂ ਨਾਲ ਧੋਖਾ ਹੋਇਆ

## 38:01

ਹਰ ਸਾਲ ਯਹੂਦੀ ਪਸਾਹ ਮਨਾਉਂਦੇ ਸਨ |ਇਹ ਜਸ਼ਨ ਇਸ ਲਈ ਮਨਾਇਆ ਜਾਂਦਾ ਸੀ ਕਿ ਕਿਸ ਤਰ੍ਹਾਂ ਪਰਮੇਸ਼ੁਰ ਨੇ ਉਹਨਾਂ ਦੇ ਪੁਰਖਿਆਂ ਨੂੰ ਕਈ ਸਦੀਆਂ ਪਹਿਲਾਂ ਮਿਸਰ ਦੀ ਗੁਲਾਮੀ ਵਿੱਚੋਂ ਬਚਾਇਆ ਸੀ |ਯਿਸੂ ਦੁਆਰਾ ਪ੍ਰਚਾਰ ਅਤੇ ਲੋਕਾਂ ਨੂੰ ਸਿੱਖਿਆ ਦੇਣ ਦੇ ਸ਼ੁਰੂ ਕਰਨ ਤੋਂ ਲੱਗ-ਭਗ ਤਿੰਨ ਸਾਲ ਬਾਅਦ ਯਿਸੂ ਨੇ ਆਪਣੇਂ ਚੇਲਿਆਂ ਨੂੰ ਕਿਹਾ ਕਿ ਉਹ ਉਹਨਾਂ ਨਾਲ ਯਰੂਸ਼ਲਮ ਵਿੱਚ ਪਸਾਹ ਮਨਾਉਣਾ ਚਹੁੰਦਾ ਹੈ ਅਤੇ ਉਹ ਉੱਥੇ ਮਾਰਿਆ ਜਾਵੇਗਾ |

### ਪਸਾਹ ਦੇ ਤਿਉਹਾਰ ਦਾ ਕੀ ਮਤਲਬ ਸੀ ਜੋ ਯਹੂਦੀ ਲੋਕ ਹਰ ਸਾਲ ਮਨਾਇਆ ਕਰਦੇ ਸਨ ?

ਪਸਾਹ ਇਸ ਲਈ ਮਨਾਇਆ ਜਾਂਦਾ ਸੋ ਕਿ ਕਿਵੇਂ ਪਰਮੇਸ਼ੁਰ ਨੇ ਯਹੂਦੀਆਂ ਦੇ ਪੁਰਖਿਆਂ ਨੂੰ ਮਿਸਰ ਦੀ ਗੁਲਾਮੀ ਤੋਂ ਬਚਾਇਆ ਸੀ |

---

## 38:02

ਯਿਸੂ ਦੇ ਚੇਲਿਆਂ ਵਿੱਚੋਂ ਇੱਕ ਜਿਸ ਦਾ ਨਾਮ ਯਹੂਦਾ ਸੀ |ਯਹੂਦਾ ਚੇਲਿਆਂ ਦੇ ਪੈਸੇ ਵਾਲੀ ਥੈਲੀ ਦਾ ਰੱਖਵਾਲਾ ਸੀ , ਪਰ ਉਹ ਪੈਸੇ ਨੂੰ ਪਿਆਰ ਕਰਦਾ ਅਤੇ ਆਮ ਤੌਰ ਤੇ ਥੈਲੀ ਵਿੱਚੋਂ ਪੈਸੇ ਚੁਰਾ ਲੈਂਦਾ ਸੀ |ਯਿਸੂ ਅਤੇ ਉਸਦੇ ਚੇਲਿਆਂ ਦੇ ਯਰੂਸ਼ਲਮ ਪਹੁੰਚਣ ਤੋਂ ਬਾਅਦ ਯਹੂਦਾ ਯਹੂਦੀ ਆਗੂਆਂ ਕੋਲ ਗਿਆ ਅਤੇ ਉਹਨਾਂ ਅੱਗੇ ਪੈਸੇ ਦੇ ਬਦਲੇ ਯਿਸੂ ਨਾਲ ਧੋਖਾ ਕਰਨ ਲਈ ਪਰਸਤਾਵ ਰੱਖਿਆ |ਉਹ ਜਾਣਦਾ ਸੀ ਕਿ ਯਹੂਦੀ ਆਗੂ ਯਿਸੂ ਨੂੰ ਮਸੀਹਾ ਮੰਨਣ ਤੋਂ ਇਨਕਾਰ ਕਰਦੇ ਹਨ ਅਤੇ ਉਹ ਯਿਸੂ ਨੂੰ ਮਾਰਨ ਲਈ ਯੋਜਨਾ ਬਣਾਉਂਦੇ ਹਨ |

### ਯਹੂਦੀਆਂ ਕੋਲ ਯਿਸੂ ਨਾਲ ਧੋਖਾ ਕਰਨ ਦੇ ਬਦਲੇ ਯਹੂਦਾਹ ਇਸਕਰਿਯੋਤੀ ਕੀ ਚਾਹੁੰਦਾ ਸੀ ?

ਉਸ ਨੂੰ ਇਸ ਤਰ੍ਹਾਂ ਕਰਨ ਲਈ ਪੈਸੇ ਦਾ ਪ੍ਰਸਤਾਵ ਦਿੱਤਾ ਗਿਆ ਸੀ |

---

## 38:03

ਮਹਾਂ ਜਾਜ਼ਕ ਦੀ ਅਗੁਵਾਈ ਵਿੱਚ ਯਹੂਦੀ ਆਗੂਆਂ ਨੇ ਯਿਸੂ ਨੂੰ ਧੋਖਾ ਦੇਣ ਲਈ ਯਹੂਦਾ ਨੂੰ ਤੀਹ ਚਾਂਦੀ ਦੇ ਸਿੱਕੇ ਦਿੱਤੇ | ਇਹ ਉਸੇ ਤਰ੍ਹਾਂ ਹੋਇਆ ਜਿਵੇਂ ਨਬੀ ਨੇ ਭਵਿੱਖ ਬਾਣੀ ਕੀਤੀ ਸੀ |ਯਹੂਦਾ ਸਹਿਮਤ ਹੋ ਗਿਆ, ਪੈਸੇ ਲਏ ਅਤੇ ਚਲਾ ਗਿਆ |ਉਹ ਮੌਕਾ ਲੱਭਣ ਲੱਗਾ ਕਿ ਯਿਸੂ ਨੂੰ ਫੜਵਾਉਣ ਵਿੱਚ ਮਦਦ ਕਰੇ |

### ਯਿਸੂ ਨਾਲ ਧੋਖਾ ਕਰਨ ਲਈ ਯਹੂਦੀ ਆਗੂਆਂ ਨੇ ਯਹੂਦਾਹ ਨੂੰ ਕੀ ਦਿੱਤਾ ?

ਉਹਨਾਂ ਨੇ ਉਸ ਨੂੰ ਚਾਂਦੀ ਦੇ ਤੀਹ ਸਿੱਕੇ ਦਿੱਤੇ |

---

## 38:04

ਯਿਸੂ ਨੇ ਆਪਣੇ ਚੇਲਿਆਂ ਨਾਲ ਯਰੂਸ਼ਲਮ ਵਿੱਚ ਪਸਾਹ ਮਨਾਇਆ |ਪਸਾਹ ਦੇ ਭੋਜਨ ਸਮੇਂ, ਯਿਸੂ ਨੇ ਰੋਟੀ ਲਈ ਅਤੇ ਇਸ ਨੂੰ ਤੋੜਿਆ |ਉਸ ਨੇ ਕਿਹਾ, "ਇਸ ਨੂੰ ਲਵੋ ਅਤੇ ਖਾਓ |ਇਹ ਮੇਰੀ ਦੇਹ ਹੈ, ਜੋ ਤੁਹਾਡੀ ਲਈ ਦਿੱਤੀ ਗਈ |ਮੇਰੀ ਯਾਦ ਵਿੱਚ ਇਹ ਕਰਿਆ ਕਰੋ |"ਯਿਸੂ ਨੇ ਕਿਹਾ, ਇਸ ਤਰ੍ਹਾਂ ਮੇਰਾ ਸਰੀਰ ਤੁਹਾਡੇ ਲਈ ਬਲੀਦਾਨ ਹੋਵੇਗਾ |

### ਪਸਾਹ ਦੇ ਖਾਣੇ ਦੇ ਸਮੇਂ ਯਿਸੂ ਨੇ ਰੋਟੀ ਬਾਰੇ ਕੀ ਕਿਹਾ ?

ਉਸ ਨੇ ਕਿਹਾ, "ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਦਿੱਤਾ ਗਿਆ ਹੈ |

---

## 38:05

ਤਦ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਸ ਨੂੰ ਪੀਓ |ਨਵੇਂ ਨੇਮ ਲਈ ਇਹ ਮੇਰਾ ਖ਼ੂਨ ਹੈ ਜੋ ਤੁਹਾਡੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ |ਜਦੋਂ ਵੀ ਤੁਸੀਂ ਇਸ ਨੂੰ ਪੀਵੋ ਤਾਂ ਮੈਨੂੰ ਯਾਦ ਕਰਿਆ ਕਰੋ |"

### ਯਿਸੂ ਨੇ ਪਿਆਲੇ ਬਾਰੇ ਕੀ ਕਿਹਾ ?

ਉਸ ਨੇ ਕਿਹਾ, "ਨਵੇਂ ਨੇਮ ਦੀ ਵਾਚਾ ਦਾ ਇਹ ਮੇਰਾ ਲਹੂ ਹੈ ਜੋ ਤੁਹਾਡੇ ਪਾਪਾਂ ਦੀ ਮਾਫ਼ੀ ਲਈ ਬਹਾਇਆ ਜਾਂਦਾ ਹੈ |

---

## 38:06

ਤਦ ਯਿਸੂ ਨੇ ਚੇਲਿਆਂ ਨੂੰ ਕਿਹਾ, "ਤੁਹਾਡੇ ਵਿੱਚੋਂ ਇੱਕ ਮੈਨੂੰ ਧੋਖਾ ਦੇਵੇਗਾ |"ਚੇਲੇ ਘਬਰਾ ਗਏ ਅਤੇ ਪੁੱਛਿਆ ਕੌਣ ਐਸਾ ਕੰਮ ਕਰੇਗਾ |ਯਿਸੂ ਨੇ ਕਿਹਾ, "ਜਿਸ ਵਿਅਕਤੀ ਨੂੰ ਮੈਂ ਇਹ ਰੋਟੀ ਦਾ ਟੁਕੜਾ ਦੇਵਾਂਗਾ ਉਹ ਹੀ ਧੋਖ਼ੇਬਾਜ ਹੈ |"ਤਦ ਉਸ ਨੇ ਯਹੂਦਾ ਨੂੰ ਰੋਟੀ ਦਿੱਤੀ |

### ਯਿਸੂ ਕੋਲੋਂ ਰੋਟੀ ਲੈਣ ਦੇ ਬਾਅਦ ਯਹੂਦਾਹ ਨਾਲ ਕੀ ਹੋਇਆ ?

ਸ਼ੈਤਾਨ ਯਹੂਦਾਹ ਦੇ ਮਨ ਵਿੱਚ ਆ ਗਿਆ |

---

## 38:07

ਯਹੂਦਾ ਦੇ ਰੋਟੀ ਲੈਣ ਤੋਂ ਬਾਅਦ ਸ਼ੈਤਾਨ ਉਸ ਦੇ ਅੰਦਰ ਸਮਾ ਗਿਆ |ਯਹੂਦਾ ਉੱਠਿਆ ਅਤੇ ਯਿਸੂ ਨੂੰ ਫੜਵਾਉਣ ਲਈ ਯਹੂਦੀ ਆਗੂਆਂ ਦੀ ਮਦਦ ਲਈ ਗਿਆ |ਇਹ ਰਾਤ ਦਾ ਸਮਾਂ ਸੀ |

### ਯਿਸੂ ਕੋਲੋਂ ਰੋਟੀ ਲੈਣ ਦੇ ਬਾਅਦ ਯਹੂਦਾਹ ਨਾਲ ਕੀ ਹੋਇਆ ?

ਸ਼ੈਤਾਨ ਯਹੂਦਾਹ ਦੇ ਮਨ ਵਿੱਚ ਆ ਗਿਆ |

---

## 38:08

ਭੋਜਨ ਖਾਣ ਤੋਂ ਬਾਅਦ, ਯਿਸੂ ਅਤੇ ਉਸ ਦੇ ਚੇਲੇ ਜ਼ੈਤੂਨ ਪਹਾੜ ਲਈ ਤੁਰ ਗਏ |ਯਿਸੂ ਨੇ ਕਿਹਾ, "ਅੱਜ ਰਾਤ ਤੁਸੀਂ ਸਭ ਮੈਨੂੰ ਛੱਡ ਦੇਵੋਗੇ |ਇਹ ਲਿਖਿਆ ਹੋਇਆ ਹੈ, "ਮੈਂ ਚਰਵਾਹੇ ਨੂੰ ਮਾਰਾਂਗਾ ਅਤੇ ਭੇਡਾਂ ਤਿੱਤਰ ਬਿੱਤਰ ਹੋ ਜਾਣਗੀਆਂ |"

### ਯਿਸੂ ਨੇ ਉਸ ਰਾਤ ਚੇਲਿਆਂ ਨਾਲ ਕੀ ਹੋਣ ਦੀ ਭਵਿੱਖਬਾਣੀ ਕੀਤੀ ?

ਉਹ ਸਭ ਯਿਸੂ ਨੂੰ ਛੱਡ ਜਾਣਗੇ |

---

## 38:09

ਪਤਰਸ ਨੇ ਉੱਤਰ ਦਿੱਤਾ, "ਚਾਹੇ ਦੂਸਰੇ ਸਭ ਤੈਨੂੰ ਛੱਡ ਜਾਣ ਪਰ ਮੈਂ ਨਹੀਂ ਛੱਡਾਂਗਾ !"ਤਦ ਯਿਸੂ ਨੇ ਪਤਰਸ ਨੂੰ ਕਿਹਾ, "ਸ਼ੈਤਾਨ ਤੁਹਾਡੇ ਸਾਰਿਆਂ ਦੇ ਪਿੱਛੇ ਪਿਆ ਹੈ ਪਰ ਪਤਰਸ ਤੇਰੇ ਲਈ ਪ੍ਰਾਰਥਨਾ ਕੀਤੀ, ਕਿ ਤੇਰਾ ਵਿਸ਼ਵਾਸ ਨਾ ਡਿੱਗੇ |ਤਦ ਵੀ, ਅੱਜ ਰਾਤ ਕੁੱਕੜ ਦੇ ਬਾਂਗ ਤੋਂ ਪਹਿਲਾਂ, ਤੂੰ ਮੇਰਾ ਤਿੰਨ ਵਾਰ ਇੰਨਕਾਰ ਕਰੇਂਗਾ ਕਿ ਤੂੰ ਮੈਨੂੰ ਨਹੀਂ ਜਾਣਦਾ |"

### ਯਿਸੂ ਕੀ ਕਹਿੰਦਾ ਹੈ ਕਿ ਮੁਰਗੇ ਦੇ ਬਾਂਗ ਤੋਂ ਪਹਿਲਾਂ ਪਤਰਸ ਕੀ ਕਰੇਗਾ ?

ਪਤਰਸ ਤਿੰਨ ਵਾਰ ਇਨਕਾਰ ਕਰ ਦੇਵੇਗਾ ਕਿ ਉਹ ਯਿਸੂ ਨੂੰ ਨਹੀਂ ਜਾਣਦਾ |

---

## 38:10

ਤਦ ਪਤਰਸ ਨੇ ਯਿਸੂ ਨੂੰ ਕਿਹਾ, "ਚਾਹੇ ਮੈਂ ਮਰ ਵੀ ਜਾਂਵਾ ਮੈਂ ਤੇਰਾ ਇਨਕਾਰ ਨਹੀਂ ਕਰਾਂਗਾ !"ਦੂਸਰੇ ਚੇਲਿਆਂ ਨੇ ਵੀ ਉਸੇ ਤਰ੍ਹਾਂ ਹੀ ਕਿਹਾ |

### ਉਹਨਾਂ ਬਾਰੇ ਯਿਸੂ ਦੁਆਰਾ ਕੀਤੀ ਗਈ ਭਵਿੱਖਬਾਣੀ ਬਾਰੇ ਚੇਲਿਆਂ ਨੇ ਕੀ ਪ੍ਰਤੀਕਿਰਿਆ ਦਿਖਾਈ ?

ਉਹਨਾਂ ਨੇ ਕਿਹਾ ਕਿ ਉਹ ਮਰ ਜਾਣਗੇ ਪਰ ਯਿਸੂ ਦਾ ਇਨਕਾਰ ਨਹੀਂ ਕਰਨਗੇ |

---

## 38:11

ਤਦ ਯਿਸੂ ਆਪਣੇ ਚੇਲਿਆਂ ਨਾਲ ਉਸ ਜਗ੍ਹਾ ਤੇ ਗਿਆ ਜਿਸ ਨੂੰ ਗਤਸਮਨੀ ਕਿਹਾ ਜਾਂਦਾ ਹੈ |ਯਿਸੂ ਨੇ ਆਪਣੇ ਚੇਲਿਆਂ ਨੂੰ ਪ੍ਰਾਰਥਨਾ ਕਰਨ ਲਈ ਕਿਹਾ ਕਿ ਉਹ ਪ੍ਰਤਾਵੇ ਵਿੱਚ ਨਾ ਪੈਣ |ਤਦ ਯਿਸੂ ਖੁਦ ਪ੍ਰਾਰਥਨਾ ਕਰਨ ਲਈ ਚੱਲਿਆ ਗਿਆ|

---

## 38:12

ਯਿਸੂ ਨੇ ਤਿੰਨ ਵਾਰ ਪ੍ਰਾਰਥਨਾ ਕੀਤੀ, "ਮੇਰੇ ਪਿਤਾ, ਅਗਰ ਸੰਭਵ ਹੈ, ਤਾਂ ਮੈਨੂੰ ਇਸ ਦੁੱਖਾਂ ਦੇ ਪਿਆਲੇ ਵਿੱਚੋਂ ਨਾ ਪੀਣ ਦੇਹ |ਪਰ ਅਗਰ ਲੋਕਾਂ ਦੇ ਪਾਪਾਂ ਦੀ ਮਾਫ਼ੀ ਲਈ ਕੋਈ ਹੋਰ ਦੂਸਰਾ ਰਾਸਤਾ ਨਹੀਂ ਹੈ ਤਾਂ ਹੋਣ ਦੇਹ ਤੇਰੀ ਇੱਛਾ ਪੂਰੀ ਹੋ ਜਾਵੇ |"ਯਿਸੂ ਬਹੁਤ ਹੀ ਬੇਚੈਨ ਸੀ ਅਤੇ ਉਸ ਦਾ ਪਸੀਨਾ ਲਹੂ ਦੀਆਂ ਬੂੰਦਾਂ ਵਾਂਗਰ ਡਿੱਗ ਰਿਹਾ ਸੀ |ਪਰਮੇਸ਼ੁਰ ਨੇ ਉਸ ਨੂੰ ਤਕੜਾ ਕਰਨ ਲਈ ਇੱਕ ਦੂਤ ਭੇਜਿਆ |

### ਗਥਸਮਨੀ ਵਿੱਚ ਯਿਸੂ ਪਿਤਾ ਅੱਗੇ ਕੀ ਪ੍ਰਾਰਥਨਾ ਕਰਦਾ ਸੀ ?

ਉਸ ਨੇ ਆਪਣੇ ਪਿਤਾ ਨੂੰ ਕਿਹਾ ਦੁੱਖਾਂ ਦਾ ਇਹ ਪਿਆਲਾ ਮੈਥੋਂ ਹਟਾ ਲੈ ਪਰ ਪਰਮੇਸ਼ੁਰ ਦੀ ਇੱਛਾ ਪੂਰੀ ਹੋਵੇ ਜੇ ਲੋਕਾਂ ਦੇ ਪਾਪਾਂ ਦੀ ਮਾਫ਼ੀ ਲਈ ਕੋਈ ਹੋਰ ਰਾਸਤਾ ਨਹੀਂ ਹੈ |

---

## 38:13

ਹਰ ਵਾਰ ਪ੍ਰਾਰਥਨਾ ਕਰਨ ਤੋਂ ਬਾਅਦ ਯਿਸੂ ਆਪਣੇ ਚੇਲਿਆਂ ਕੋਲ ਆਇਆ ਪਰ ਉਹ ਸੌਂ ਰਹੇ ਸਨ |ਜਦੋਂ ਉਹ ਤੀਸਰੀ ਵਾਰ ਆਇਆ, ਯਿਸੂ ਨੇ ਕਿਹਾ, "ਜਾਗੋ !ਮੈਨੂੰ ਧੋਖਾ ਦੇਣ ਵਾਲਾ ਇੱਥੇ ਹੈ |"

### ਜਦੋਂ ਯਿਸੂ ਪ੍ਰਾਰਥਨਾ ਕਰਦਾ ਸੀ ਤਾਂ ਉਸ ਸਮੇਂ ਚੇਲੇ ਕਿੱਥੇ ਗਏ ਹੋਏ ਸਨ ?

ਉਹ ਸੌਂ ਰਹੇ ਸਨ|

---

## 38:14

ਯਹੂਦਾ ਯਹੂਦੀ ਆਗੂਆਂ, ਸਿਪਾਹੀਆਂ ਅਤੇ ਇੱਕ ਵੱਡੀ ਭੀੜ ਨਾਲ ਆਇਆ |ਉਹ ਤਲਵਾਰਾਂ ਅਤੇ ਬਰਛਿਆਂ ਨਾਲ ਆਏ |ਯਹੂਦਾ ਯਿਸੂ ਕੋਲ ਆਇਆ ਅਤੇ ਕਿਹਾ, "ਸਲਾਮ ਗੁਰੂ ਜੀ", ਅਤੇ ਉਸ ਨੂੰ ਚੁੰਮਿਆ |ਇਹ ਯਹੂਦੀ ਆਗੂਆਂ ਲਈ ਚਿੰਨ੍ਹ ਸੀ ਕਿ ਉਹ ਜਾਨਣ ਕਿ ਕਿਸ ਨੂੰ ਫੜ੍ਹਨਾ ਹੈ | ਤਦ ਯਿਸੂ ਨੇ ਕਿਹਾ, "ਯਹੂਦਾ, ਕੀ ਤੂੰ ਮੈਨੂੰ ਚੁੰਮੇ ਨਾਲ ਫੜਾਉਣਾ ਚਾਹੁੰਦਾ ਹੈਂ ?"

### ਸਿਪਾਹੀਆਂ ਨੂੰ ਕਿਵੇਂ ਪਤਾ ਲੱਗਾ ਕਿ ਯਿਸੂ ਕੌਣ ਹੈ ?

ਯਹੂਦਾਹ ਨੇ ਯਿਸੂ ਨੂੰ ਚੁੰਮਿਆ ਜੋ ਉਹਨਾਂ ਲਈ ਯਿਸੂ ਨੂੰ ਫੜ੍ਹਨ ਦਾ ਚਿੰਨ੍ਹ ਸੀ |

## 38:15

ਜਿਵੇਂ ਹੀ ਸਿਪਾਹੀਆਂ ਨੇ ਯਿਸੂ ਨੂੰ ਫੜ੍ਹਿਆ ਪਤਰਸ ਨੇ ਆਪਣੀ ਤਲਵਾਰ ਖਿੱਚੀ ਅਤੇ ਮਹਾਂ ਜਾਜ਼ਕ ਦੇ ਸਿਪਾਹੀ ਦਾ ਕੰਨ ਕੱਟ ਦਿੱਤਾ |ਯਿਸੂ ਨੇ ਕਿਹਾ, “ਆਪਣੀ ਤਲਵਾਰ ਪਿੱਛੇ ਕਰ ! ???ਮੈਂ ਆਪਣੀ ਰਖਵਾਲੀ ਲਈ ਪਿਤਾ ਕੋਲੋਂ ਦੂਤਾਂ ਦੀ ਇੱਕ ਵੱਡੀ ਫੌਜ ਮੰਗ ਸਕਦਾ ਸੀ |ਪਰ ਮੇਰੇ ਲਈ ਜ਼ਰੂਰੀ ਹੈ ਕਿ ਮੈਂ ਆਪਣੇ ਪਿਤਾ ਦੀ ਮਰਜ਼ੀ ਨੂੰ ਪੂਰਾ ਕਰਾਂ |”ਤਦ ਯਿਸੂ ਨੇ ਉਸ ਮਨੁੱਖ ਦਾ ਕੰਨ ਚੰਗਾ ਕੀਤਾ |ਯਿਸੂ ਦੇ ਫੜ੍ਹੇ ਜਾਣ ਤੋਂ ਬਾਅਦ, ਸਾਰੇ ਚੇਲੇ ਭੱਜ ਗਏ |

### ਯਿਸੂ ਨੂੰ ਬਚਾਉਣ ਲਈ ਪਤਰਸ ਨੇ ਕੀ ਕੀਤਾ ?

ਉਸ ਨੇ ਤਲਵਾਰ ਧੂਹੀ ਅਤੇ ਮਹਾਂ ਜ਼ਾਜਕ ਦੇ ਨੌਕਰ ਦਾ ਕੰਨ ਕੱਟ ਦਿੱਤਾ |

### ਕਿਉਂ ਯਿਸੂ ਨੇ ਕਿਹਾ ਕਿ ਉਸ ਨੂੰ ਪਤਰਸ ਦੇ ਬਚਾਓ ਦੀ ਜ਼ਰੂਰਤ ਨਹੀਂ ਹੈ ?

ਯਿਸੂ ਦੂਤਾਂ ਦੀ ਸੈਨਾਂ ਲਈ ਪਿਤਾ ਅੱਗੇ ਬੇਨਤੀ ਕਰ ਸਕਦਾ ਸੀ |

### ਯਿਸੂ ਦੇ ਫੜ੍ਹੇ ਜਾਣ ਤੋਂ ਬਾਅਦ ਚੇਲਿਆਂ ਨੇ ਕੀ ਕੀਤਾ ?

ਉਹ ਸਭ ਦੌੜ ਗਏ |

# ਯਿਸੂ ਤੇ ਮੁਕੱਦਮਾ ਚੱਲਦਾ

## 39:01

ਹੁਣ, ਅੱਧੀ ਰਾਤ ਦਾ ਸਮਾਂ ਸੀ |ਸਿਪਾਹੀ ਯਿਸੂ ਨੂੰ ਮਹਾਂ ਜਾਜ਼ਕ ਦੇ ਘਰ ਲੈ ਗਏ ਕਿ ਮਹਾਂ ਜਾਜ਼ਕ ਉਸ ਨੂੰ ਸਵਾਲ ਪੁੱਛੇ |ਪਤਰਸ ਥੋੜ੍ਹੀ ਦੂਰੀ ਤੇ ਉਹਨਾਂ ਦੇ ਪਿੱਛੇ ਪਿੱਛੇ ਗਿਆ |ਜਦੋਂ ਯਿਸੂ ਨੂੰ ਘਰ ਦੇ ਅੰਦਰ ਲੈ ਗਏ, ਪਤਰਸ ਘਰ ਦੇ ਬਾਹਰ ਰਿਹਾ ਅਤੇ ਅੱਗ ਸੇਕਣ ਲੱਗਾ |

### ਦਿਨ ਦਾ ਕਿਹੜਾ ਸਮਾਂ ਦੀ ਜਦੋਂ ਯਹੂਦੀ ਆਗੂਆਂ ਨੇ ਯਿਸੂ ਤੇ ਮੁੱਕਦਮਾ ਚਲਾਉਣਾ ਸ਼ੁਰੂ ਕੀਤਾ ?

ਇਹ ਅੱਧੀ ਰਾਤ ਸੀ |

---

## 39:02

ਘਰ ਦੇ ਅੰਦਰ ਯਹੂਦੀ ਆਗੂਆਂ ਨੇ ਯਿਸੂ ਤੇ ਮੁੱਕਦਮਾ ਚਲਾਇਆ |ਉਹਨਾਂ ਨੇ ਬਹੁਤ ਸਾਰੇ ਝੂਠੇ ਗਵਾਹ ਲਿਆਂਦੇ ਜਿਹਨਾਂ ਨੇ ਉਸ ਬਾਰੇ ਝੂਠ ਬੋਲਿਆ |ਫਿਰ ਵੀ, ਉਹਨਾਂ ਦੇ ਬਿਆਨ ਇੱਕ ਦੂਸਰੇ ਨਾਲ ਨਹੀਂ ਮਿਲੇ ਇਸ ਲਈ ਯਹੂਦੀ ਆਗੂ ਯਿਸੂ ਨੂੰ ਕਿਸੇ ਵੀ ਤਰ੍ਹਾਂ ਨਾਲ ਦੋਸ਼ੀ ਨਾ ਠਹਿਰਾ ਸਕੇ |ਯਿਸੂ ਨੇ ਕੁੱਝ ਵੀ ਨਹੀਂ ਕਿਹਾ |

### ਕਿਉਂ ਯਹੂਦੀ ਆਗੂ ਯਿਸੂ ਨੂੰ ਕਿਸੇ ਵੀ ਗੱਲ ਵਿੱਚ ਦੋਸ਼ੀ ਨਾ ਪਾ ਸਕੇ ?

ਝੂਠੇ ਗਵਾਹਾਂ ਦੇ ਬਿਆਨ ਆਪਸ ਵਿੱਚ ਨਾ ਮਿਲੇ |

---

## 39:03

ਆਖ਼ਿਰਕਾਰ , ਮਹਾਂ ਜਾਜ਼ਕ ਨੇ ਸਿੱਧਾ ਯਿਸੂ ਵੱਲ ਦੇਖਿਆ ਅਤੇ ਕਿਹਾ, “ਸਾਨੂੰ ਦੱਸ, ਕੀ ਤੂੰ ਹੀ ਮਸੀਹ, ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ ?

### ਆਖ਼ਿਰ ਵਿੱਚ ਮਹਾਂ ਜ਼ਾਜਕ ਨੇ ਯਿਸੂ ਕੋਲੋਂ ਕੀ ਸਵਾਲ ਪੁੱਛਿਆ ?

“ਸਾਨੂੰ ਦੱਸ, ਕੀ ਤੂੰ ਮਸੀਹਾ, ਜੀਊਂਦੇ ਪਰਮੇਸ਼ੁਰ ਦਾ ਪੁੱਤਰ ਹੈਂ ?”

---

## 39:04

ਯਿਸੂ ਨੇ ਕਿਹਾ, "ਹਾਂ ਮੈਂ ਹਾਂ, ਅਤੇ ਤੁਸੀਂ ਮੈਨੂੰ ਪਰਮੇਸ਼ੁਰ ਦੇ ਨਾਲ ਬੈਠੇ ਅਤੇ ਸਵਰਗ ਤੋਂ ਆਉਂਦਾ ਵੇਖੋਗੇ |"ਮਹਾਂ ਜਾਜ਼ਕ ਨੇ ਗੁੱਸੇ ਵਿੱਚ ਆਪਣੇ ਕੱਪੜੇ ਪਾੜੇ ਅਤੇ ਦੂਸਰੇ ਆਗੂਆਂ ਤੇ ਉੱਚੀ ਅਵਾਜ਼ ਨਾਲ ਚਿੱਲਾਇਆ, "ਸਾਨੂੰ ਹੁਣ ਕਿਸੇ ਹੋਰ ਗਵਾਹੀ ਦੀ ਜ਼ਰੂਰਤ ਨਹੀਂ ਹੈ!"ਤੁਸੀਂ ਉਸਨੂੰ ਕਹਿੰਦੇ ਹੋਏ ਸੁਣ ਲਿਆ ਹੈ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ |ਤੁਹਾਡਾ ਨਿਆਂ ਕੀ ਹੈ ?"

### ਯਿਸੂ ਨੇ ਮਹਾਂ ਜ਼ਾਜਕ ਨੂੰ ਕੀ ਉੱਤਰ ਦਿੱਤਾ?

" ਹਾਂ ਮੈਂ ਹਾਂ, ਅਤੇ ਤੁਸੀਂ ਮੈਨੂੰ ਪਰਮੇਸ਼ੁਰ ਨਾਲ ਬੈਠਾ ਅਤੇ ਸਵਰਗ ਤੋਂ ਆਉਂਦਾ ਹੋਇਆ ਦੇਖੋਂਗੇ|"

### ਮਹਾਂ ਜ਼ਾਜਕ ਦੇ ਅਨੁਸਾਰ ਯਿਸੂ ਨੇ ਕਿਹੜਾ ਗੁਨਾਹ ਕੀਤਾ ?

ਯਿਸੂ ਨੇ ਕਿਹਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ |

---

## 39:05

ਸਾਰੇ ਯਹੂਦੀ ਆਗੂਆਂ ਨੇ ਮਹਾਂ ਜਾਜ਼ਕ ਨੂੰ ਕਿਹਾ, "ਇਹ ਮੌਤ ਦਾ ਹੱਕਦਾਰ ਹੈ!"ਤਦ ਉਹਨਾਂ ਨੇ ਯਿਸੂ ਦੀਆਂ ਅੱਖਾਂ ਬੰਨ੍ਹੀਆਂ, ਉਸ ਉੱਤੇ ਥੁੱਕਿਆ, ਉਸ ਨੂੰ ਧੱਕੇ ਮਾਰੇ ਅਤੇ ਮਖੌਲ ਉਡਾਇਆ |

---

## 39:06

ਜਦੋਂ ਪਤਰਸ ਘਰ ਦੇ ਬਾਹਰ ਇੰਤਜਾਰ ਕਰ ਰਿਹਾ ਸੀ, ਇੱਕ ਦਾਸੀ ਨੇ ਉਸ ਨੂੰ ਦੇਖਿਆ ਅਤੇ ਕਿਹਾ, "ਤੂੰ ਵੀ ਯਿਸੂ ਦੇ ਨਾਲ ਸੀ !"ਪਤਰਸ ਨੇ ਉਸ ਦਾ ਇਨਕਾਰ ਕੀਤਾ |ਬਾਅਦ ਵਿੱਚ ਇੱਕ ਹੋਰ ਲੜਕੀ ਨੇ ਵੀ ਉਹੀ ਗੱਲ ਕੀਤੀ ਅਤੇ ਪਤਰਸ ਨੇ ਦੁਬਾਰਾ ਫੇਰ ਇਨਕਾਰ ਕੀਤਾ |ਆਖ਼ਿਰਕਾਰ, ਲੋਕਾਂ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਤੂੰ ਯਿਸੂ ਦੇ ਨਾਲ ਸੀ ਕਿਉਂਕਿ ਤੁਸੀਂ ਦੋਨੋਂ ਗਲੀਲ ਦੇ ਹੋ |"

### ਯਿਸੂ ਦੇ ਮੁੱਕਦਮੇ ਸਮੇਂ ਪਤਰਸ ਕਿੱਥੇ ਸੀ ?

ਪਤਰਸ ਮਹਾਂ ਜ਼ਾਜਕ ਦੇ ਘਰ ਦੇ ਬਾਹਰ ਇੰਤਜ਼ਾਰ ਕਰਦਾ ਸੀ |

### ਕਿਉਂ ਲੋਕਾਂ ਨੇ ਸੋਚਿਆ ਕਿ ਪਤਰਸ ਯਿਸੂ ਦੇ ਨਾਲ ਸੀ ?

ਪਤਰਸ ਅਤੇ ਯਿਸੂ ਦੋਨੋਂ ਗਲੀਲ ਦੇ ਸਨ |

---

## 39:07

ਤਦ ਪਤਰਸ ਨੇ ਸੌਂਹ ਖਾਂਦੇ ਹੋਏ ਕਿਹਾ, “ਪਰਮੇਸ਼ੁਰ ਮੈਨੂੰ ਸਰਾਪ ਦੇਵੇ ਜੇ ਮੈਂ ਇਸ ਮਨੁੱਖ ਨੂੰ ਜਾਣਦਾ ਹੋਵਾਂ !”ਇੱਕ ਦਮ ਮੁਰਗੇ ਨੇ ਬਾਂਗ ਦਿੱਤੀ, ਯਿਸੂ ਮੁੜਿਆ ਅਤੇ ਪਤਰਸ ਵੱਲ ਦੇਖਿਆ |

### ਪਤਰਸ ਨੇ ਕੀ ਕਿਹਾ ਜਦੋਂ ਲੋਕਾਂ ਨੇ ਉਸ ਨੂੰ ਪੁੱਛਿਆ ਕਿ ਕੀ ਉਹ ਯਿਸੂ ਨੂੰ ਜਾਣਦਾ ਹੈ ?

ਪਤਰਸ ਨੇ ਤਿੰਨ ਵਾਰ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਉਹ ਯਿਸੂ ਨੂੰ ਜਾਣਦਾ ਹੈ |

### ਪਤਰਸ ਦੁਆਰਾ ਯਿਸੂ ਦੇ ਤੀਸਰੀ ਵਾਰ ਇਨਕਾਰ ਦੇ ਬਾਅਦ ਕੀ ਹੋਇਆ ?

ਮੁਰਗੇ ਨੇ ਬਾਂਗ ਦਿੱਤੀ ਅਤੇ ਯਿਸੂ ਨੇ ਮੁੜ ਕੇ ਪਤਰਸ ਵੱਲ ਦੇਖਿਆ |

---

## 39:08

ਪਤਰਸ ਦੂਰ ਚੱਲਿਆ ??? ਗਿਆ ਅਤੇ ਬਹੁਤ ਰੋਇਆ |ਉਸੇ ਸਮੇਂ ਦਰਿਮਆਨ ਯਹੂਦਾ ਧੋਖਾ ਦੇਣ ਵਾਲੇ ਨੇ ਦੇਖਿਆ ਕਿ ਯਹੂਦੀ ਆਗੂਆਂ ਨੇ ਯਿਸੂ ਲਈ ਮੌਤ ਦਾ ਹੁਕਮ ਦਿੱਤਾ ਹੈ |ਯਹੂਦਾ ਬਹੁਤ ਉਦਾਸ ਹੋਇਆ ਅਤੇ ਦੂਰ ਚੱਲਿਆ ਗਿਆ ਅਤੇ ਆਪਣੇ ਆਪ ਨੂੰ ਮਾਰ ਲਿਆ |

### ਜਦੋਂ ਯਹੂਦਾਹ ਨੇ ਦੇਖਿਆ ਕਿ ਯਹੂਦੀ ਆਗੂਆਂ ਨੇ ਯਿਸੂ ਨੂੰ ਦੋਸ਼ੀ ਠਹਿਰਾ ਦਿੱਤਾ ਹੈ ਤਾਂ ਉਸ ਨੇ ਕੀ ਕੀਤਾ ?

ਯਹੂਦਾਹ ਬਹੁਤ ਉਦਾਸ ਹੋਇਆ ਅਤੇ ਦੂਰ ਜਾ ਕੇ ਆਤਮ ਹੱਤਿਆ ਕਰ ਲਈ |

---

## 39:09

ਅਗਲੀ ਸਵੇਰ ਤੜਕੇ ਹੀ, ਯਹੂਦੀ ਆਗੂ ਯਿਸੂ ਨੂੰ ਪਿਲਾਤੁਸ ਸਾਹਮਣੇ ਲਿਆਏ, ਜੋ ਰੋਮੀ ਗਵਰਨਰ ਸੀ |ਉਹ ਇਹ ਆਸ਼ਾ ਕਰਦੇ ਸਨ ਕਿ ਪਿਲਾਤੁਸ ਵੀ ਯਿਸੂ ਨੂੰ ਦੋਸ਼ੀ ਕਰਾਰ ਦੇਵੇਗਾ ਅਤੇ ਉਸ ਨੂੰ ਮਾਰਨ ਦਾ ਹੁਕਮ ਦੇਵੇਗਾ |ਪਿਲਾਤੁਸ ਨੇ ਯਿਸੂ ਕੋਲੋਂ ਪੁੱਛਿਆ, “ਕੀ ਤੂੰ ਯਹੂਦੀਆਂ ਦਾ ਰਾਜਾ ਹੈਂ?”

### ਯਹੂਦੀ ਆਗੂ ਕਿਉਂ ਯਿਸੂ ਨੂੰ ਰੋਮੀ ਸ਼ਾਸ਼ਕ ਪਿਲਾਤੁਸ ਕੋਲ ਲੈ ਕੇ ਗਏ ?

ਉਹਨਾਂ ਨੇ ਆਸ਼ਾ ਕੀਤੀ ਕਿ ਪਿਲਾਤੁਸ ਯਿਸੂ ਨੂੰ ਦੋਸ਼ੀ ਕਰਾਰ ਕਰੇਗਾ ਅਤੇ ਉਸ ਨੂੰ ਮਾਰਨ ਦਾ ਹੁਕਮ ਦੇਵੇਗਾ |

### ਪਿਲਾਤੁਸ ਨੇ ਯਿਸੂ ਕੋਲੋਂ ਪਹਿਲਾ ਸਵਾਲ ਕੀ ਪੁੱਛਿਆ ?

“ਕੀ ਤੂੰ ਯਹੂਦੀਆਂ ਦਾ ਰਾਜਾ ਹੈ ?”

---

## 39:10

ਯਿਸੂ ਨੇ ਉੱਤਰ ਦਿੱਤਾ, "ਤੂੰ ਇਹ ਖੁੱਦ ਕਹਿ ਦਿੱਤਾ, ਪਰ ਮੇਰਾ ਰਾਜ ਇਸ ਧਰਤੀ ਦਾ ਰਾਜ ਨਹੀਂ ਹੈ |ਅਗਰ ਇਹ ਹੁੰਦਾ, ਤਾਂ ਮੇਰੇ ਨੌਕਰ ਮੇਰੇ ਲਈ ਲੜਦੇ |ਮੈਂ ਇਸ ਧਰਤੀ ਉੱਤੇ ਪਰਮੇਸ਼ੁਰ ਬਾਰੇ ਸੱਚਾਈ ਦੱਸਣ ਆਇਆ ਹਾਂ |ਹਰ ਇੱਕ ਜਿਹੜਾ ਸੱਚਾਈ ਨੂੰ ਪ੍ਰੇਮ ਕਰਦਾ ਹੈ ਉਹ ਮੈਨੂੰ ਸੁਣਦਾ ਹੈ | ਪਿਲਾਤੁਸ ਨੇ ਕਿਹਾ, "ਸੱਚਾਈ ਕੀ ਹੈ ?"

### ਯਿਸੂ ਨੇ ਇਸ ਧਰਤੀ ਉੱਤੇ ਆਉਣ ਦਾ ਕਾਰਨ ਕੀ ਦੱਸਿਆ ?

ਪਰਮੇਸ਼ੁਰ ਬਾਰੇ ਸੱਚ ਦੱਸਣ ਲਈ |

---

## 39:11

ਯਿਸੂ ਨਾਲ ਗੱਲ ਬਾਤ ਕਰਨ ਤੋਂ ਬਾਅਦ, ਪਿਲਾਤੁਸ ਭੀੜ ਅੱਗੇ ਗਿਆ ਅਤੇ ਕਿਹਾ, "ਮੈਂ ਇਸ ਇਨਸਾਨ ਅੰਦਰ ਕੋਈ ਦੋਸ਼ ਨਹੀਂ ਦੇਖਦਾ |"ਪਰ ਯਹੂਦੀ ਆਗੂ ਅਤੇ ਭੀੜ ਰੌਲਾ ਪਾਉਣ ਲੱਗੀ, "ਇਸ ਨੂੰ ਸਲੀਬ ਦਿਓ!"ਪਿਲਾਤੁਸ ਨੇ ਉੱਤਰ ਦਿੱਤਾ, "ਇਹ ਦੋਸ਼ੀ ਨਹੀਂ ਹੈ |"ਪਰ ਉਹ ਹੋਰ ਵੀ ਉੱਚੀ ਰੌਲਾ ਪਾਉਣ ਲੱਗੇ |ਤਦ ਪਿਲਾਤੁਸ ਨੇ ਤੀਸਰੀ ਵਾਰ ਕਿਹਾ, "ਇਹ ਦੋਸ਼ੀ ਨਹੀਂ ਹੈ !"

### ਕਿੰਨੀ ਵਾਰ ਪਿਲਾਤੁਸ ਨੇ ਲੋਕਾਂ ਦੀ ਭੀੜ ਨੂੰ ਦੱਸਿਆ ਕਿ ਯਿਸੂ ਦੋਸ਼ੀ ਨਹੀਂ ਹੈ ?

ਤਿੰਨ ਵਾਰ |

---

## 39:12

ਪਿਲਾਤੁਸ ਡਰ ਗਿਆ ਕਿ ਭੀੜ ਦੰਗੇ ਨਾ ਸ਼ੁਰੂ ਕਰ ਦੇਵੇ ਇਸ ਲਈ ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਉਸ ਨੂੰ ਸਲੀਬ ਦੇਣ |ਰੋਮੀ ਸਿਪਾਹੀਆਂ ਨੇ ਯਿਸੂ ਨੂੰ ਕੋਹੜੇ ਮਾਰੇ ਅਤੇ ਸ਼ਾਹੀ ਲਿਬਾਸ ਪਹਿਨਾਇਆ ਅਤੇ ਇੱਕ ਕੰਡਿਆ ਦਾ ਤਾਜ ਉਸ ਦੇ ਉੱਤੇ ਪਾਇਆ |ਤਦ ਉਹਨਾਂ ਨੇ ਇਹ ਕਹਿੰਦੇ ਹੋਏ ਉਸ ਨੂੰ ਮਖੌਲ ਕੀਤਾ, "ਦੇਖੋ, ਯਹੂਦੀਆਂ ਦਾ ਰਾਜਾ!"

### ਤਦ ਫਿਰ ਪਿਲਾਤੁਸ ਨੇ ਯਿਸੂ ਨੂੰ ਸਲੀਬ ਦੇਣ ਦੀ ਮਨਜ਼ੂਰੀ ਕਿਉਂ ਦਿੱਤੀ ?

ਪਿਲਾਤੁਸ ਡਰ ਗਿਆ ਕਿ ਭੀੜ ਦੰਗੇ ਕਰਨੇ ਸ਼ੁਰੂ ਕਰ ਦੇਵੇਗੀ |

### ਰੋਮੀ ਸਿਪਾਹੀਆਂ ਨੇ ਯਿਸੂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ?

ਉਹਨਾਂ ਨੇ ਯਿਸੂ ਨੂੰ ਕੋਰੜੇ ਮਾਰੇ, ਉਸ ਨੂੰ ਸ਼ਾਹੀ ਲਿਬਾਸ ਪਹਿਨਾਇਆ ਅਤੇ ਕੰਡਿਆ ਦਾ ਤਾਜ ਰੱਖਿਆ ਅਤੇ ਉਸ ਨੂੰ ਮਖੌਲ ਕੀਤੇ |

# ਯਿਸੂ ਨੂੰ ਸਲੀਬ ਦਿੱਤਾ ਗਿਆ

## 40:01

ਸਿਪਾਹੀ ਯਿਸੂ ਦਾ ਮਜ਼ਾਕ ਉਡਾਉਣ ਤੋਂ ਬਾਅਦ ਉਸ ਨੂੰ ਸਲੀਬ ਦੇਣ ਲਈ ਲੈ ਗਏ |ਉਹਨਾਂ ਨੇ ਉਸ ਕੋਲੋਂ ਉਹ ਸਲੀਬ ਉਠਵਾਈ ਜਿਸ ਉੱਤੇ ਉਸਨੇ ਮਰਨਾ ਸੀ |

### ਜਦੋਂ ਸਿਪਾਹੀ ਯਿਸੂ ਨੂੰ ਦੂਰ ਸਲੀਬ ਦੇਣ ਲਈ ਲੈ ਗਏ ਤਾਂ ਉਹਨਾਂ ਨੇ ਉਸ ਕੋਲੋਂ ਕੀ ਚੁਕਵਾਇਆ ?

ਉਹਨਾਂ ਨੇ ਉਸ ਕੋਲੋਂ ਸਲੀਬ ਉਠਵਾਈ ਜਿਸ ਉੱਤੇ ਉਸ ਨੂੰ ਟੰਗਣਾ ਸੀ |

---

## 40:02

ਸਿਪਾਹੀ ਯਿਸੂ ਨੂੰ ਉਸ ਜਗ੍ਹਾ ਤੇ ਲੈ ਕੇ ਆਏ ਜਿਸ ਨੂੰ “ ਗਲਗਥਾ ਅਰਥਾਤ ਖੋਪੜੀ” ਕਿਹਾ ਜਾਂਦਾ ਸੀ ਅਤੇ ਉਸ ਦੇ ਹੱਥਾਂ ਪੈਰਾਂ ਵਿੱਚ ਕਿੱਲਾਂ ਨੂੰ ਸਲੀਬ ਉੱਤੇ ਠੋਕ ਦਿੱਤਾ |ਪਰ ਯਿਸੂ ਨੇ ਕਿਹਾ, “ਪਿਤਾ ਇਹਨਾਂ ਨੂੰ ਮਾਫ਼ ਕਰ ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ |”ਪਿਲਾਤੁਸ ਨੇ ਹੁਕਮ ਦਿੱਤਾ ਕਿ ਉਹ ਇੱਕ ਫੱਟੀ ਉੱਤੇ ਲਿਖਣ, “ਯਹੂਦੀਆਂ ਦਾ ਰਾਜਾ” ਅਤੇ ਸਲੀਬ ਉੱਤੇ ਯਿਸੂ ਦੇ ਸਿਰ ਦੇ ਉੱਪਰ ਲਗਾਉਣ |

### ਉਸ ਜਗ੍ਹਾ ਦਾ ਕੀ ਨਾਮ ਸੀ ਜਿਸ ਜਗ੍ਹਾ ਉਸ ਨੂੰ ਸਲੀਬ ਦਿੱਤਾ ਗਿਆ ?

ਖੋਪਰੀ |

### ਕਿਸ ਪ੍ਰਕਾਰ ਸਿਪਾਹੀਆਂ ਨੇ ਯਿਸੂ ਨੂੰ ਸਲੀਬ ਉੱਤੇ ਲਟਕਾਇਆ ?

ਉਹਨਾਂ ਨੇ ਉਸ ਦੇ ਹੱਥਾਂ ਅਤੇ ਪੈਰਾਂ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਦਿੱਤਾ |

ਪਰ ਯਿਸੂ ਨੇ ਕਿਹਾ “ਪਿਤਾ ਇਹਨਾਂ ਨੂੰ ਮਾਫ਼ ਕਰ ਕਿਉਕਿ ਉਹ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਸਨ |”

### ਯਿਸੂ ਦੇ ਸਿਰ ਉੱਤੇ ਲੱਗੀ ਫੱਟੀ ਉੱਤੇ ਕੀ ਲਿਖਿਆ ਸੀ ?

ਯਹੂਦੀਆਂ ਦਾ ਰਾਜਾ |

---

## 40:03

ਸਿਪਾਹੀਆਂ ਨੇ ਯਿਸੂ ਦੇ ਕੱਪੜਿਆਂ ਲਈ ਗੁਣੇ ਪਾਏ |ਜਦੋਂ ਉਹ ਇਹ ਕਰ ਰਹੇ ਸਨ, ਉਹਨਾਂ ਨੇ ਉਸ ਭਵਿੱਖਬਾਣੀ ਨੂੰ ਪੂਰਾ ਕੀਤਾ ਜੋ ਕਹਿੰਦੀ ਸੀ, “ਉਹਨਾਂ ਨੇ ਮੇਰੇ ਕੱਪੜੇ ਆਪਸ ਵਿੱਚ ਵੰਡੇ ਅਤੇ ਮੇਰੇ ਕੱਪੜਿਆਂ ਲਈ ਗੁਣਾ ਪਾਇਆ |”

### ਸਿਪਾਹੀਆਂ ਨੇ ਕਿਸ ਤਰ੍ਹਾਂ ਯਿਸੂ ਦੇ ਕੱਪੜਿਆਂ ਦੀ ਵੰਡ ਪਾਈ ?

ਭਵਿੱਖਬਾਣੀ ਦੇ ਅਨੁਸਾਰ ਉਹਨਾਂ ਨੇ ਉਸ ਦੇ ਕੱਪੜਿਆਂ ਲਈ ਜੂਆ ਖੇਡਿਆ |

---

## 40:04

ਯਿਸੂ ਦੋ ਚੋਰਾਂ ਦੇ ਵਿਚਕਾਰ ਸਲੀਬ ਦਿੱਤਾ ਗਿਆ |ਉਹਨਾਂ ਵਿੱਚੋਂ ਇੱਕ ਨੇ ਯਿਸੂ ਦਾ ਮਜਾਕ ਉਡਾਇਆ, ਪਰ ਦੂਸਰੇ ਨੇ ਕਿਹਾ, “ਕੀ ਤੈਨੂੰ ਪਰਮੇਸ਼ੁਰ ਦਾ ਡਰ ਨਹੀਂ ਹੈ ?”ਅਸੀਂ ਦੋਸ਼ੀ ਹਾਂ ਪਰ ਇਹ ਮਨੁੱਖ ਬੇਕਸੂਰ ਹੈ |”ਤਦ ਉਸਨੇ ਯਿਸੂ ਨੂੰ ਕਿਹਾ, “ਕਿਰਪਾ ਕਰਕੇ ਮੈਨੂੰ ਵੀ ਆਪਣੇ ਰਾਜ ਵਿੱਚ ਯਾਦ ਕਰੀਂ |”ਯਿਸੂ ਨੇ ਉਸਨੂੰ ਉੱਤਰ ਦਿੱਤਾ, “ਅੱਜ ਹੀ ਤੂੰ ਮੇਰੇ ਨਾਲ ਸਵਰਗ ਵਿੱਚ ਹੋਵੇਂਗਾ |”

### ਉਹ ਡਾਕੂ ਜਿਸ ਨੇ ਯਿਸੂ ਦਾ ਮਜਾਕ ਨਹੀਂ ਉਡਾਇਆ ਸੀ ਉਸ ਨੇ ਯਿਸੂ ਨੂੰ ਕੀ ਕਰਨ ਲਈ ਕਿਹਾ ?

ਉਸ ਨੇ ਯਿਸੂ ਨੂੰ ਕਿਹਾ ਕਿ ਉਹ ਉਸ ਨੂੰ ਆਪਣੇ ਰਾਜ ਵਿੱਚ ਯਾਦ ਕਰੇ |

### ਡਾਕੂ ਦੀ ਬੇਨਤੀ ਪ੍ਰਤੀ ਯਿਸੂ ਦਾ ਕੀ ਉੱਤਰ ਸੀ ?

“ਅੱਜ ਹੀ ਤੂੰ ਮੇਰੇ ਨਾਲ ਸਵਰਗ ਵਿੱਚ ਹੋਵੇਂਗਾ |”

---

## 40:05

ਯਹੂਦੀ ਆਗੂਆਂ ਅਤੇ ਭੀੜ ਵਿੱਚ ਦੂਸਰੇ ਲੋਕਾਂ ਨੇ ਯਿਸੂ ਨੂੰ ਮਖੌਲ ਕੀਤੇ |ਉਹਨਾਂ ਨੇ ਉਸ ਨੂੰ ਕਿਹਾ, “ਜੇਕਰ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਸਲੀਬ ਤੋਂ ਹੇਠਾਂ ਆ ਜਾਹ ਅਤੇ ਆਪਣੇ ਆਪ ਨੂੰ ਬਚਾ ਲੈ !”ਤਦ ਅਸੀਂ ਤੇਰੇ ਉੱਤੇ ਵਿਸ਼ਵਾਸ ਕਰਾਂਗੇ |

### ਪਰਮੇਸ਼ੁਰ ਦਾ ਪੁੱਤਰ ਹੋਣ ਲਈ ਭੀੜ ਯਿਸੂ ਨੂੰ ਕੀ ਸਬੂਤ ਦੇਣ ਲਈ ਕਹਿ ਰਹੀ ਸੀ ?

ਉਹਨਾਂ ਨੇ ਉਸ ਨੂੰ ਕਿਹਾ ਉਹ ਸਲੀਬ ਤੋਂ ਹੇਠਾਂ ਉੱਤਰੇ ਅਤੇ ਆਪਣੇ ਆਪ ਨੂੰ ਬਚਾਵੇ |

---

## 40:06

ਤਦ ਸਾਰੇ ਇਲਾਕੇ ਵਿੱਚ ਪੂਰਾ ਹਨੇਰਾ ਹੋ ਗਿਆ, ਚਾਹੇ ਅਜੇ ਦਿਨ ਦਾ ਦੁਪਹਿਰਾ ਹੀ ਸੀ |ਇਹ ਹਨੇਰਾ ਸ਼ਾਮ 3:00 ਵਜੇ ਤੱਕ ਰਿਹਾ |

### ਦਿਨ ਦੀ ਦੁਪਹਿਰ ਨੂੰ ਅਕਾਸ਼ ਵਿੱਚ ਕਿਹੜੀ ਅਜੀਬ ਗੱਲ ਹੋਈ ?

ਉੱਥੇ ਬਿਲਕੁਲ ਅੰਧੇਰਾ ਹੋ ਗਿਆ ਜੋ ਦੁਪਹਿਰ ਤੋਂ ਸ਼ਾਮ 3:00 ਵਜੇ ਤੱਕ ਰਿਹਾ |

---

## 40:07

ਤਦ ਯਿਸੂ ਨੇ ਉੱਚੀ ਅਵਾਜ਼ ਨਾਲ ਪੁਕਾਰਿਆ ਅਤੇ ਕਿਹਾ, "ਪੂਰਾ ਹੋਇਆ!ਪਿਤਾ, ਮੈਂ ਆਪਣਾਂ ਆਤਮਾ ਤੇਰੇ ਹੱਥ ਵਿੱਚ ਦਿੰਦਾ ਹਾਂ |"ਤਦ ਉਸ ਨੇ ਸਿਰ ਝੁਕਾਇਆ ਅਤੇ ਆਪਣੇ ਪ੍ਰਾਣ ਛੱਡ ਦਿੱਤੇ |ਜਦੋਂ ਉਹ ਮਰਿਆ ਤਾਂ ਇੱਕ ਵੱਡਾ ਭੂਚਾਲ ਆਇਆ ਅਤੇ ਜਿਹੜਾ ਵੱਡਾ ਪਰਦਾ ਮੰਦਰ ਵਿੱਚ ਲੋਕਾਂ ਨੂੰ ਪਰਮੇਸ਼ੁਰ ਦੀ ਹਜ਼ੂਰੀ ਤੋਂ ਅੱਲਗ ਕਰਦਾ ਸੀ ਉੱਪਰ ਤੋਂ ਲੈ ਕੇ ਹੇਠਾਂ ਤੱਕ ਫਟ ਗਿਆ |

### ਉਹ ਆਖ਼ਰੀ ਸ਼ਬਦ ਕੀ ਸਨ ਜੋ ਯਿਸੂ ਨੇ ਸਲੀਬ ਤੋਂ ਪੁਕਾਰੇ ?

"ਇਹ ਪੂਰਾ ਹੋਇਆ !ਪਿਤਾ, ਮੈਂ ਆਪਣਾ ਆਤਮਾ ਤੇਰੇ ਹੱਥ ਸੌਂਪਦਾ ਹਾਂ |"

### ਯਿਸੂ ਦੇ ਮਰਨ ਤੋਂ ਇੱਕ ਦਮ ਬਾਅਦ ਕਿਹੜੀ ਚਮਤਕਾਰੀ ਘਟਨਾ ਘਟੀ ?

ਇੱਕ ਭੂਚਾਲ ਆਇਆ ਅਤੇ ਮੰਦਰ ਦਾ ਮੋਟਾ ਪਰਦਾ ਦੋ ਭਾਗਾਂ ਵਿੱਚ ਫਟ ਗਿਆ |

---

## 40:08

ਉਸ ਦੀ ਮੌਤ ਦੁਆਰਾ, ਯਿਸੂ ਨੇ ਪਰਮੇਸ਼ੁਰ ਕੋਲ ਆਉਣ ਲਈ ਲੋਕਾਂ ਲਈ ਰਾਹ ਖੋਲ੍ਹ ਦਿੱਤਾ |ਜਦੋਂ ਸਿਪਾਹੀ ਨੇ ਉਹ ਸਭ ਦੇਖਿਆ ਜੋ ਯਿਸੂ ਨਾਲ ਹੋਇਆ ਸੀ, ਉਸ ਨੇ ਕਿਹਾ, "ਸੱਚ ਮੁੱਚ ਇਹ ਨਿਰਦੋਸ਼ ਸੀ |ਇਹ ਪਰਮੇਸ਼ੁਰ ਦਾ ਪੁੱਤਰ ਸੀ |"

### ਯਿਸੂ ਨੇ ਆਪਣੀ ਮੌਤ ਦੁਆਰਾ ਕੀ ਪ੍ਰਾਪਤ ਕੀਤਾ ?

ਯਿਸੂ ਨੇ ਲੋਕਾਂ ਲਈ ਪਰਮੇਸ਼ੁਰ ਕੋਲ ਆਉਣ ਦਾ ਰਾਹ ਖੋਲ੍ਹਿਆ |

---

## 40:09

ਤਦ ਯੂਸੁਫ਼ ਅਤੇ ਨਿਕੋਦੇਮੁਸ, ਦੋ ਯਹੂਦੀ ਆਗੂ ਜੋ ਵਿਸ਼ਵਾਸ ਕਰਦੇ ਸਨ ਕਿ ਯਿਸੂ ਮਸੀਹ ਹੈ, ਉਹਨਾਂ ਨੇ ਪਿਲਾਤੁਸ ਕੋਲੋਂ ਯਿਸੂ ਦੀ ਲਾਸ਼ ਮੰਗੀ | ਉਹਨਾਂ ਨੇ ਯਿਸੂ ਦੀ ਲਾਸ਼ ਨੂੰ ਕੱਪੜੇ ਵਿੱਚ ਲਪੇਟ ਕੇ ਕਬਰ ਵਿੱਚ ਰੱਖ ਦਿੱਤਾ ਜੋ ਇੱਕ ਚਟਾਨ ਵਿੱਚ ਖੋਦੀ ਹੋਈ ਸੀ |ਤਦ ਉਹਨਾਂ ਨੇ ਇੱਕ ਵੱਡਾ ਪੱਥਰ ਰੇੜ੍ਹ ਕੇ ਕਬਰ ਦਾ ਮੂੰਹ ਬੰਦ ਕਰ ਦਿੱਤਾ |

### ਪਿਲਾਤੁਸ ਕੋਲੋਂ ਕਿਸ ਨੇ ਯਿਸੂ ਦੀ ਲਾਸ਼ ਮੰਗੀ ?

ਯੂਸੁਫ਼ ਅਤੇ ਨਿਕੋਦੇਮੁਸ |

### ਉਹਨਾਂ ਨੇ ਲਾਸ਼ ਦੇ ਨਾਲ ਕੀ ਕੀਤਾ ?

ਉਹਨਾਂ ਨੇ ਲਾਸ਼ ਨੂੰ ਇੱਕ ਕੱਪੜੇ ਵਿੱਚ ਲਪੇਟਿਆ ਅਤੇ ਚੱਟਾਨ ਵਿੱਚ ਖੋਦੀ ਹੋਈ ਇੱਕ ਕਬਰ ਵਿੱਚ ਰੱਖ ਦਿੱਤਾ ਅਤੇ ਉਸ ਕਬਰ ਦੇ ਮੂੰਹ ਅੱਗੇ ਇੱਕ ਵੱਡਾ ਪੱਥਰ ਰੇੜ੍ਹ ਕੇ ਕਰ ਦਿੱਤਾ |

# ਪਰਮੇਸ਼ੁਰ ਨੇ ਯਿਸੂ ਨੂੰ ਮੁਰਦਿਆਂ ਵਿੱਚੋ ਜਿਉਂਦਾ

## 41:01

ਪਰਮੇਸ਼ੁਰ ਨੇ ਯਿਸੂ ਨੂੰ ਮੁਰਦਿਆਂ ਵਿੱਚੋ ਜਿਉਂਦਾ ਕੀਤਾਸਿਪਾਹੀਆ ਦੇ ਯਿਸੂ ਨੂੰ ਸਲੀਬ ਦੇਣ ਬਾਅਦ, ਅਵਿਸ਼ਵਾਸੀ ਯਹੂਦੀ ਆਗੂਆਂ ਨੇ ਪਿਲਾਤੁਸ ਨੂੰ ਕਿਹਾ, ਝੂਠੇ ਯਿਸੂ ਨੇ ਕਿਹਾ, ਉਹ ਤਿੰਨ ਦਿਨ ਬਾਅਦ ਜੀਅ ਉੱਠੇਗਾ । ਕਿਸੇ ਨੂੰ ਚਾਹੀਦਾ ਹੈ ਕਿ ਕਬਰ ਦੀ ਰਾਖੀ ਕਰੇ, ਜੋ ਕਿ ਉਸ ਦੇ ਚੇਲੇ ਲਾਸ਼ ਨੂੰ ਚੋਰੀ ਨਾ ਕਰਨ ਅਤੇ ਫਿਰ ਉਹਨੂੰ ਜੀਅ ਉੱਠਿਆ ਹੈ ਕਹਿਣ ।

### ਯਿਸੂ ਨੇ ਕੀ ਕਿਹਾ ਸੀ ਕਿ ਉਸ ਦੀ ਮੌਤ ਤੋਂ ਤੀਸਰੇ ਦਿਨ ਕੀ ਹੋਵੇਗਾ ?

ਉਹ ਮੁਰਦਿਆਂ ਵਿੱਚੋਂ ਜੀਅ ਉੱਠੇਗਾ |

### ਯਹੂਦੀ ਆਗੂਆਂ ਨੇ ਇਸ ਭਵਿੱਖਬਾਣੀ ਬਾਰੇ ਕੀ ਸੋਚਿਆ ਕੀ ਉਹ ਦੁਬਾਰਾ ਜੀਵਿਤ ਹੋ ਜਵੇਗਾ ?

ਉਹਨਾਂ ਨੇ ਸੋਚਿਆ ਕਿ ਉਹ ਝੂਠ ਬੋਲ ਰਿਹਾ ਹੈ |

### ਯਹੂਦੀ ਆਗੂ ਕਿਸ ਤੋਂ ਡਰਦੇ ਸਨ ਕਿ ਉਸ ਦੇ ਚੇਲੇ ਕਰਨਗੇ ?

ਉਹਨਾਂ ਨੇ ਸੋਚਿਆ ਕੀ ਚੇਲੇ ਉਸ ਦੀ ਲਾਸ਼ ਨੂੰ ਚੁਰਾ ਲੈਣਗੇ ਤੇ ਇਸ ਗੱਲ ਦੀ ਘੋਸ਼ਣਾ ਕਰਨਗੇ ਕਿ ਯਿਸੂ ਮੁਰਦਿਆਂ ਵਿੱਚੋਂ ਜੀਵਿਤ ਹੋ ਗਿਆ ਹੈ ||

---

## 41:02

ਪਿਲਾਤੁਸ ਨੇ ਕੁੱਝ ਸਿਪਾਹੀ ਲੈਣ ਅਤੇ ਕਬਰ ਨੂੰ ਸੁਰੱਖਿਅਤ ਬਣਾਉਣ ਲਈ ਕਿਹਾ, ਜਿਵੇ ਤੁਸੀਂ ਕਰ ਸਕਦੇ ਹੋ। ਇਸ ਲਈ ਉਹਨਾਂ ਕਬਰ ਦੇ ਪ੍ਰਵੇਸ਼ ਦੁਆਰ ਤੇ ਪੱਥਰ ਤੇ ਮੋਹਰ ਲਾਈ, ਕਿ ਕੋਈ ਵੀ ਲਾਸ਼ ਨੂੰ ਚੋਰੀ ਨਾ ਕਰ ਸਕੇ ਅਤੇ ਉੱਥੇ ਸਿਪਾਹੀਆਂ ਨੂੰ ਰੱਖਿਆ ।

### ਯਹੂਦੀ ਆਗੂਆਂ ਨੇ ਯਿਸੂ ਦੀ ਕਬਰ ਦੀ ਰਾਖੀ ਕਰਨ ਲਈ ਕੀ ਕੀਤਾ ?

ਉਹਨਾਂ ਨੇ ਕਬਰ ਦੀ ਰਾਖੀ ਕਰਨ ਲਈ ਸਿਪਾਹੀਆਂ ਦਾ ਪਹਿਰਾ ਲਾ ਦਿੱਤਾ ਅਤੇ ਕਬਰ ਦੇ ਮੂੰਹ ਉੱਤੇ ਰੱਖੇ ਪੱਥਰ ਉੱਤੇ ਮੋਹਰ ਲਾ ਦਿੱਤੀ |

---

## 41:03

ਯਿਸੂ ਨੂੰ ਦਫ਼ਨਾਏ ਜਾਣ ਤੋਂ ਅਗਲੇ ਦਿਨ ਸਬਤ ਦਾ ਦਿਨ ਸੀ ਅਤੇ ਯਹੂਦੀਆ ਨੂੰ ਉਸ ਦਿਨ ਕਬਰ ਤੇ ਜਾਣ ਦੀ ਇਜ਼ਾਜਤ ਨਹੀਂ ਸੀ। ਇਸ ਲਈ ਸਬਤ ਦੇ ਦਿਨ ਦੇ ਬਾਅਦ ਤੜਕੇ, ਕਈ ਔਰਤਾਂ ਯਿਸੂ ਦੀ ਕਬਰ ਤੇ ਜਾਣ ਲਈ ਤਿਆਰ ਹੋਈਆਂ ਕਿ ਉਸ ਦੀ ਲਾਸ਼ ਤੇ ਹੋਰ ਵੀ ਦਫ਼ਨਾਉਣ ਵਾਲੇ ਮਸਾਲੇ ਲਾਏ ਜਾਣ।

### ਔਰਤਾਂ ਕਦੋਂ ਕਬਰ ਤੇ ਗਈਆਂ?

ਸਬਤ ਦੇ ਦਿਨ ਦੇ ਬਾਅਦ ਤੜਕੇ ਹੀ |

---

## 41:04

ਅਚਾਨਕ , ਇੱਕ ਬਹੁਤ ਵੱਡਾ ਭੂਚਾਲ ਆਇਆ, ਇੱਕ ਦੂਤ ਸਵਰਗ ਤੋਂ ਆਇਆ, ਜੋ ਕਿ ਬਿਜਲੀ ਦੇ ਵਾਂਗ ਚਮਕਦਾ ਸੀ । ਉਸ ਨੇ ਕਬਰ ਦੇ ਪ੍ਰਵੇਸ਼ ਦੁਆਰ ਦੇ ਪੱਥਰ ਨੂੰ ਹਟਾਇਆ, ਅਤੇ ਉਸ ਤੇ ਬੈਠ ਗਿਆ । ਕਬਰ ਦੇ ਪਹਿਰੇਦਾਰ ਸਿਪਾਹੀ ਡਰ ਗਏ ਅਤੇ ਬੇਹੋਸ਼ ਹੋ ਜ਼ਮੀਨ ਤੇ ਡਿੱਗ ਪਏ ।

### ਔਰਤਾਂ ਦੇ ਕਬਰ ਉੱਤੇ ਪਹੁੰਚਣ ਤੋਂ ਪਹਿਲਾਂ ਕਿਹੜੀ ਚਮਤਕਾਰੀ ਘਟਨਾ ਘਟੀ ?

ਭੂਚਾਲ ਆਇਆ ਅਤੇ ਇੱਕ ਦੂਤ ਪ੍ਰਗਟ ਹੋਇਆ ਅਤੇ ਉਸ ਨੇ ਪੱਥਰ ਨੂੰ ਰੇੜ੍ਹ ਦਿੱਤਾ ਅਤੇ ਉਸ ਦੇ ਉੱਤੇ ਬੈਠ ਗਿਆ |

### ਜਦੋਂ ਸਿਪਾਹੀਆਂ ਨੇ ਦੂਤ ਨੂੰ ਦੇਖਿਆ ਤਾਂ ਉਹਨਾਂ ਨੇ ਕੀ ਕੀਤਾ ?

ਉਹ ਡਰ ਗਏ ਅਤੇ ਮੁਰਦਿਆਂ ਦੀ ਤਰ੍ਹਾਂ ਧਰਤੀ ਉੱਤੇ ਡਿੱਗ ਗਏ |

---

## 41:05

ਜਦੋ ਔਰਤਾਂ ਵੀ ਕਬਰ ਤੇ ਪਹੁੰਚੀਆਂ, ਦੂਤ ਨੇ ਕਿਹਾ, ਡਰੋ ਨਾ , ਯਿਸੂ ਇੱਥੇ ਨਹੀਂ ਹੈ । ਉਹ ਮੁਰਦਿਆਂ ਵਿੱਚੋ ਜੀਅ ਅ ਉੱਠਿਆ ਹੈ, ਜਿਸ ਤਰ੍ਹਾਂ ਉਸ ਨੇ ਕਿਹਾ ਸੀ, ਉਸ ਨੇ ਕੀਤਾ ।
ਕਬਰ ਵਿੱਚ ਜਾਓ ਅਤੇ ਵੇਖੋ ਔਰਤਾਂ ਨੇ ਕਬਰ ਅੰਦਰ ਵੇਖਿਆ, ਜਿੱਥੇ ਯਿਸੂ ਦੇ ਸਰੀਰ ਨੂੰ ਰੱਖਿਆ ਗਿਆ ਸੀ । ਉਸ ਦਾ ਸਰੀਰ ਉੱਥੇ ਨਹੀਂ ਸੀ ।

### ਜਦੋਂ ਔਰਤਾਂ ਕਬਰ ਤੇ ਆਈਆਂ ਤਾਂ ਦੂਤ ਨੇ ਉਹਨਾਂ ਨੂੰ ਕੀ ਕਿਹਾ ?

ਨਾ ਡਰੋ |ਯਿਸੂ ਮੁਰਦਿਆਂ ਵਿੱਚੋਂ ਜੀਵਿਤ ਹੋ ਗਿਆ ਹੈ |ਕਬਰ ਵਿੱਚ ਝਾਤੀ ਮਾਰੋ ਅਤੇ ਦੇਖੋ |

---

## 41:06

ਫਿਰ ਦੂਤ ਨੇ ਔਰਤਾਂ ਨੂੰ ਕਿਹਾ, ਜਾਓ ਅਤੇ ਚੇਲਿਆਂ ਨੂੰ ਦੱਸੋ ਕਿ ਯਿਸੂ ਜੀਅ ਉੱਠਿਆ ਹੈ ਅਤੇ ਉਹ ਤੁਹਾਡੇ ਅੱਗੇ ਗਲੀਲ ਨੂੰ ਜਾਵੇਗਾ ।

### ਦੂਤ ਨੇ ਔਰਤਾਂ ਨੂੰ ਕੀ ਕਿਹਾ ਕਿ ਉਹ ਜਾ ਕੇ ਚੇਲਿਆਂ ਨੂੰ ਦੱਸਣ ?

ਉਸ ਨੇ ਉਹਨਾਂ ਨੂੰ ਦੱਸਿਆ ਕਿ ਚੇਲਿਆਂ ਨੂੰ ਦੱਸਣ ਕੀ ਯਿਸੂ ਮੁਰਦਿਆਂ ਵਿੱਚੋਂ ਜੀਵਿਤ ਹੋ ਗਿਆ ਹੈ ਅਤੇ ਉਹ ਉਹਨਾਂ ਦੇ ਅੱਗੇ ਗਲੀਲ ਨੂੰ ਜਾਵੇਗਾ |

---

## 41:07

ਔਰਤਾਂ ਡਰ ਗਈਆਂ ਅਤੇ ਬਹੁਤ ਹੀ ਖ਼ੁਸ਼ੀ ਨਾਲ ਭਰ ਗਈਆਂ । ਉਹ ਚੇਲਿਆਂ ਨੂੰ ਖ਼ੁਸ਼ ਖ਼ਬਰੀ ਦੱਸਣ ਲਈ ਭੱਜ ਗਈਆਂ ।

---

## 41:08

ਜਦੋਂ ਔਰਤਾਂ ਚੇਲਿਆਂ ਨੂੰ ਖ਼ੁਸ਼ ਖ਼ਬਰੀ ਦੱਸਣ ਲਈ ਆਪਣੇ ਰਾਹ ਤੇ ਸਨ, ਯਿਸੂ ਪ੍ਰਗਟ ਹੋਇਆ ਅਤੇ ਉਹਨਾਂ ਉਸ ਦੀ ਉਪਾਸਨਾ ਕੀਤੀ । ਯਿਸੂ ਨੇ ਕਿਹਾ, ਡਰੋ ਨਾ । ਜਾਓ ਅਤੇ ਗਲੀਲ ਨੂੰ ਜਾਣ ਲਈ ਮੇਰੇ ਚੇਲਿਆਂ ਨੂੰ ਦੱਸੋ । ਉਹ ਮੈਨੂੰ ਉੱਥੇ ਦੇਖਣਗੇ ।

### ਜਦੋਂ ਔਰਤਾਂ ਚੇਲਿਆਂ ਨੂੰ ਦੱਸਣ ਜਾ ਰਹੀਆਂ ਸਨ ਤੋਂ ਉਹਨਾਂ ਨੂੰ ਰਾਹ ਵਿੱਚ ਕੌਣ ਮਿਲਿਆ ?

ਯਿਸੂ ਉਹਨਾਂ ਉੱਤੇ ਪ੍ਰਗਟ ਹੋਇਆ |

### ਅਤੇ

ਉਹਨਾਂ ਨੇ ਉਸ ਦੀ ਅਰਾਧਨਾ ਕੀਤੀ |

# ਯਿਸੂ ਵਾਪਿਸ ਸਵਰਗ ਚਲੇ ਗਏ

## 42:01

ਜਿਸ ਦਿਨ ਯਿਸੂ ਮੁਰਦਿਆਂ ਵਿੱਚੋਂ ਜੀਅ ਉੱਠਿਆ , ਉਸ ਦੇ ਦੋ ਚੇਲੇ ਇੱਕ ਨੇੜੇ ਦੇ ਸ਼ਹਿਰ ਨੂੰ ਜਾ ਰਹੇ ਸਨ । ਉਹ ਚੱਲਦੇ ਹੋਏ ਅਤੇ ਗੱਲਾਂ ਕਰ ਰਹੇ ਸਨ ਕਿ ਯਿਸੂ ਨਾਲ ਕੀ ਹੋਇਆ ਸੀ । ਉਹਨਾਂ ਦੀ ਆਸ ਸੀ ਕਿ ਉਹ ਮਸੀਹਾ ਸੀ, ਪਰ ਫਿਰ ਵੀ ਉਸਨੂੰ ਮਾਰ ਦਿੱਤਾ ਗਿਆ ਸੀ । ਤਦ ਔਰਤਾਂ ਨੇ ਕਿਹਾ, ਉਹ ਫਿਰ ਜ਼ਿੰਦਾ ਹੋ ਗਿਆ । ਉਹ ਨਹੀਂ ਸਮਝ ਸਕੇ ਕਿ, ਕੀ ਵਿਸ਼ਵਾਸ ਕਰੀਏ ।

### ਦੋ ਚੇਲੇ ਆਪਣੇ ਰਾਹ ਜਾਂਦੇ ਹੋਏ ਕਿਸ ਬਾਰੇ ਗੱਲਾਂ ਕਰਦੇ ਸਨ ?

ਉਹ ਗੱਲਾਂ ਕਰ ਰਹੇ ਸਨ ਕਿ ਯਿਸੂ ਨਾਲ ਕੀ ਹੋਇਆ |

---

## 42:02

ਯਿਸੂ ਉਹਨਾਂ ਕੋਲ ਪਹੁੰਚੇ ਅਤੇ ਉਸ ਨੇ ਉਹਨਾਂ ਦੇ ਨਾਲ ਤੁਰਨਾ ਸ਼ੁਰੂ ਕੀਤਾ, ਪਰ ਉਹ ਉਸ ਨੂੰ ਪਛਾਣ ਨਾ ਸਕੇ।ਉਸ ਨੇ ਉਹਨਾਂ ਨੂੰ ਪੁੱਛਿਆ ਤੁਸੀਂ ਕਿਸ ਬਾਰੇ ਗੱਲਾਂ ਕਰ ਰਹੇ ਹੋ, ਅਤੇ ਉਹਨਾਂ ਨੇ ਉਸ ਨੂੰ ਕਿਹਾ ਉਹ ਸਾਰੇ ਚਮਤਕਾਰੀ ਕੰਮਾਂ ਬਾਰੇ ਜੋ ਯਿਸੂ ਨਾਲ ਪਿਛਲੇ ਕੁੱਝ ਦਿਨਾਂ ਦੌਰਾਨ ਹੋਏ, ??? ਬਾਰੇ ਦੱਸਿਆ ।ਉਹਨਾਂ ਸੋਚਿਆ ਕਿ ਉਹ ਇੱਕ ਸੈਲਾਨੀ ਨਾਲ ਗੱਲ ਕਰ ਰਹੇ ਸਨ, ਜੋ ਨਹੀਂ ਜਾਣਦਾ ਸੀ ਕਿ ਯਰੂਸ਼ਲਮ ਵਿੱਚ ਕੀ ਹੋਇਆ ਸੀ ।

### ਜਦੋਂ ਯਿਸੂ ਮਾਰਗ ਵਿੱਚ ਚੇਲਿਆਂ ਨਾਲ ਜਾ ਮਿਲਿਆ ਤਾਂ ਉਹਨਾਂ ਨੇ ਉਸ ਬਾਰੇ ਕੀ ਸਮਝਿਆ ਕਿ ਉਹ ਕੌਣ ਹੈ ?

ਉਹਨਾਂ ਨੇ ਸੋਚਿਆ ਕਿ ਉਹ ਕੋਈ ਯਾਤਰੀ ਹੈ ਜੋ ਨਹੀਂ ਜਾਣਦਾ ਕੀ ਯਰੂਸ਼ਲਮ ਵਿੱਚ ਕੀ ਹੋਇਆ ਸੀ |

---

## 42:03

ਤਦ ਯਿਸੂ ਨੇ ਉਹਨਾਂ ਨੂੰ ਸਮਝਾਇਆ,ਜੋ ਪਰਮੇਸ਼ੁਰ ਦੇ ਬਚਨ ਵਿੱਚ, ਮਸੀਹ ਬਾਰੇ ਲਿਖਿਆ ਸੀ।ਉਸ ਨੇ ਉਹਨਾਂ ਨੂੰ ਯਾਦ ਕਰਾਇਆ ਕਿ ਨਬੀਆਂ ਨੇ ਕਿਹਾ ਮਸੀਹਾ ਦੁੱਖ ਉਠਾਏਗਾ ਅਤੇ ਉਹ ਮਾਰਿਆ ਜਾਵੇਗਾ, ਪਰ ਤੀਜੇ ਦਿਨ ਫ਼ਿਰ ਜੀਅ ਉੱਠੇਗਾ ।ਜਦ ਉਹ ਸ਼ਹਿਰ ਪਹੁੰਚ ਗਏ ਜਿੱਥੇ ਦੋ ਵਿਅਕਤੀ ਆਂ ਨੇ ਰਹਿਣ ਦੀ ਯੋਜਨਾ ਬਣਾਈ, ਉਹ ਲਗਭਗ ਸ਼ਾਮ ਦਾ ਸਮਾਂ ਸੀ ।

### ਨਬੀਆਂ ਨੇ ਕੀ ਕਿਹਾ ਸੀ ਕਿ ਮਸੀਹਾ ਨਾਲ ਹੋਵੇਗਾ ?

ਮਸੀਹਾ ਦੁੱਖ ਉਠਾਏਗਾ ਅਤੇ ਮਾਰਿਆ ਜਾਵੇਗਾ ਅਤੇ ਤੀਸਰੇ ਦਿਨ ਜੀਵਿਤ ਹੋ ਜਾਵੇਗਾ |

---

## 42:04

ਦੋ ਵਿਅਕਤੀ ਆ ਨੇ ਯਿਸੂ ਨੂੰ ਰਹਿਣ ਲਈ ਸੱਦਾ ਦਿੱਤਾ, ਇਸ ਲਈ ਉਸ ਨੇ ਕੀਤਾ ।ਜਦੋਂ ਉਹ ਸ਼ਾਮ ਦਾ ਭੋਜਨ ਖਾਣ ਲਈ ਤਿਆਰ ਸਨ, ਯਿਸੂ ਨੇ ਇੱਕ ਰੋਟੀ ਨੂੰ ਚੁੱਕਿਆ ਅਤੇ ਪਰਮੇਸ਼ੁਰ ਦਾ ਧੰਨਵਾਦ ਕੀਤਾ ਹੈ, ਅਤੇ ਫਿਰ ਉਸ ਨੂੰ ਤੋਂ ਡ਼ਿਆ ।ਅਚਾਨਕ , ਉਹਨਾਂ ਨੂੰ ਪਤਾ ਲੱਗਾ, ਕਿ ਉਹ ਯਿਸੂ ਹੈ ।ਪਰ ਉਸੇ ਹੀ ਪਲ, ਉਹ ਉਹਨਾਂ ਦੀ ਦ੍ਰਿਸ਼ਟੀ ਤੋਂ ਅਲੋਪ ਹੋ ਗਿਆ ।

### ਯਿਸੂ ਕੀ ਕਰ ਰਿਹਾ ਸੀ ਜਦੋਂ ਦੋ ਚੇਲਿਆ ਨੇ ਉਸ ਨੂੰ ਪਛਾਣ ਲਿਆ ?

ਉਹ ਰੋਟੀ ਤੋੜ ਰਿਹਾ ਸੀ ਅਤੇ ਉਸ ਲਈ ਪਰਮੇਸ਼ੁਰ ਦਾ ਧੰਨਵਾਦ ਕਰਦਾ ਸੀ |

---

## 42:05

ਦੋ ਵਿਅਕਤੀ ਆਂ ਨੇ ਇੱਕ ਦੂਜੇ ਨੂੰ ਕਿਹਾ ਕਿ ਉਹ ਯਿਸੂ ਸੀ ।ਸਾਡੇ ਦਿਲ ਕੰਬ ਗਏ, ਜਦ ਉਸ ਨੇ ਸਾਨੂੰ ਪਰਮੇਸ਼ੁਰ ਦੇ ਬਚਨਾਂ ਨੂੰ ਸਮਝਾਇਆ । ਤੁਰੰਤ , ਉਹ ਵਾਪਸ ਯਰੂਸ਼ਲਮ ਨੂੰ ਗਏ ।ਜਦ ਉਹ ਪਹੁੰਚੇ ਤੇ ਉਹਨਾਂ ਨੇ ਚੇਲਿਆਂ ਨੂੰ ਕਿਹਾ, ਯਿਸੂ ਜੀਅ ਉੱਠਿਆ ਹੈ ।ਅਸੀਂ ਉਸ ਨੂੰ ਵੇਖਿਆ ਹੈ ।

### ਯਿਸੂ ਦੇ ਜਾਣ ਤੋਂ ਬਾਅਦ ਉਹਨਾਂ ਦੋ ਚੇਲਿਆਂ ਨੇ ਕੀ ਕੀਤਾ ?

ਉਹ ਯਰੂਸ਼ਲਮ ਨੂੰ ਮੁੜ ਗਏ ਅਤੇ ਦੂਸਰੇ ਚੇਲਿਆਂ ਨੂੰ ਜਾ ਕੇ ਦੱਸਿਆ ਕਿ ਯਿਸੂ ਜੀਵਿਤ ਹੈ ਅਤੇ ਉਹਨਾਂ ਨੇ ਉਸ ਨੂੰ ਦੇਖਿਆ ਹੈ |

---

## 42:06

ਚੇਲੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਅਚਾਨਕ ਯਿਸੂ ਉਸ ਕਮਰੇ ਵਿੱਚ ਪ੍ਰਗਟ ਹੋਏ ਅਤੇ ਕਿਹਾ, ਤੁਹਾਨੂੰ ਸ਼ਾਂਤੀ ਮਿਲੇ ।ਚੇਲਿਆਂ ਨੇ ਸੋਚਿਆ ਉਹ ਕੋਈ ਭੂਤ ਹੈ, ਪਰ ਯਿਸੂ ਨੇ ਕਿਹਾ ਤੁਸੀਂ ਕਿਉਂ ਡਰ ਰਹੇ ਹੋ ਅਤੇ ਸ਼ੱਕ ਕਰ ਰਹੇ ਹੋ ?ਮੇਰੇ ਹੱਥ ਅਤੇ ਪੈਰਾਂ ਨੂੰ ਵੇਖੋ ਭੂਤ ਦੇ ਮਾਸ ਅਤੇ ਹੱਡੀਆਂ ਨਹੀਂ ਹੁੰਦੀਆਂ ਜਿਵੇਂ ਮੇਰੇ ਹਨ |ਉਹ ਕੋਈ ਭੂਤ ਨਹੀਂ ਸੀ, ਇਸ ਨੂੰ ਸਾਬਤ ਕਰਨ ਲਈ ਉਸ ਨੇ ਕੁੱਝ ਖਾਣ ਲਈ ਮੰਗਿਆ ।ਉਹਨਾਂ ਨੇ ਉਸ ਨੂੰ ਮੱਛੀ ਦਾ ਇੱਕ ਪਕਾਇਆ ਹੋਇਆ ਟੁਕੜਾ ਦਿੱਤਾ, ਅਤੇ ਉਸ ਨੇ ਇਸ ਨੂੰ ਖਾ ਲਿਆ ।

### ਯਿਸੂ ਨੇ ਚੇਲਿਆਂ ਨੂੰ ਕਿਸ ਤਰ੍ਹਾਂ ਸਬੂਤ ਦਿੱਤਾ ਕਿ ਉਹ ਕੋਈ ਭੂਤ ਨਹੀਂ ਹੈ ?

ਉਸ ਪਕਾਈ ਹੋਈ ਮੱਛੀ ਦਾ ਇੱਕ ਟੁੱਕੜਾ ਲਿਆ ਅਤੇ ਖਾਧਾ |

---

## 42:07

ਯਿਸੂ ਨੇ ਕਿਹਾ, ਮੈਂ ਸਭ ਤੁਹਾਨੂੰ ਕਿਹਾ ਸੀ ਕਿ ਕੁੱਝ ਜੋ ਪਰਮੇਸ਼ੁਰ ਦੇ ਬਚਨ ਵਿੱਚ ਮੇਰੇ ਬਾਰੇ ਲਿਖਿਆ ਹੈ ਪੂਰਾ ਹੋਵੇਗਾ ।ਤਦ ਉਸਨੇ ਉਨਾਂ ਦੇ ਮਨਾਂ ਨੂੰ ਖੋਲ੍ਹਿਆ,ਤਾਂ ਕਿ ਉਹ ਪਰਮੇਸ਼ੁਰ ਦੇ ਬਚਨਾਂ ਨੂੰ ਸਮਝ ਸਕਣ ।ਉਸਨੇ ਕਿਹਾ, ਇਹ ਲੰਬੇ ਸਮੇ ਤੋਂ ਲਿਖਿਆ ਗਿਆ ਸੀ ਕਿ ਮਸੀਹਾ ਦੁੱਖ ਉਠਾਏਗਾ, ਮਾਰਿਆ ਜਾਵੇਗਾ, ਅਤੇ ਤੀਜੇ ਦਿਨ ਫਿਰ ਜੀਅ ਉੱਠੇਗਾ ।

### ਕਿਹੜੀ ਗੱਲ ਨੇ ਚੇਲਿਆਂ ਨੂੰ ਯੋਗ ਬਣਾਇਆ ਕਿ ਉਹ ਪਰਮੇਸ਼ੁਰ ਦਾ ਵਚਨ ਸਮਝਣ ?

ਯਿਸੂ ਨੇ ਉਹਨਾਂ ਦੇ ਦਿਲਾਂ ਨੂੰ ਖੋਲ੍ਹਿਆ |

---

## 42:08

ਧਰਮ ਗ੍ਰੰਥ ਵਿੱਚ ਇਹ ਵੀ ਲਿਖਿਆ ਗਿਆ ਸੀ ਮੇਰੇ ਚੇਲੇ ਹਰ ਕਿਸੇ ਨੂੰ ਆਪਣੇ ਪਾਪਾ ਦੀ ਮਾਫ਼ੀ ਲਈ ਤੋਬਾ ਦਾ ਪ੍ਰਚਾਰ ਕਰਨਗੇ ।ਉਹ ਯਰੂਸ਼ਲਮ ਵਿੱਚ ਇਸ ਨੂੰ ਸ਼ੁਰੂ ਕਰਨਗੇ , ਅਤੇ ਫਿਰ ਹਰ ਜਗ੍ਹਾ ਸਾਰੀਆਂ ਕੋਮਾਂ ਵਿੱਚ ਜਾਣਗੇ ।ਤੁਸੀਂ ਇਹ ਸਭ ਕੁੱਝ ਦੇ ਗਵਾਹ ਹੋ ।

### ਉਹ ਕਿਹੜਾ ਸੰਦੇਸ਼ ਸੀ ਜਿਸ ਦੀ ਘੋਸ਼ਣਾ ਯਿਸੂ ਦੇ ਚੇਲਿਆਂ ਨੇ ਕਰਨੀ ਸੀ ?

ਉਹਨਾਂ ਨੇ ਇਹ ਘੋਸ਼ਣਾ ਕਰਨੀ ਹੈ ਕਿ ਹਰ ਇੱਕ ਆਪਣੇ ਪਾਪਾਂ ਤੋਂ ਮਾਫ਼ੀ ਪਾਉਣ ਲਈ ਤੋਬਾ ਕਰੇ |

### ਯਿਸੂ ਦੇ ਚੇਲਿਆਂ ਨੇ ਕਿੱਥੇ ਸੰਦੇਸ਼ ਦੇਣਾ ਸੀ ?

ਉਹ ਪਹਿਲਾਂ ਯਰੂਸ਼ਲਮ, ਅਤੇ ਫਿਰ ਧਰਤੀ ਦੇ ਸਾਰੇ ਲੋਕਾਂ ਵਿੱਚ |

---

## 42:09

ਅਗਲੇ ਚਾਲੀ ਦਿਨਾਂ ਦੌਰਾਨ, ਯਿਸੂ ਆਪਣੇ ਚੇਲਿਆਂ ਨੂੰ ਕਈ ਵਾਰ ਦਿਖਾਈ ਦਿੱਤੇ | ਇੱਕ ਵਾਰ , ਉਹ 500 ਤੋਂ ਵੀ ਵੱਧ ਲੋਕਾਂ ਨੂੰ ਦਿਖਾਈ ਦਿੱਤੇ ! ਉਸ ਨੇ ਆਪਣੇ ਚੇਲਿਆਂ ਨੂੰ ਬਹੁਤ ਸਾਰੇ ਤਰੀਕਿਆ ਨਾਲ ਸਾਬਤ ਕੀਤਾ, ਕਿ ਉਹ ਜੀਉਂਦਾ ਹੈ ਅਤੇ ਉਸ ਨੇ ਉਹਨਾਂ ਨੂੰ ਪਰਮੇਸ਼ੁਰ ਦੇ ਰਾਜ ਬਾਰੇ ਸਿਖਾਇਆ ।

### ਕਿੰਨਾ ਸਮਾਂ ਯਿਸੂ ਚੇਲਿਆਂ ਤੇ ਪ੍ਰਗਟ ਹੁੰਦਾ ਰਿਹਾ ?

ਉਹ ਉਹਨਾਂ ਉੱਤੇ ਚਾਲੀ ਦਿਨ ਪ੍ਰਗਟ ਹੁੰਦਾ ਰਿਹਾ |

### ਇਸ ਸਮੇਂ ਦੌਰਾਨ ਚੇਲਿਆਂ ਦਾ ਕਿੰਨਾ ਸਮੂਹ ਸੀ ਜਿਹਨਾਂ ਨੇ ਯਿਸੂ ਨੂੰ ਦੇਖਿਆ ?

ਉਹ 500 ਤੋਂ ਵੱਧ ਲੋਕਾਂ ਤੇ ਇੱਕੋ ਵਾਰ ਪ੍ਰਗਟ ਹੋਇਆ |

---

## 42:10

ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਸਵਰਗ ਅਤੇ ਧਰਤੀ ਦੇ ਸਾਰੇ ਅਧਿਕਾਰ ਮੈਨੂੰ ਦਿੱਤੇ ਗਏ ਹਨ ।ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਹਨਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਅਤੇ ਉਹਨਾਂ ਨੂੰ ਸਿਖਾਓ ਭਈ ਉਹਨਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਹਨਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ।ਯਾਦ ਰੱਖੋ, ਮੈ ਹਮੇਸ਼ਾ ਤੁਹਾਡੇ ਨਾਲ ਹੋਵਾਂਗਾ ।

### ਯਿਸੂ ਨੇ ਆਪਣੇ ਚੇਲਿਆ ਨੂੰ ਕੀ ਆਗਿਆ ਦਿੱਤੀ ਕਿ ਉਹ ਜਾਣ ਅਤੇ ਕਰਨ ?

ਉਸ ਨੇ ਉਹਨਾਂ ਨੂੰ ਕਿਹਾ, “ਸਾਰੀਆਂ ਜਾਤੀਆਂ ਨੂੰ ਚੇਲੇ ਬਣਾਓ ਅਤੇ ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਅਤੇ ਉਹਨਾਂ ਨੂੰ ਉਹ ਸਭ ਗੱਲਾਂ ਦੀ ਪਾਲਣਾ ਕਰਨਾ ਸਿਖਾਓ ਜਿਹਨਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ |

---

## 42:11

ਯਿਸੂ ਨੇ ਮੁਰਦਿਆ ਵਿੱਚੋ ਜੀਅ ਉੱਠਣ ਦੇ ਚਾਲੀ ਦਿਨਾਂ ਬਾਅਦ, ਚੇਲਿਆਂ ਨੂੰ ਕਿਹਾ,ਤਦ ਤਕ ਯਰੂਸ਼ਲਮ ਵਿੱਚ ਰਹਿਣਾ, ਜਦ ਤਕ ਮੇਰਾ ਪਿਤਾ ਤੁਹਾਨੂੰ ਪਵਿੱਤਰ ਆਤਮਾ ਦੀ ਸ਼ਕਤੀ ਨਾ ਦੇਵੇ ।ਤਦ ਯਿਸੂ ਸਵਰਗ ਨੂੰ ਚਲੇ ਗਏ , ਅਤੇ ਇੱਕ ਬੱਦਲ ਨੇ ਉਹਨਾਂ ਦੀ ਦ੍ਰਿਸ਼ਟੀ ਤਕ ਉਸ ਨੂੰ ਓਹਲੇ ਕਰ ਲਿਆ । ਯਿਸੂ ਪਰਮੇਸ਼ੁਰ ਦੇ ਸੱਜੇ ਹੱਥ ਤੇ ਬੈਠ ਗਿਆ, ਕਿ ਉਹ ਸਭ ਤੇ ਰਾਜ ਕਰੇ |

### ਕਿਉਂ ਯਿਸੂ ਨੇ ਚੇਲਿਆਂ ਨੂੰ ਯਰੂਸ਼ਲਮ ਵਿੱਚ ਠਹਿਰੇ ਰਹਿਣ ਲਈ ਕਿਹਾ ?

ਉਹਨਾਂ ਨੂੰ ਤਦ ਤੱਕ ਇੰਤਜ਼ਾਰ ਕਰਨਾ ਸੀ ਜਦ ਤੱਕ ਪਿਤਾ ਉਹਨਾਂ ਉੱਪਰ ਪਵਿੱਤਰ ਆਤਮਾ ਆਉਂਣ ਦੁਆਰਾ ਸ਼ਕਤੀ ਨਹੀਂ ਦਿੰਦਾ |

### ਯਿਸੂ ਆਪਣੇ ਮੁਰਦਿਆਂ ਵਿੱਚੋਂ ਜੀਵਿਤ ਹੋਣ ਦੇ ਚਾਲੀ ਦਿਨ ਬਾਅਦ ਕਿੱਥੇ ਗਿਆ ?

ਉਹ ਸਵਰਗ ਵਿੱਚ ਗਿਆ |

### ਹੁਣ ਯਿਸੂ ਕੀ ਕਰ ਰਿਹਾ ਹੈ ?

ਉਹ ਪਿਤਾ ਦੇ ਸੱਜੇ ਹੱਥ ਬੈਠਾ ਹੈ ਅਤੇ ਸਾਰੀਆਂ ਵਸਤਾਂ ਉੱਤੇ ਰਾਜ ਕਰਦਾ ਹੈ |

# ਚਰਚ ਦੀ ਸ਼ੁਰੂਆਤ

## 43:01

ਯਿਸੂ ਦੇ ਸਵਰਗ ਵਾਪਸ ਜਾਣ ਤੋਂ ਬਾਅਦ, ਯਿਸੂ ਦੇ ਹੁਕਮ ਅਨੁਸਾਰ ਚੇਲੇ ਯਰੂਸ਼ਲਮ ਵਿੱਚ ਰਹੇ ।ਨਿਹਚਾਵਾਨ ਉੱਥੇ ਲਗਾਤਾਰ ਪ੍ਰਾਰਥਨਾ ਕਰਨ ਲਈ ਇਕੱਠੇ ਹੋਏ ।

### ਚੇਲੇ ਕੀ ਕਰ ਰਹੇ ਸਨ ਜਦੋਂ ਉਹ ਯਰੂਸ਼ਲਮ ਵਿੱਚ ਇੰਤਜ਼ਾਰ ਕਰ ਰਹੇ ਸਨ ?

ਉਹ ਲਗਾਤਾਰ ਪ੍ਰਾਰਥਨਾ ਕਰਨ ਲਈ ਇਕੱਠੇ ਸਨ |

---

## 43:02

ਹਰ ਸਾਲ, ਪਸਾਹ ਦੇ ਬਾਅਦ 50 ਦਿਨ, ਪੰਤੇਕੁਸਤ ਦੇ ਮਹੱਤਵਪੂਰਨ ਦਿਨ ਨੂੰ ਮਨਾਉਣ ਲਈ ਯਹੂਦੀ ਲੋਕ ਇੱਕਠੇ ਹੁੰਦੇ ਸਨ ।ਪੰਤੇਕੁਸਤ ਇੱਕ ਸਮਾ ਸੀ, ਜਦ ਯਹੂਦੀ ਲੋਕ ਫਸਲ ਪਕੱਣ ਦੀ ਖੁਸ਼ੀ ਮਨਾਉਂਦੇ ਸਨ ।ਸੰਸਾਰ ਭਰ ਦੇ ਯਹੂਦੀ ਯਰੂਸ਼ਲਮ ਵਿੱਚ ਇਕੱਠੇ ਹੋਕੇ ਪੰਤੇਕੁਸਤ ਨੂੰ ਮਨਾਉਂਦੇ ਸਨ । ਇਸ ਸਾਲ, ਯਿਸੂ ਦੇ ਵਾਪਸ ਸਵਰਗ ਜਾਣ ਤੋਂ ਇੱਕ ਹਫ਼ਤੇ ਬਾਅਦ ਪੰਤੇਕੁਸਤ ਸੀ।

### ਯਹੂਦੀ ਕਦੋਂ ਪੰਤੇਕੁਸਤ ਦਾ ਪਰਬ ਮਨਾਉਂਦੇ ਸਨ ?

ਉਹ ਹਰ ਸਾਲ ਪਸਾਹ ਦੇ 50 ਦਿਨ ਬਾਅਦ ਮਨਾਉਂਦੇ ਸਨ |

### ਯਿਸੂ ਦੇ ਮੁਰਦਿਆਂ ਵਿੱਚੋਂ ਜੀਵਿਤ ਹੋਂਣ ਦੇ ਬਾਅਦ ਪੰਤੇਕੁਸਤ ਦੇ ਸਮੇਂ ਵਿਸ਼ਵਾਸੀਆਂ ਨਾਲ ਕੀ ਹੋਇਆ ?

ਇੱਕ ਵੱਡੀ ਹਨੇਰੀ ਦੀ ਅਵਾਜ਼ ਆਈ, ਹਰ ਇੱਕ ਦੇ ਸਿਰ ਉੱਤੇ ਅੱਗ ਦੀਆਂ ਜੀਭਾਂ ਜਿਹੀਆਂ ਪਗਟ ਹੋਈਆਂ ਅਤੇ ਉਹ ਸਭ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਵੱਖ ਵੱਖ ਭਾਸ਼ਾਵਾਂ ਬੋਲਣ ਲੱਗੇ |

---

## 43:03

ਜਦੋਂ ਸਾਰੇ ਵਿਸ਼ਵਾਸੀ ਇਕੱਠੇ ਹੋਏ ਸਨ, ਅਚਾਨਕ ਉਹ ਘਰ ਜਿੱਥੇ ਉਹ ਇੱਕਠੇ ਸਨ ਇੱਕ ਵੱਡੇ ਸ਼ੋਰ ਨਾਲ ਭਰ ਗਿਆ ਸੀ ।ਫਿਰ ਅੱਗ ਦੀਆਂ ਲਾਟਾਂ ਵਰਗਾ ਕੁੱਝ ਵਿਖਾਈ ਦਿੱਤਾ, ਜੋ ਕਿ ਸਾਰੇ ਵਿਸ਼ਵਾਸੀਆਂ ਦੇ ਸਿਰ ਤੇ ਉੱਤਰਿਆ ।ਉਹ ਸਾਰੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਓਪਰੀਆਂ ਭਾਸ਼ਾਵਾਂ ਵਿੱਚ ਗੱਲਾਂ ਕਰਨ ਲਗੇ।

---

## 43:04

ਜਦ ਯਰੂਸ਼ਲਮ ਵਿੱਚ ਸਾਰੇ ਲੋਕਾਂ ਨੇ ਸ਼ੋਰ ਸੁਣਿਆ, ਇੱਕ ਵੱਡੀ ਭੀੜ ਵੇਖਣ ਨੂੰ ਇਕੱਠੀ ਹੋਈ।ਜਦ ਲੋਕਾਂ ਨੇ , ਪਰਮੇਸ਼ੁਰ ਦੇ ਸ਼ਾਨਦਾਰ ਕੰਮਾਂ ਦਾ ਪ੍ਰਚਾਰ ਸੁਣਿਆ, ਲੋਕ ਹੈਰਾਨ ਹੋਏ, ਕਿ ਉਹ ਆਪਣੀ ਭਾਸ਼ਾ ਵਿੱਚ ਸਭ ਕੁੱਝ ਸੁਣ ਰਹੇ ਸਨ।

### ਭੀੜ ਵਿੱਚ ਲੋਕ ਕਿਉਂ ਹੈਰਾਨ ਹੋ ਰਹੇ ਸਨ ?

ਉਹਨਾਂ ਨੇ ਚੇਲਿਆਂ ਨੂੰ ਆਪਣੀ ਖੇਤਰੀ ਭਾਸ਼ਾ ਵਿੱਚ ਬੋਲਦਿਆ ਸੁਣਿਆ |

---

## 43:05

ਕੁੱਝ ਲੋਕਾਂ ਨੇ ਚੇਲਿਆਂ ਤੇ ਸ਼ਰਾਬੀ ਹੋਣ ਦਾ ਦੋਸ਼ ਲਇਆ ।ਪਰ ਪਤਰਸ , ਖੜ੍ਹਾ ਹੋਇਆ ਅਤੇ ਉਸ ਨੇ ਕਿਹਾ, ਮੇਰੀ ਗੱਲ ਸੁਣੋ !ਇਹ ਲੋਕ ਸ਼ਰਾਬੀ ਨਹੀਂ ਹਨ | ਪਰ ਇਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ, ਪਰਮੇਸ਼ੁਰ ਆਖਦਾ ਹੈ ਕਿ ਅੰਤ ਦੇ ਦਿਨਾਂ ਵਿੱਚ, ਮੈ ਆਪਣੇ ਆਤਮਾ ਨੂੰ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ ।

### ਕੁੱਝ ਲੋਕਾਂ ਦੇ ਵਿਚਾਰ ਅਨੁਸਾਰ ਕਿਉਂ ਚੇਲੇ ਇਸ ਪ੍ਰਕਾਰ ਬੋਲ ਰਹੇ ਸਨ ?

ਉਹਨਾਂ ਨੇ ਚੇਲਿਆਂ ਤੇ ਨਸ਼ੇ ਵਿੱਚ ਹੋਣ ਦਾ ਦੋਸ਼ ਲਾਇਆ |

### ਪਤਰਸ ਨੇ ਕੀ ਦੱਸਿਆ ਕਿ ਉਹ ਕਿਹੜੀ ਗੱਲ ਹੈ ਜਿਸ ਕਾਰਨ ਇਹ ਲੋਕ ਇਹਨਾਂ ਭਾਸ਼ਾਵਾਂ ਵਿੱਚ ਬੋਲਦੇ ਹਨ ?

ਪਤਰਸ ਨੇ ਦੱਸਿਆ ਪਰਮੇਸ਼ੁਰ ਆਪਣਾ ਆਤਮਾ ਉੰਡੇਲ ਰਿਹਾ ਹੈ |

---

## 43:06

ਹੇ ਇਸਰਾਏਲ ਦੇ ਲੋਕੋ, ਯਿਸੂ ਉਹ ਸੀ ਜਿਸ ਨੇ ਪਰਮੇਸ਼ੁਰ ਦੀ ਸ਼ਕਤੀ ਦੇ ਨਾਲ ਬਹੁਤ ਸ਼ਕਤੀਸ਼ਾਲੀ ਚਮਤਕਾਰ ਅਤੇ ਅਚੰਭੇ ਕੀਤੇ, ਜਿਸ ਨੂੰ ਤੁਸੀਂ ਆਪ ਵੇਖਿਆ ਹੈ ।ਪਰ ਤੁਸੀਂ ਉਸ ਨੂੰ ਸਲੀਬ ਦੇ ਦਿਤੀ !

### ਪਤਰਸ ਕਿਹਨਾਂ ਨੂੰ ਕਹਿ ਰਿਹਾ ਹੈ ਕਿ ਉਹ ਯਿਸੂ ਨੂੰ ਸਲੀਬ ਦੇਣ ਦੇ ਜ਼ੁੰਮੇਵਾਰ ਹਨ ?

ਭੀੜ ਵਿੱਚ ਲੋਕਾਂ ਨੂੰ |

---

## 43:07

ਯਿਸੂ ਮਰਿਆ, ਪਰ ਪਰਮੇਸ਼ੁਰ ਨੇ ਉਸਨੂੰ ਮੁਰਦਿਆਂ ਵਿੱਚੋ ਜੀਉਂਦਾ ਕੀਤਾ ।ਇਹ ਇਸ ਭਵਿੱਖਬਾਣੀ ਨੂੰ ਪੂਰਾ ਕਰਦਾ ਹੈ ਕਿ ਉਹ ਆਪਣੇ ਪਵਿੱਤਰ ਪੁਰਖ ਨੂੰ ਕਬਰ ਵਿੱਚ ਸੜਨ ਨਾ ਦੇਵੇਂਗਾ ।ਅਸੀ ਇਸ ਸੱਚਿਆਈ ਦੇ ਗਵਾਹ ਹਾਂ, ਕਿ ਪਰਮੇਸ਼ੁਰ ਨੇ ਯਿਸੂ ਨੂੰ ਫਿਰ ਜਿਉਂਦਾ ਕੀਤਾ ਹੈ ।

### ਪਤਰਸ ਦੇ ਅਨੁਸਾਰ ਯਿਸੂ ਕਿਸ ਤਰ੍ਹਾਂ ਦੁਬਾਰਾ ਜੀਵਿਤ ਹੋ ਗਿਆ ?

ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜੀਵਿਤ ਕੀਤਾ |

---

## 43:08

ਯਿਸੂ ਨੇ ਹੁਣ ਪਰਮੇਸ਼ੁਰ ਪਿਤਾ ਦੇ ਸੱਜੇ ਹੱਥ ਉੱਤੇ ਵਿਰਾਜਮਾਨ ਹੈ ।ਤਦ ਯਿਸੂ ਨੇ ਆਪਣਾ ਪਵਿੱਤਰ ਆਤਮਾ ਭੇਜਿਆ, ਜਿਸ ਤਰ੍ਹਾਂ ਉਸ ਨੇ ਕਿਹਾ, ਉਸ ਨੇ ਕੀਤਾ ।ਪਵਿੱਤਰ ਆਤਮਾ ਦਸੱਦਾ ਹੈ, ਜਿਸਨੂੰ ਹੁਣ ਤੁਸੀਂ ਵੇਖਦੇ ਅਤੇ ਸੁਣਦੇ ਹੋ ।

### ਕਿਹੜੀ ਗੱਲ ਨੇ ਚੇਲਿਆਂ ਨੂੰ ਦੂਸਰੀਆਂ ਭਾਸ਼ਾਵਾਂ ਵਿੱਚ ਬੋਲਣ ਦਿੱਤਾ ?

ਪਵਿੱਤਰ ਆਤਮਾ ਨੇ ਉਹਨਾਂ ਨੂੰ ਦੂਸਰੀਆਂ ਭਾਸ਼ਾਵਾਂ ਵਿੱਚ ਬੋਲਣ ਦਿੱਤਾ |

---

## 43:09

ਤੁਸੀਂ ਯਿਸੂ ਨੂੰ ਸਲੀਬ ਦਿੱਤੀ ।ਪਰ ਪੱਕੀ ਤਰ੍ਹਾਂ ਜਾਣਦੇ ਹੋ ਕਿ ਪਰਮੇਸ਼ੁਰ ਨੇ ਯਿਸੂ ਨੂੰ ਪ੍ਰਭੂ ਅਤੇ ਮਸੀਹ ਵੀ ਕੀਤਾ ।

### ਪਤਰਸ ਕਿਹਨਾਂ ਨੂੰ ਕਹਿ ਰਿਹਾ ਹੈ ਕਿ ਉਹ ਯਿਸੂ ਨੂੰ ਸਲੀਬ ਦੇਣ ਦੇ ਜੁੰਮੇਵਾਰ ਹਨ ?

ਭੀੜ ਵਿੱਚ ਲੋਕਾਂ ਨੂੰ |

### ਪਤਰਸ ਦੇ ਅਨੁਸਾਰ ਉਹ ਦੋ ਕਿਹੜੀਆਂ ਗੱਲਾਂ ਹਨ ਜੋ ਪਰਮੇਸ਼ੁਰ ਨੇ ਯਿਸੂ ਨੂੰ ਬਣਨ ਦਿੱਤਾ ?

ਪ੍ਰਭੂ ਅਤੇ ਮਸੀਹਾ|

---

## 43:10

ਜਦ ਉਹਨਾਂ ਪਤਰਸ ਨੂੰ ਸੁਣਿਆ ਤਾਂ ਉਹਨਾਂ ਦੇ ਦਿਲ ਕੰਬ ਗਏ ।ਇਸ ਲਈ ਉਹਨਾਂ ਨੇ ਪਤਰਸ ਅਤੇ ਯਿਸੂ ਦੇ ਚੇਲਿਆਂ ਨੂੰ ਪੁੱਛਿਆ, ਭਰਾਵੋ, ਸਾਨੂੰ ਕੀ ਕਰਨਾ ਚਾਹੀਦਾ ਹੈ ?

### ਲੋਕਾਂ ਨੇ ਪਤਰਸ ਦੇ ਸੰਦੇਸ਼ ਪ੍ਰਤੀ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ?

ਬਹੁਤ ਹੀ ਜ਼ਿਆਦਾ ਪ੍ਰਭਾਵਿਤ ਹੋਏ ਅਤੇ ਪੁੱਛਿਆ, “ਭਾਈਓ ਸਾਨੂੰ ਕੀ ਕਰਨਾ ਚਾਹੀਦਾ ਹੈ?”

---

## 43:11

ਪਤਰਸ ਨੇ ਉਹਨਾਂ ਨੂੰ ਕਿਹਾ, ਤੋਬਾ ਕਰੋ ਅਤੇ ਤੁਹਾਡੇ ਵਿੱਚ ਹਰ ਇੱਕ ਪਰਮੇਸ਼ੁਰ ਤੋਂ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਤੇ ਬਪਤਿਸਮਾ ਲਵੇ ।ਤਾਂ ਉਹ ਤੁਹਾਨੂੰ ਵੀ ਪਵਿੱਤਰ ਆਤਮਾ ਦਾ ਦਾਨ ਦੇਵੇਗਾ ।

### ਪਤਰਸ ਨੇ ਲੋਕਾਂ ਨੂੰ ਕੀ ਕਰਨ ਲਈ ਕਿਹਾ ?

ਉਸ ਨੇ ਉਹਨਾਂ ਨੂੰ ਤੋਬਾ ਕਰਨ ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਲਈ ਕਿਹਾ ਕਿ ਪਰਮੇਸ਼ੁਰ ਉਹਨਾਂ ਦੇ ਪਾਪਾਂ ਨੂੰ ਮਾਫ਼ ਕਰੇ |

---

## 43:12

ਲਗਭਗ 3,000 ਲੋਕਾਂ ਨੇ ਪਤਰਸ ਦੇ ਕਹਿਣ ਦੇ ਅਨੁਸਾਰ ਵਿਸ਼ਵਾਸ ਕੀਤਾ ਅਤੇ ਯਿਸੂ ਦੇ ਚੇਲੇ ਬਣ ਗਏ ।ਉਹਨਾਂ ਨੇ ਬਪਤਿਸਮਾ ਲਿਆ ਅਤੇ ਯਰੂਸ਼ਲਮ ਵਿੱਚ ਕਲੀਸਿਯਾ ਦਾ ਹਿੱਸਾ ਬਣ ਗਏ ।

### ਉਸ ਦਿਨ ਕਿੰਨੇ ਲੋਕਾਂ ਨੇ ਵਿਸ਼ਵਾਸ ਕੀਤਾ ਅਤੇ ਬਪਤਿਸਮਾ ਲਿਆ ?

ਲੱਗ-ਭੱਗ 3000 |

---

## 43:13

ਅਤੇ ਉਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿੱਚ ਅਤੇ ਰੋਟੀ ਤੋੜਨ ਅਤੇ ਪ੍ਰਾਰਥਨਾ ਕਰਨ ਵਿੱਚ ਲੱਗੇ ਰਹੇ ।ਉਹ ਮਿਲ ਕੇ ਪਰਮੇਸ਼ੁਰ ਦੀ ਉਸਤਤ ਕਰਦੇ ਸਨ ਅਤੇ ਉਹ ਸਾਰੀਆ ਵਸਤਾਂ ਵਿੱਚ ਭਾਈ ਵਾਲ ਵੀ ਸਨ ।ਉਹ ਹਰੇਕ ਨੂੰ ਪਿਆਰੇ ਸਨ।ਹਰ ਦਿਨ , ਹੋਰ ਲੋਕ ਵਿਸ਼ਵਾਸੀ ਬਣਨ ਲੱਗ ਪਏ ।

## ਚੇਲੇ ਕੀ ਕਰਕੇ ਆਪਣਾ ਸਮਾਂ ਗੁਜਾਰਦੇ ਸਨ ?

ਰਸੂਲਾਂ ਦੀ ਸਿੱਖਿਆ ਸੁਣਨ, ਸੰਗਤੀ ਕਰਨ, ਮਿਲਕੇ ਭੋਜਨ ਕਰਨ, ਇੱਕ ਦੂਸਰੇ ਲਈ ਪ੍ਰਾਰਥਨਾ ਕਰਨ , ਪਰਮੇਸ਼ੁਰ ਦੀ ਅਰਾਧਨਾ ਕਰਨਾ ਤੇ ਆਪਣਾ ਸਾਰਾ ਮਾਲ ਧੰਨ ਸਾਂਝਾ ਕਰਨ ਵਿੱਚ |

# ਪਤਰਸ ਅਤੇ ਯੂਹੰਨਾ ਨੇ ਇੱਕ ਭਿਖਾਰੀ ਨੂੰ ਚੰਗਾ ਕੀਤਾ ।

## 44:01

ਇੱਕ ਦਿਨ, ਪਤਰਸ ਅਤੇ ਯੂਹੰਨਾ ਮੰਦਰ ਨੂੰ ਜਾ ਰਹੇ ਸਨ ।ਜਦੋਂ ਉਹ ਮੰਦਰ ਦੇ ਗੇਟ ਕੋਲ ਪਹੁੰਚੇ, ਉਹਨਾਂ ਇੱਕ ਅਪਾਹਜ ਵਿਅਕਤੀ ਨੂੰ ਵੇਖਿਆ, ਜੋ ਕਿ ਪੈਸੇ ਲਈ ਬੇਨਤੀ ਕਰ ਰਿਹਾ ਸੀ ।

### ਲੰਗੜਾ ਵਿਅਕਤੀ ਪਤਰਸ ਅਤੇ ਯੂਹੰਨਾ ਕੋਲੋਂ ਕਿਸ ਚੀਜ਼ ਦੀ ਆਸ਼ਾ ਕਰਦਾ ਸੀ ਕਿ ਉਹ ਉਸ ਨੂੰ ਦੇਣਗੇ ?

ਪੈਸਾ |

---

## 44:02

ਪਤਰਸ ਨੇ ਲੰਗੜੇ ਵਿਅਕਤੀ ਨੂੰ ਵੇਖਿਆ ਅਤੇ ਕਿਹਾ,ਮੇਰੇ ਕੋਲ ਤੁਹਾਡੇ ਦੇਣ ਲਈ ਕੋਈ ਵੀ ਪੈਸਾ ਨਹੀਂ ਹੈ ।ਪਰ ਮੈ ਤੈਨੂੰ ਦੇਵਾਂਗਾ, ਜੋ ਮੇਰੇ ਕੋਲ ਹੈ । ਯਿਸੂ ਦੇ ਨਾਮ ਤੇ , ਉੱਠ ਅਤੇ ਤੁਰ ।

### ਪਤਰਸ ਨੇ ਲੰਗੜੇ ਨੂੰ ਉਸ ਤੋਂ ਬਜਾਏ ਕੀ ਦਿੱਤਾ ?

ਪਤਰਸ ਨੇ ਉਸ ਨੂੰ ਯਿਸੂ ਦੇ ਨਾਮ ਵਿੱਚ ਚੰਗਾ ਕੀਤਾ|

---

## 44:03

ਤੁਰੰਤ, ਪਰਮੇਸ਼ੁਰ ਨੇ ਲੰਗੜੇ ਵਿਅਕਤੀ ਨੂੰ ਚੰਗਾ ਕੀਤਾ , ਅਤੇ ਉਹ ਤੁਰਿਆ ਅਤੇ ਆਲੇ-ਦੁਆਲੇ ਛਾਲਾਂ ਮਾਰੀਆਂ , ਅਤੇ ਪਰਮੇਸ਼ੁਰ ਦੀ ਉਸਤਤ ਕਰਨੀ ਸ਼ੁਰੂ ਕਰ ਦਿੱਤੀ।ਮੰਦਰ ਦੇ ਵਿਹੜੇ ਵਿੱਚ ਲੋਕ ਹੈਰਾਨ ਸਨ ।

---

## 44:04

ਲੋਕਾਂ ਦੀ ਭੀੜ ਜਲਦੀ ਹੀ ਉਸ ਰਾਜੀ ਕੀਤੇ ਮਨੁੱਖ ਨੂੰ ਵੇਖਣ ਲਈ ਆਈ, ਜਿਸਨੂੰ ਪਰਮੇਸ਼ਵਰ ਨੇ ਚੰਗਾ ਕੀਤਾ ਸੀ ।ਪਤਰਸ ਨੇ ਲੋਕਾਂ ਨੂੰ ਕਿਹਾ , ਇਸ ਵਿਅਕਤੀ ਨੂੰ ਚੰਗਾ ਕੀਤੇ ਜਾਣ ਤੇ ਤੁਸੀਂ ਕਿਉਂ ਹੈਰਾਨ ਹੋ ?ਅਸੀ ਆਪਣੀ ਤਾਕਤ ਜਾਂ ਭਲਿਆਈ ਦੁਆਰਾ ਉਸਨੂੰ ਚੰਗਾ ਨਹੀਂ ਕੀਤਾ ।ਇਸ ਦੀ ਬਜਾਇ, ਇਹ ਯਿਸੂ ਦੀ ਸ਼ਕਤੀ ਅਤੇ ਵਿਸ਼ਵਾਸ ਹੈ ਜਿਸ ਨਾਲ ਇਸ ਵਿਅਕਤੀ ਨੂੰ ਚੰਗਾ ਕੀਤਾ ਹੈ, ਜੋ ਕਿ ਪਰਮੇਸ਼ਵਰ ਦਿੰਦਾ ਹੈ ।

### ਪਤਰਸ ਦੇ ਕਹਿਣ ਦੇ ਅਨੁਸਾਰ ਕਿਹੜੀ ਗੱਲ ਨਾਲ ਲੰਗੜਾ ਵਿਅਕਤੀ ਚੰਗਾ ਹੋ ਗਿਆ ?

ਯਿਸੂ ਦੀ ਸ਼ਕਤੀ ਅਤੇ ਜਿਹੜਾ ਵਿਸ਼ਵਾਸ ਯਿਸੂ ਦਿੰਦਾ ਹੈ |

---

## 44:05

ਤੁਸੀਂ ਉਹ ਲੋਕ ਹੋ ਜਿਹਨਾਂ ਰੋਮੀ ਹਾਕਮ ਤੋਂ ਯਿਸੂ ਦੀ ਮੌਤ ਮੰਗੀ ।ਤੁਸੀਂ ਜੀਵਨ ਦੇ ਲੇਖਕ ਨੂੰ ਮਾਰਿਆ, ਪਰ ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜੀਉਂਦਾ ਕੀਤਾ ।ਤੁਸੀਂ ਨਾ ਸਮਝ ਸਕੇ ਕਿ ਤੁਸੀਂ ਕੀ ਕਰ ਰਹੇ ਸੀ, ਪਰ ਪਰਮੇਸ਼ੁਰ ਨੇ ਤੁਹਾਡੇ ਕੰਮਾਂ ਨੂੰ ਅਪਣੇ ਅਗੰਮਵਾਕ ਨੂੰ ਪੂਰਾ ਕਰਨ ਲਈ ਵਰਤਿਆ, ਤਾਂ ਜੋ ਮਸੀਹਾ ਦੁੱਖ ਉਠਾਏ ਅਤੇ ਮਾਰਿਆ ਜਾਵੇ ।ਇਸ ਲਈ ਹੁਣ, ਤੋਬਾ ਕਰੋ ਅਤੇ ਮਨ ਫਿਰਾਓ ਤਾਂ ਜੋ ਤੁਹਾਡੇ ਪਾਪ ਧੋ ਕੇ ਦੂਰ ਕੀਤੇ ਜਾਣ ।

### ਪਤਰਸ ਅਨੁਸਾਰ ਯਿਸੂ ਨੂੰ ਕਿਸ ਨੇ ਮਾਰਿਆ ਸੀ ?

ਉਸ ਨੇ ਕਿਹਾ ਭੀੜ ਵਿੱਚ ਲੋਕਾਂ ਨੇ ਰੋਮੀ ਸ਼ਾਸ਼ਕ ਨੂੰ ਕਿਹਾ ਕਿ ਉਹ ਯਿਸੂ ਨੂੰ ਮਾਰੇ |

### ਲੋਕਾਂ ਨੇ ਕਿਹੜੀਆਂ ਭਵਿੱਖਬਾਣੀਆਂ ਨੂੰ ਪੂਰਾ ਕੀਤਾ ਜਦੋਂ ਉਹਨਾਂ ਨੇ ਯਿਸੂ ਨੂੰ ਮਾਰਿਆ ?

ਭਵਿੱਖਬਾਣੀਆਂ ਕਹਿੰਦਿਆਂ ਹਨ ਕੀ ਮਸੀਹਾ ਦੁੱਖ ਉਠਾਵੇਗਾ ਅਤੇ ਮਰਿਆ ਜਾਵੇਗਾ |

---

## 44:06

ਮੰਦਰ ਦੇ ਆਗੂ ਪਤਰਸ ਅਤੇ ਯੂਹੰਨਾ ਦੀ ਗੱਲਾਂ ਤੋਂ ਬਹੁਤ ਹੀ ਪਰੇਸ਼ਾਨ ਹੋਏ ।ਇਸ ਲਈ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ, ਅਤੇ ਕੈਦਖਾਨੇ ਵਿੱਚ ਪਾ ਦਿੱਤਾ ।ਪਰ ਬਹੁਤ ਸਾਰੇ ਲੋਕਾਂ ਨੇ ਪਤਰਸ ਦੇ ਸੁਨੇਹੇ ਤੇ ਵਿਸ਼ਵਾਸ ਕੀਤਾ, ਅਤੇ ਲੱਗ-ਭਗ 5000 ਲੋਕਾਂ ਨੇ ਯਿਸੂ ਤੇ ਵਿਸ਼ਵਾਸ ਕੀਤਾ।

### ਪਤਰਸ ਲੋਕਾਂ ਨੂੰ ਕੀ ਕਰਨ ਲਈ ਕਹਿੰਦਾ ਹੈ ?

ਉਹ ਤੋਬਾ ਕਰਨ ਅਤੇ ਪਰਮੇਸ਼ੁਰ ਵੱਲ ਮੁੜਨ ਤਾਂ ਕਿ ਉਹਨਾਂ ਦੇ ਪਾਪ ਮਿਟਾਏ ਜਾਣ |[44-05]ਪਤਰਸ ਦੇ ਸੰਦੇਸ਼ ਦੇ ਨਤੀਜੇ ਵਜੋਂ ਕਿੰਨੇ ਲੋਕਾਂ ਨੇ ਯਿਸੂ ਉੱਤੇ ਵਿਸ਼ਵਾਸ ਕੀਤਾ ?ਲੱਗ-ਭੱਗ 5000 |

---

## 44:07

ਅਗਲੇ ਦਿਨ , ਯਹੂਦੀ ਆਗੂ ਅਤੇ ਹੋਰ ਧਾਰਮਿਕ ਆਗੂ ਪਤਰਸ ਅਤੇ ਯੂਹੰਨਾ ਨੂੰ ਸਰਦਾਰ ਜਾਜ਼ਕ ਕੋਲ ਲੈ ਆਏ ।ਉਹਨਾਂ ਪਤਰਸ ਅਤੇ ਯੂਹੰਨਾ ਨੂੰ ਕਿਹਾ, ਤੁਸੀਂ ਕਿਸ ਸ਼ਕਤੀ ਨਾਲ ਇਸ ਲੰਗੜੇ ਵਿਅਕਤੀ ਨੂੰ ਚੰਗਾ ਕੀਤਾ ?

---

## 44:08

ਪਤਰਸ ਨੇ ਉੱਤਰ ਦਿੱਤਾ ਕਿ ਇਹ ਵਿਅਕਤੀ ਜੋ ਤੁਹਾਡੇ ਸਾਹਮਣੇ ਖੜ੍ਹਾ ਹੈ ਮਸੀਹ ਯਿਸੂ ਦੀ ਸ਼ਕਤੀ ਨਾਲ ਚੰਗਾ ਹੋਇਆ ।ਤੁਸੀਂ ਯਿਸੂ ਨੂੰ ਸਲੀਬ ਦਿੱਤੀ , ਪਰ ਪਰਮੇਸ਼ੁਰ ਨੇ ਦੁਬਾਰਾ ਉਸਨੂੰ ਜੀਉਂਦਾ ਕੀਤਾ ।ਤੁਸੀਂ ਉਸ ਨੂੰ ਸਵਿਕਾਰਿਆ ਨਹੀਂ, ਪਰ ਤੁਸੀਂ ਯਿਸੂ ਦੀ ਸ਼ਕਤੀ ਤੋਂ ਬਿਨਾਂ ਹੋਰ ਕਿਸੇ ਦੁਆਰਾ ਨਹੀਂ ਬਚਾਏ ਜਾ ਸਕਦੇ ।

### ਬਚਾਏ ਜਾਣ ਲਈ ਕਿਹੜਾ ਇੱਕ ਹੀ ਮਾਰਗ ਹੈ ?

ਸਿਰਫ਼ ਬਚਾਏ ਜਾਣ ਲਈ ਯਿਸੂ ਮਸੀਹ ਦੀ ਸ਼ਕਤੀ |

---

## 44:09

ਆਗੂ ਇਹ ਵੇਖ ਕੇ ਹੈਰਾਨ ਹੋਏ ਕਿ ਪਤਰਸ ਅਤੇ ਯੂਹੰਨਾ ਬਹੁਤ ਦਲੇਰੀ ਨਾਲ ਗੱਲ ਕਰ ਰਹੇ ਸਨ ਜੋ ਕਿ ਅਨਪੜ੍ਹ ਅਤੇ ਆਮ ਵਿਅਕਤੀ ਸਨ ।ਪਰ ਫਿਰ ਉਹਨਾਂ ਨੂੰ ਇਹ ਯਾਦ ਆਇਆ ਕਿ ਇਹ ਲੋਕ ਯਿਸੂ ਦੇ ਨਾਲ ਸੀ ।ਬਾਅਦ ਵਿੱਚ ਉਹਨਾਂ ਪਤਰਸ ਅਤੇ ਯੂਹੰਨਾ ਨੂੰ ਧਮਕੀ ਦੇ ਕੇ ਛੱਡ ਦਿੱਤਾ ।

### ਯੂਹੰਨਾ ਅਤੇ ਪਤਰਸ ਦੇ ਪ੍ਰਚਾਰ ਤੋਂ ਯਹੂਦੀ ਆਗੂ ਕਿਉਂ ਦੰਗ ਰਹਿ ਗਏ ਸੀ ?

ਯੂਹੰਨਾ ਅਤੇ ਪਤਰਸ ਸਧਾਰਨ ਅਤੇ ਅਨਪੜ ਮਨੁੱਖ ਹਨ|

### ਆਖ਼ਿਰਕਰ ਯਹੂਦੀ ਆਗੂਆਂ ਨੇ ਪਤਰਸ ਅਤੇ ਯੂਹੰਨਾ ਨਾਲ ਕੀ ਕਰਨ ਦਾ ਫੈਸਲਾ ਕੀਤਾ ?

ਉਹਨਾਂ ਨੇ ਉਹਨਾਂ ਨੂੰ ਧਮਕਾਇਆ ਅਤੇ ਜਾਣ ਦਿੱਤਾ |

# ਫ਼ਿਲਿਪੁੱਸ ਅਤੇ ਇਥੋਪੀਆਈ ਅਫ਼ਸਰ

## 45:01

ਸ਼ੁਰੂਆਤ ਦੇ ਦਿਨਾਂ ਵਿੱਚ ਚਰਚ ਦਾ ਆਗੂ ਇੱਕ ਸਟੀਫਨ ਨਾਮ ਦਾ ਮਨੁੱਖ ਸੀ ।ਉਹ ਇੱਕ ਚੰਗਾ ਨੇਕਨਾਮੀ ਸੀ ਅਤੇ ਪਵਿੱਤਰ ਆਤਮਾ ਅਤੇ ਬੁੱਧ ਨਾਲ ਭਰਪੂਰ ਸੀਸਟੀਫਨ ਨੇ ਬਹੁਤ ਸਾਰੇ ਚਮਤਕਾਰ ਕੀਤੇ ਅਤੇ ਲੋਕਾਂ ਨੂੰ ਯਿਸੂ ਤੇ ਵਿਸ਼ਵਾਸ ਕਰਨ ਲਈ ਕਾਇਲ ਕੀਤਾ ।

### ਇਸਤੀਫ਼ਾਨ ਕਿਹੋ ਜਿਹਾ ਵਿਅਕਤੀ ਸੀ ?

ਉਹ ਦਾ ਚੰਗਾ ਬੋਲਣ ਬਾਲਾ ਅਤੇ ਪਵਿੱਤਰ ਆਤਮਾ ਅਤੇ ਬੁੱਧੀ ਨਾਲ ਭਰਿਆ ਹੋਇਆ ਸੀ |

---

## 45:02

ਜਦ ਇੱਕ ਦਿਨ ਸਟੀਫਨ ਯਿਸੂ ਬਾਰੇ ਉਪਦੇਸ਼ ਦੇ ਰਿਹਾ ਸੀ, ਤਦ ਕੁੱਝ ਯਹੂਦੀ ਜੋ ਯਿਸੂ ਤੇ ਵਿਸ਼ਵਾਸ ਨਹੀਂ ਕਰਦੇ ਸਨ, ਸਟੀਫਨ ਨਾਲ ਬਹਿਸ ਕਰਨ ਲੱਗੇ ।ਉਹ ਬਹੁਤ ਗੁੱਸੇ ਨਾਲ ਭਰ ਗਏ ਅਤੇ ਧਾਰਮਿਕ ਆਗੂਆਂ ਨੂੰ ਸਟੀਫਨ ਬਾਰੇ ਝੂਠ ਬੋਲਿਆ ।ਉਹਨਾਂ ਨੇ ਕਿਹਾ, ਅਸੀ ਉਸ ਨੂੰ ਮੂਸਾ ਅਤੇ ਪਰਮੇਸ਼ੁਰ ਬਾਰੇ ਬਦੀ ਬੋਲਦੇ ਸੁਣਿਆ ।ਇਸ ਲਈ ਧਾਰਮਿਕ ਆਗੂਆਂ ਨੇ ਸਟੀਫਨ ਨੂੰ ਗ੍ਰਿਫਤਾਰ ਕੀਤਾ ਅਤੇ ਸਰਦਾਰ ਜਾਜ਼ਕ ਕੋਲ ਲੈ ਆਏ, ਜਿੱਥੇ ਹੋਰ ਯਹੂਦੀ ਝੂਠੇ ਆਗੂਆਂ ਅਤੇ ਗਵਾਹਾਂ ਨੇ ਸਟੀਫਨ ਬਾਰੇ ਝੂਠੀਆਂ ਗਵਾਹੀਆਂ ਦਿੱਤੀਆਂ ।

### ਇਸਤੀਫ਼ਾਨ ਦੇ ਵਿਰੁੱਧ ਕਿਹੜਾ ਝੂਠਾ ਇਲਜਾਮ ਸੀ ਜੋ ਯਹੂਦੀ ਲੈ ਕੇ ਆਏ ?

ਉਹਨਾਂ ਨੇ ਕਿਹਾ ਇਸਤੀਫ਼ਾਨ ਪਰਮੇਸ਼ੁਰ ਅਤੇ ਮੂਸਾ ਦੇ ਵਿਰੁੱਧ ਬੋਲਦਾ ਹੈ |

---

## 45:03

ਸਰਦਾਰ ਜਾਜ਼ਕ ਨੇ ਸਟੀਫਨ ਨੂੰ ਪੁੱਛਿਆ, ਇਹ ਸਭ ਕੁੱਝ ਸੱਚ ਹੈ ?ਸਟੀਫਨ ਨੇ ਪਰਮੇਸ਼ੁਰ ਦੇ ਉਹਨਾਂ ਮਹਾਨ ਕੰਮਾਂ ਨੂੰ ਯਾਦ ਕਰਕੇ ਜਵਾਬ ਦਿੱਤਾ ਜੋ ਉਸ ਨੇ ਅਬਰਾਹਾਮ ਅਤੇ ਯਿਸੂ ਦੇ ਸਮੇ ਤੇ ਕੀਤੇ ਸੀ ਅਤੇ ਕਿਸ ਤਰਾਂ ਪਰਮੇਸ਼ੁਰ ਦੇ ਲੋਕ ਲਗਾਤਾਰ ਉਸ ਦੀ ਅਣਆਗਿਆਕਾਰੀ ਕਰ ਰਹੇ ਹਨ ।ਫਿਰ ਉਸ ਨੇ ਕਿਹਾ, ਤੁਸੀਂ ਜ਼ਿੱਦੀ ਅਤੇ ਆਕੀ ਲੋਕਾਂ ਨੇ ਹਮੇਸ਼ਾ ਪਵਿੱਤਰ ਆਤਮਾ ਨੂੰ ਅਸਵਿਕਾਰਿਆ, ਜਿਸ ਤਰਾਂ ਤੁਹਾਡੇ ਪੁਰਖਿਆਂ ਨੇ ਹਮੇਸ਼ਾ ਪਰਮੇਸ਼ੁਰ ਨੂੰ ਅਸਵਿਕਰਿਆ ਅਤੇ ਉਸ ਦੇ ਨਬੀਆਂ ਨੂੰ ਮਾਰਿਆ ।ਪਰ ਤੁਸੀਂ ਉਹਨਾਂ ਤੋਂ ਵੀ ਵਧੇਰੇ ਬੁਰਾ ਕੀਤਾ, ਜੋ ਉਹਨਾਂ ਕੀਤਾ ਸੀ ।ਤੁਸੀਂ ਮਸੀਹ ਯਿਸੂ ਨੂੰ ਮਾਰਿਆ !

### ਇਸਤੀਫ਼ਾਨ ਨੇ ਉਹ ਕਿਹੜੀ ਗੱਲ ਕਹੀ ਜੋ ਲੋਕਾਂ ਨੇ ਆਪਣੀਆਂ ਪੁਰਖਿਆਂ ਨਾਲੋਂ ਵੀ ਜ਼ਿਆਦਾ ਘਟੀਆਂ ਕੀਤੀ ਸੀ ?

ਉਹਨਾਂ ਨੇ ਮਸੀਹਾ ਨੂੰ ਮਾਰ ਦਿੱਤਾ |

---

## 45:04

ਜਦੋ ਧਾਰਮਿਕ ਆਗੂਆਂ ਨੇ ਇਹ ਸੁਣਿਆ, ਉਹ ਗੁੱਸੇ ਵਿੱਚ ਆਏ ਅਤੇ ਆਪਣੇ ਕੰਨਾਂ ਨੂੰ ਢਕਿਆ ਅਤੇ ਜ਼ੋਰ ਨਾਲ ਚਿੱਕਾਂ ਮਾਰੀਆਂ ।ਉਹਨਾਂ ਸਟੀਫਨ ਨੂੰ ਧੂਹ ਕੇ ਸ਼ਹਿਰੋਂ ਬਾਹਰ ਕੱਢ ਦਿੱਤਾ ਅਤੇ ਉਸ ਨੂੰ ਮਾਰਨ ਲਈ ਉਸ ਤੇ ਪੱਥਰਾਵ ਕੀਤਾ ।

### ਇਸਤੀਫ਼ਾਨ ਦੇ ਇਸ ਦੋਸ਼ ਤੋਂ ਯਹੂਦੀ ਆਗੂਆਂ ਨੇ ਕੀ ਪ੍ਰਤੀਕਿਰਿਆ ਦਿਖਾਈ?

ਉਹ ਇਸਤੀਫ਼ਾਨ ਨੂੰ ਸ਼ਹਿਰ ਤੋਂ ਬਾਹਰ ਘਸੀਟ ਕੇ ਲੈ ਗਏ ਅਤੇ ਉਸ ਨੂੰ ਪੱਥਰ ਮਾਰ ਕੇ ਮਾਰ ਦਿੱਤਾ |

---

## 45:05

ਸਟੀਫਨ ਮਰ ਰਿਹਾ ਸੀ , ਉਸ ਨੇ ਕਿਹਾ "ਯਿਸੂ , ਮੇਰੀ ਆਤਮਾ ਨੂੰ ਸਵੀਕਾਰ ਕਰ |”ਫੇਰ ਉਹ ਗੋਡਿਆਂ ਭਾਰ ਡਿੱਗ ਪਿਆ ਅਤੇ ਉੱਚੀ ਬੋਲਿਆ ਕਿ ਹੇ ਪ੍ਰਭੂ ਇਹ ਪਾਪ ਉਨਾਂ ਦੇ ਜੁੰਮੇ ਨਾ ਲਾ,ਫਿਰ ਉਸ ਦੀ ਮੌਤ ਹੋ ਗਈ |

### ਮਰਨ ਤੋਂ ਪਹਿਲਾਂ ਇਸਤੀਫ਼ਾਨ ਕਿਹੜੀ ਆਖ਼ਰੀ ਗੱਲ ਕਹੀ ?

“ਸੁਆਮੀ, ਇਹਨਾਂ ਦੇ ਵਿਰੁੱਧ ਇਹ ਪਾਪ ਨਾ ਗਿਣੀ |”

---

## 45:06

ਸੌਲੁਸ ਨਾਮ ਦਾ ਇੱਕ ਨੌਜਵਾਨ ਵਿਅਕਤੀ ਉਹਨਾਂ ਲੋਕਾਂ ਨਾਲ ਸਹਿਮਤ ਸੀ,ਜਿਹਨਾਂ ਸਟੀਫਨ ਨੂੰ ਮਾਰਿਆ ਸੀ ।ਉਸ ਦਿਨ ਤੋਂ ਯਰੂਸ਼ਲਮ ਵਿੱਚ ਬਹੁਤ ਸਾਰੇ ਲੋਕਾਂ ਨੇ ਯਿਸੂ ਦੇ ਚੇਲਿਆਂ ਨੂੰ ਸਤਾਉਣਾ ਸ਼ੁਰੂ ਕਰ ਦਿੱਤਾ, ਇਸ ਲਈ ਬਹੁਤ ਸਾਰੇ ਵਿਸ਼ਵਾਸੀ ਹੋਰ ਸਥਾਨਾਂ ਨੂੰ ਭੱਜ ਗਏ ।ਪਰ ਇਸ ਦੇ ਬਾਵਜੂਦ, ਉਹ ਜਿਸ ਵੀ ਜਗ੍ਹਾ ਗਏ ਉਹਨਾਂ ਨੇ ਯਿਸੂ ਦਾ ਪ੍ਰਚਾਰ ਕੀਤਾ ।

### ਜਿਹਨਾਂ ਲੋਕਾਂ ਨੇ ਇਸਤੀਫ਼ਾਨ ਨੂੰ ਮਾਰਿਆ ਉਹਨਾਂ ਦੇ ਕੱਪੜਿਆਂ ਦੀ ਰਾਖੀ ਕੌਣ ਕਰਦਾ ਸੀ ?

ਸੌਲੁਸ |

### ਜਦੋਂ ਯਰੂਸ਼ਲਮ ਵਿੱਚ ਸਤਾਵਟ ਸ਼ੁਰੂ ਹੋਈ ਤਾਂ ਵਿਸ਼ਵਾਸੀਆਂ ਨੇ ਕੀ ਕੀਤਾ ?

ਉਹ ਦੂਸਰੀਆਂ ਜਗ੍ਹਾਵਾਂ ਨੂੰ ਭੱਜ ਗਏ ਅਤੇ ਜਿੱਥੇ ਵੀ ਗਏ ਉੱਥੇ ਯਿਸੂ ਬਾਰੇ ਪ੍ਰਚਾਰ ਕੀਤਾ |

---

## 45:07

ਫ਼ਿਲਿਪੁੱਸ ਨਾਮ ਦਾ ਵਿਅਕਤੀ ਯਿਸੂ ਦਾ ਇੱਕ ਚੇਲਾ ਸੀ ਜੋ ਅੱਤਿਆਚਾਰ ਦੌਰਾਨ ਯਰੂਸ਼ਲਮ ਤੋਂ ਭੱਜ ਗਿਆ ਸੀ ।ਉਹ ਸਾਮਰਿਯਾ ਨੂੰ ਚਲਾ ਗਿਆ ਅਤੇ ਉਸ ਨੇ ਯਿਸੂ ਬਾਰੇ ਪ੍ਰਚਾਰ ਕੀਤਾ, ਜਿੱਥੇ ਉਸ ਨੇ ਬਹੁਤ ਸਾਰੇ ਲੋਕਾਂ ਨੂੰ ਬਚਾਇਆ ।ਫਿਰ ਇੱਕ ਦਿਨ, ਪਰਮੇਸ਼ੁਰ ਦਾ ਇੱਕ ਦੂਤ ਫ਼ਿਲਿਪੁੱਸ ਕੋਲ ਆਇਆ ਅਤੇ ਉਜਾੜ ਵਿੱਚ ਜਾਣ ਲਈ ਫ਼ਿਲਿਪੁੱਸ ਨੂੰ ਕਿਹਾ ।ਜਿਸ ਤਰਾਂ ਹੀ ਫ਼ਿਲਿਪੁੱਸ ਸੜਕ ਤੇ ਘੁੰਮ ਰਿਹਾ ਸੀ, ਉਸਨੇ ਆਪਣੇ ਰੱਥ ਵਿੱਚ ਸਵਾਰ ਈਥੋਪੀਆ ਦੇ ਇੱਕ ਮਹੱਤਵਪੂਰਨ ਅਧਿਕਾਰੀ ਨੂੰ ਦੇਖਿਆ ਸੀ ।ਪਵਿੱਤਰ ਆਤਮਾ ਨੇ ਫ਼ਿਲਿਪੁੱਸ ਨੂੰ ਉਸ ਵਿਅਕਤੀ ਕੋਲ ਜਾਣ ਅਤੇ ਉਸ ਵਿਅਕਤੀ ਨਾਲ ਗੱਲ ਕਰਨ ਲਈ ਕਿਹਾ ।

### ਜੰਗਲੀ ਮਾਰਗ ਵਿੱਚ ਫ਼ਿਲਿਪੁੱਸ ਕਿਸ ਨੂੰ ਮਿਲਿਆ ?

ਇੱਕ ਇਥੋਪੀਆ ਦੇ ਖ਼ਾਸ ਅਫਸਰ ਨੂੰ |

---

## 45:08

ਜਦੋਂ ਫ਼ਿਲਿਪੁੱਸ ਰੱਥ ਤੇ ਪਹੁੰਚਿਆ ਉਸ ਨੇ ਈਥੋਪੀਅਨ ਨੂੰ ਕੁੱਝ ਪੜ੍ਹਦੇ ਸੁਣਿਆ ਜੋ ਯਸਾਯਾਹ ਨਬੀ ਨੇ ਲਿਖਿਆ ਸੀ ।ਮਨੁੱਖ ਇਹ ਪੜ੍ਹ ਰਿਹਾ ਸੀ ਕਿ ਉਹ ਲੇਲੇ ਦੀ ਨਿਆਈਂ ਕੱਟੇ ਜਾਣ ਲਈ ਲਿਆਂਦਾ ਗਿਆ ਅਤੇ ਜਿਵੇਂ ਲੇਲਾ ਆਪਣੀ ਉੱਨ ਕਤਰਨ ਵਾਲੇ ਦੇ ਅੱਗੇ ਗੂੰਗਾ ਰਹਿੰਦਾ ਹੈ, ਤਿਵੇਂ ਹੀ ਉਹ ਆਪਣਾ ਮੂੰਹ ਨਹੀਂ ਖੋਲ੍ਹਦਾ ।ਉਹਨਾਂ ਉਸ ਨਾਲ ਚੰਗਾ ਵਿਵਹਾਰ ਨਹੀਂ ਕੀਤਾ ਅਤੇ ਨਾ ਹੀ ਉਸ ਦਾ ਆਦਰ ਕੀਤਾ ।ਉਹ ਉਸਨੂੰ ਉਸ ਦੀ ਜ਼ਿੰਦਗੀ ਤੋਂ ਦੂਰ ਲੈ ਗਏ ।

### ਜਿਵੇਂ ਹੀ ਫ਼ਿਲਿਪੁੱਸ ਉਸ ਕੋਲ ਪਹੁੰਚਿਆ ਉਹ ਇਥੋਪੀਆ ਦਾ ਅਫਸਰ ਕੀ ਕਰ ਰਿਹਾ ਸੀ ?

ਉਹ ਯਸਾਯਾਹ ਨਬੀ ਦੁਆਰਾ ਲਿਖੀ ਭਵਿੱਖਬਾਣੀ ਪੜ੍ਹ ਰਿਹਾ ਸੀ |

---

## 45:09

ਫ਼ਿਲਿਪੁੱਸ ਨੇ ਇਥੋਪੀਆਈ ਨੂੰ ਪੁੱਛਿਆ, ਕੀ ਜੋ ਤੂੰ ਪੜ੍ਹ ਰਿਹਾ ਹੈ ਉਸਨੂੰ ਸਮਝਦਾ ਵੀ ਹੈ ?ਇਥੋਪੀਆਈ ਨੇ ਜਵਾਬ ਦਿੱਤਾ, ਨਹੀਂ ।ਮੈ ਇਸ ਨੂੰ ਸਮਝ ਨਹੀਂ ਸਕਦਾ, ਜਦੋਂ ਤਕ ਕੋਈ ਸਮਝਾਉਣ ਵਾਲਾ ਨਾ ਹੋਵੇ ।ਕਿਰਪਾ ਕਰਕੇ ਆਓ ਤੇ ਮੇਰੇ ਨਾਲ ਬੈਠੋ ।ਯਸਾਯਾਹ ਨੇ ਇਹ ਆਪਣੇ ਬਾਰੇ ਲਿਖਿਆ ਜਾਂ ਕਿਸੇ ਹੋਰ ਵਿਅਕਤੀ ਦੇ ਬਾਰੇ ?

---

## 45:10

ਫ਼ਿਲਿਪੁੱਸ ਨੇ ਇਥੋਪੀਆਈ ਮਨੁੱਖ ਨੂੰ ਸਮਝਾਇਆ ਕਿ ਯਸਾਯਾਹ ਯਿਸੂ ਬਾਰੇ ਲਿਖ ਰਿਹਾ ਸੀ ।ਫ਼ਿਲਿਪੁੱਸ ਨੇ ਉਸ ਨੂੰ ਯਿਸੂ ਦੀ ਖ਼ੁਸ਼ ਖ਼ਬਰੀ ਦੱਸਣ ਲਈ ਬਾਈਬਲ ਦਾ ਹੋਰ ਵੀ ਇਸਤੇਮਾਲ ਕੀਤਾ।

### ਕੀ ਉਹ ਅਫਸਰ ਯਸਾਯਾਹ ਨਬੀ ਦੁਆਰਾ ਲਿਖੀ ਭਵਿੱਖਬਾਣੀ ਨੂੰ ਸਮਝ ਰਿਹਾ ਸੀ ?

ਨਹੀਂ , ਉਸ ਨੂੰ ਸਮਝਾਉਣ ਲਈ ਕਿਸੇ ਦੀ ਲੋੜ ਸੀ|[45-09]ਫ਼ਿਲਿਪੁੱਸ ਅਨੁਸਾਰ ਭਵਿੱਖਬਾਣੀ ਵਿੱਚ ਕਿਸ ਨੂੰ ਮੇਮਨਾ ਕਿਹਾ ਗਿਆ ਹੈ ?ਇਹ ਯਿਸੂ ਦਾ ਹਵਾਲਾ ਦਿੰਦਾ ਹੈ|

---

## 45:11

ਫ਼ਿਲਿਪੁੱਸ ਅਤੇ ਇਥੋਪੀਆਈ ਸਫ਼ਰ ਦੇ ਦੌਰਾਨ, ਪਾਣੀ ਦੇ ਕੋਲ ਪਹੁੰਚੇ ।ਇਥੋਪੀਆਈ ਨੇ ਕਿਹਾ, ਦੇਖੋ ।ਉੱਥੇ ਕੁੱਝ ਪਾਣੀ ਹੈ ।ਮੈਨੂੰ ਬਪਤਿਸਮਾ ਦਿੱਤਾ ਜਾ ਸਕਦਾ ਹੈ ?ਅਤੇ ਉਸ ਨੇ ਰੱਥ ਨੂੰ ਰੋਕਣ ਲਈ ਕਿਹਾ ।

### ਫ਼ਿਲਿਪੁੱਸ ਦੁਆਰਾ ਭਵਿੱਖਬਾਣੀ ਨੂੰ ਸਮਝਾਉਣ ਤੋਂ ਬਾਅਦ ਅਤੇ ਇਥੋਪੀਆ ਦੇ ਅਫਸਰ ਦੁਆਰਾ ਕੁੱਝ ਪਾਣੀ ਦੇਖਣ ਦੇ ਬਾਅਦ ਉਸ ਨੇ ਕੀ ਕਰਨ ਨੂੰ ਕਿਹਾ ?

ਇਥੋਪੀਆ ਦੇ ਅਫਸਰ ਨੇ ਉਸ ਨੂੰ ਪੁੱਛਿਆ ਕਿ ਕੀ ਉਹ ਬਪਤਿਸਮਾ ਲੈ ਸਕਦਾ ਹੈ |

---

## 45:12

ਇਸ ਲਈ ਉਹ ਪਾਣੀ ਵਿੱਚ ਥੱਲੇ ਚਲੇ ਗਏ, ਅਤੇ ਫ਼ਿਲਿਪੁੱਸ ਨੇ ਇਥੋਪੀਆਈ ਨੂੰ ਬਪਤਿਸਮਾ ਦਿੱਤਾ ।ਬਾਅਦ ਵਿੱਚ ਉਹ ਪਾਣੀ ਦੇ ਬਾਹਰ ਆਏ, ਅਤੇ ਪਵਿੱਤਰ ਆਤਮਾ ਅਚਾਨਕ ਫ਼ਿਲਿਪੁੱਸ ਨੂੰ ਕਿਸੇ ਹੋਰ ਜਗ੍ਹਾ ਤੇ ਲੈ ਗਿਆ ਜਿੱਥੇ ਉਸ ਨੇ ਯਿਸੂ ਬਾਰੇ ਲੋਕਾਂ ਨੂੰ ਦੱਸਣਾ ਜਾਰੀ ਰੱਖਿਆ ।

### ਇਥੋਪੀਆ ਦੇ ਅਫਸਰ ਨੂੰ ਬਪਤਿਸਮਾ ਦੇਣ ਦੇ ਬਾਅਦ ਫ਼ਿਲਿਪੁੱਸ ਨੂੰ ਕੀ ਹੋਇਆ ?

ਪਵਿੱਤਰ ਆਤਮਾ ਉਸ ਨੂੰ ਉਡਾ ਕੇ ਲੈ ਗਿਆ |

---

## 45:13

ਇਥੋਪੀਆਈ ਲਗਾਤਾਰ ਆਪਣੇ ਘਰ ਵੱਲ ਯਾਤਰਾ ਕਰ ਰਿਹਾ ਸੀ, ਉਹ ਬਹੁਤ ਖੁਸ਼ ਸੀ ਕਿ ਉਸ ਨੇ ਯਿਸੂ ਨੂੰ ਜਾਣਿਆ ।

### ਫ਼ਿਲਿਪੁੱਸ ਦੇ ਜਾਣ ਤੋਂ ਬਾਅਦ ਇਥੋਪੀਆ ਦੇ ਅਫਸਰ ਨੇ ਕੀ ਕੀਤਾ ?

ਉਹ ਲਗਾਤਾਰ ਆਪਣੇ ਨਗਰ ਵੱਲ ਯਾਤਰਾ ਕਰਦਾ ਰਿਹਾ ਅਤੇ ਖੁਸ਼ ਸੀ ਕੀ ਉਸਨੇ ਯਿਸੂ ਨੂੰ ਜਾਣ ਲਿਆ |

# ਪੌਲੁਸ ਇੱਕ ਮਸੀਹੀ ਬਣ ਗਿਆ

## 46:01

ਸੌਲੁਸ ਇੱਕ ਨੌਜਵਾਨ ਸੀ ਜੋ ਇਸਤੀਫਾਨ ਦੇ ਮਾਰਨ ਵਾਲਿਆਂ ਦੇ ਕੱਪੜਿਆਂ ਦੀ ਰਾਖੀ ਕਰਦਾ ਸੀ |ਉਹ ਯਿਸੂ ਤੇ ਵਿਸ਼ਵਾਸ ਨਹੀਂ ਕਰਦਾ ਸੀ ਅਤੇ ਵਿਸ਼ਵਾਸੀਆਂ ਨੂੰ ਸਤਾਉਂਦਾ ਸੀ |ਉਹ ਯਰੂਸ਼ਲਮ ਵਿੱਚ ਘਰ ਘਰ ਜਾ ਕੇ ਮਰਦਾਂ ਅਤੇ ਔਰਤਾਂ ਨੂੰ ਫੜ੍ਹਦਾ ਅਤੇ ਜ਼ੇਲ੍ਹ ਵਿੱਚ ਪਾਉਂਦਾ ਸੀ |ਮਹਾਂ ਜਾਜ਼ਕ ਨੇ ਸੌਲੁਸ ਨੂੰ ਮੰਨਜ਼ੂਰੀ ਦਿੱਤੀ ਸੀ ਕਿ ਉਹ ਦੰਮਿਸਕ ਵਿੱਚ ਜਾ ਕੇ ਮਸੀਹਾਂ ਨੂੰ ਫੜ੍ਹੇ ਅਤੇ ਵਾਪਸ ਯਰੂਸ਼ਲਮ ਲੈ ਕੇ ਆਵੇ |

### ਕਿਉਂ ਸੌਲੁਸ ਦੰਮਿਸਕ ਨੂੰ ਜਾ ਰਿਹਾ ਸੀ ?

ਮਸੀਹੀਆਂ ਨੂੰ ਫੜਨ ਅਤੇ ਉਹਨਾਂ ਨੂੰ ਯਰੂਸ਼ਲਮ ਵਾਪਸ ਲਿਆਉਣ ਲਈ |

---

## 46:02

ਜਦੋਂ ਸੌਲੁਸ ਦੰਮਿਸਕ ਦੇ ਰਾਹ ਵਿੱਚ ਸੀ ਤਾਂ ਉਸ ਦੇ ਚਾਰ ਚੁਫੇਰੇ ਸਵਰਗ ਤੋਂ ਇੱਕ ਚਮਕੀਲੀ ਰੌਸ਼ਨੀ ਦਿਖਾਈ ਦਿੱਤੀ ਅਤੇ ਉਹ ਹੇਠਾਂ ਜ਼ਮੀਨ ਤੇ ਡਿੱਗ ਗਿਆ |ਸੌਲੁਸ ਨੇ ਕਿਸੇ ਨੂੰ ਇਹ ਕਹਿੰਦੇ ਸੁਣਿਆ, “ਸੌਲੁਸ !ਸੌਲੁਸ !ਤੂੰ ਮੈਨੂੰ ਕਿਉਂ ਸਤਾਉਂਦਾ ਹੈਂ ?”ਸੌਲੁਸ ਨੇ ਪੁੱਛਿਆ, “ਸੁਆਮੀ , ਤੂੰ ਕੌਣ ਹੈ ?”ਯਿਸੂ ਨੇ ਉੱਤਰ ਦਿੱਤਾ, “ਮੈਂ ਯਿਸੂ ਹਾਂ|ਤੂੰ ਮੈਨੂੰ ਸਤਾ ਰਿਹਾ ਹੈ !”

### ਦੰਮਿਸਕ ਦੇ ਰਾਹ ਵਿੱਚ ਯਿਸੂ ਨੇ ਸੌਲੁਸ ਨੂੰ ਕੀ ਸਵਾਲ ਪੁੱਛਿਆ ?

“ਤੂੰ ਮੈਨੂੰ ਕਿਉਂ ਸਤਾਉਂਦਾ ਹੈ ?”

---

## 46:03

ਜਦੋਂ ਸੌਲੁਸ ਉੱਠਿਆ, ਉਹ ਦੇਖ ਨਹੀਂ ਸਕਦਾ ਸੀ |ਉਸ ਦੇ ਦੰਮਿਸਕ ਪਹੁੰਚਣ ਲਈ ਉਸਦੇ ਮਿੱਤਰਾਂ ਨੂੰ ਉਸ ਦੀ ਅਗਵਾਈ ਕਰਨੀ ਪਈ |ਸੌਲੁਸ ਨੇ ਤਿੰਨ ਦਿਨ ਨਾ ਕੱੁਝ ਖਾਧਾ ਨਾ ਪੀਤਾ |

### ਚਮਕੀਲੀ ਰੋਸ਼ਨੀ ਦੇਖਣ ਤੋਂ ਬਾਅਦ ਜਦੋਂ ਉਹ ਉੱਠਿਆ ਤਾਂ ਉਸ ਨਾਲ ਕੀ ਹੋਇਆ ?

ਉਹ ਦੇਖ ਨਹੀਂ ਸਕਦਾ ਸੀ|ਉਸ ਦੇ ਮਿੱਤਰਾਂ ਨੇ ਉਸ ਨੂੰ ਦੰਮਿਸਕ ਵਿੱਚ ਪਹੁੰਚਾਇਆ ਅਤੇ ਉਹ ਤਿੰਨ ਦਿਨ ਅਤੇ ਤਿੰਨ ਰਾਤ ਕੁੱਝ ਨਾ ਖਾ ਸਕਿਆ |

---

## 46:04

ਦੰਮਿਸਕ ਵਿੱਚ ਇੱਕ ਹਨਾਨਿਯਾਹ ਨਾਮ ਦਾ ਇੱਕ ਚੇਲਾ ਸੀ |ਪਰਮੇਸ਼ੁਰ ਨੇ ਉਸ ਨੂੰ ਕਿਹਾ, "ਉਸ ਘਰ ਵਿੱਚ ਜਾਹ ਜਿੱਥੇ ਸੌਲੁਸ ਠਹਿਰਿਆ ਹੈ |ਉਸ ਦੇ ਸਿਰ ਉੱਤੇ ਹੱਥ ਰੱਖ ਤਾਂ ਕਿ ਉਹ ਦੁਬਾਰਾ ਦੇਖਣ ਲੱਗੇ |ਪਰ ਹਨਾਨਿਯਾਹ ਨੇ ਕਿਹਾ, "ਸੁਆਮੀ , ਮੈਂ ਸੁਣਿਆ ਹੈ ਕਿ ਉਹ ਵਿਅਕਤੀ ਕਿਸ ਤਰ੍ਹਾਂ ਵਿਸ਼ਵਾਸੀਆਂ ਨੂੰ ਸਤਾਉਂਦਾ ਹੈ |"ਪਰਮੇਸ਼ੁਰ ਨੇ ਉੱਤਰ ਦਿੱਤਾ, "ਜਾਹ !ਮੈਂ ਉਸ ਨੂੰ ਚੁਣਿਆ ਹੈ ਕਿ ਉਹ ਯਹੂਦੀਆਂ ਅਤੇ ਦੂਸਰੇ ਲੋਕਾਂ ਦੀਆਂ ਜਾਤੀਆਂ ਨੂੰ ਮੇਰਾ ਨਾਮ ਦੱਸੇ |ਉਹ ਮੇਰੇ ਨਾਮ ਦੇ ਕਾਰਨ ਬਹੁਤ ਪ੍ਰਕਾਰ ਦੇ ਦੁੱਖ ਉਠਾਏਗਾ |"

### ਹਨਾਨਿਯਾਹ ਸੌਲੁਸ ਨਾਲ ਗੱਲ ਕਰਨ ਤੋਂ ਕਿਉਂ ਡਰ ਰਿਹਾ ਸੀ ?

ਉਸ ਨੇ ਸੁਣਿਆ ਸੀ ਕਿ ਸੌਲੁਸ ਮਸੀਹੀਆਂ ਨੂੰ ਸਤਾਉਂਦਾ ਹੈ |

### ਪਰਮੇਸ਼ੁਰ ਕੀ ਦੱਸਿਆ ਕਿ ਉਸ ਨੂੰ ਬਚਾਉਣ ਲਈ ਉਸ ਦਾ ਕੀ ਉਦੇਸ਼ ਸੀ ?

ਸੌਲੁਸ ਯਹੂਦੀਆਂ ਅਤੇ ਦੂਸਰੇ ਲੋਕਾਂ ਵਿੱਚ ਮੇਰੇ ਨਾਮ ਦਾ ਪ੍ਰਚਾਰ ਕਰੇਗਾ |

---

## 46:05

ਇਸ ਲਈ ਹਨਾਨਿਯਾਹ ਸੌਲੁਸ ਕੋਲ ਗਿਆ, ਉਸਦੇ ਸਿਰ ਉੱਤੇ ਆਪਣਾ ਹੱਥ ਰੱਖਿਆ ਅਤੇ ਕਿਹਾ, "ਯਿਸੂ ਜੋ ਮਾਰਗ ਵਿੱਚ ਤੇਰੇ ਉੱਤੇ ਪ੍ਰਗਟ ਹੋਇਆ ਉਸ ਨੇ ਮੈਨੂੰ ਭੇਜਿਆ ਕਿ ਤੂੰ ਦੁਬਾਰਾ ਆਪਣੀ ਅੱਖਾਂ ਦੀ ਰੌਸ਼ਨੀ ਪ੍ਰਾਪਤ ਕਰੇਂ ਅਤੇ ਪਵਿੱਤਰ ਆਤਮਾ ਨਾਲ ਭਰੇਂ |"ਸੌਲੁਸ ਇੱਕ ਦਮ ਦੁਬਾਰਾ ਦੇਖਣ ਲੱਗਾ ਅਤੇ ਹਨਾਨਿਯਾਹ ਨੇ ਉਸ ਨੂੰ ਬਪਤਿਸਮਾ ਦਿੱਤਾ |ਤਦ ਸੌਲੁਸ ਨੇ ਕੁੱਝ ਭੋਜਨ ਖਾਧਾ ਅਤੇ ਉਸ ਦੀ ਸ਼ਕਤੀ ਵਾਪਸ ਆਈ |

### ਹਨਾਨਿਯਾਹ ਕੇ ਕਿਸ ਤਰ੍ਹਾਂ ਸੌਲੁਸ ਨੂੰ ਦੁਬਾਰਾ ਦੇਖਣ ਦੇ ਯੋਗ ਕੀਤਾ ?

ਉਸ ਨੇ ਉਸ ਉੱਪਰ ਆਪਣਾ ਹੱਥ ਰੱਖਿਆ |

### ਸੌਲੁਸ ਦੀ ਦ੍ਰਿਸ਼ਟੀ ਵਾਪਸ ਆਉਣ ਦੇ ਬਾਅਦ ਹਨਾਨਿਯਾਹ ਨੇ ਉਸ ਨਾਲ ਕੀ ਕੀਤਾ ?

ਹਨਾਨਿਯਾਹ ਨੇ ਉਸ ਨੂੰ ਬਪਤਿਸਮਾ ਦਿੱਤਾ |

---

## 46:06

ਉਸੇ ਘੜੀ, ਸੌਲੁਸ ਦੰਮਿਸਕ ਵਿੱਚ ਯਹੂਦੀਆਂ ਨੂੰ ਪ੍ਰਚਾਰ ਕਰਨ ਲੱਗਾ ਇਹ ਕਹਿੰਦਾ ਹੋਇਆ, "ਯਿਸੂ ਪਰਮੇਸ਼ੁਰ ਦਾ ਪੁੱਤਰ ਹੈ !"ਯਹੂਦੀ ਹੈਰਾਨ ਹੋਏ ਕਿ ਉਹ ਵਿਅਕਤੀ ਜੋ ਵਿਸ਼ਵਾਸੀਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦਾ ਸੀ ਹੁਣ ਉਹ ਵੀ ਯਿਸੂ ਤੇ ਵਿਸ਼ਵਾਸ ਕਰਦਾ ਹੈ |ਸੌਲੁਸ ਨੇ ਯਹੂਦੀਆਂ ਨਾਲ ਤਰਕ ਵਿਵਾਦ ਕੀਤਾ ਇਹ ਸਾਬਿਤ ਕਰਦੇ ਹੋਏ ਕਿ ਯਿਸੂ ਹੀ ਮਸੀਹ ਸੀ |

### ਇੱਕ ਦਮ ਸੌਲੁਸ ਯਹੂਦੀਆਂ ਨੂੰ ਕੀ ਸੰਦੇਸ਼ ਪ੍ਰਚਾਰ ਕਰਨ ਲੱਗਾ ?

"ਯਿਸੂ ਪਰਮੇਸ਼ੁਰ ਦਾ ਪੁੱਤਰ ਹੈ !"

---

## 46:07

ਕਾਫ਼ੀ ਦਿਨਾਂ ਬਾਅਦ, ਯਹੂਦੀਆਂ ਨੇ ਸੌਲੁਸ ਨੂੰ ਮਾਰਨ ਦੀ ਯੋਜਨਾਂ ਬਣਾਈ |ਉਹਨਾਂ ਨੇ ਮਨੁੱਖਾਂ ਨੂੰ ਭੇਜਿਆ ਕਿ ਉਹ ਸ਼ਹਿਰ ਦੇ ਫਾਟਕਾਂ ਉੱਤੇ ਜਾ ਕੇ ਉਸ ਨੂੰ ਮਾਰਨ ਲਈ ਨਿਗਾਹ ਰੱਖਣ |ਪਰ ਸੌਲੁਸ ਨੇ ਇਸ ਬਾਰੇ ਸੁਣ ਲਿਆ ਸੀ ਅਤੇ ਉਸਦੇ ਮਿੱਤਰਾਂ ਨੇ ਉਸ ਦੇ ਬਚ ਨਿੱਕਲਣ ਵਿੱਚ ਮਦਦ ਕੀਤੀ | ਇੱਕ ਰਾਤ ਉਹਨਾਂ ਨੇ ਉਸ ਨੂੰ ਇੱਕ ਟੋਕਰੀ ਵਿੱਚ ਬਿਠਾ ਕੇ ਉਸ ਨੂੰ ਸ਼ਹਿਰ ਦੀ ਦੀਵਾਰ ਤੋਂ ਹੇਠਾਂ ਉਤਾਰ ਦਿੱਤਾ |ਦੰਮਿਸਕ ਤੋਂ ਬਚ ਨਿੱਕਲਣ ਤੋਂ ਬਾਅਦ ਉਹ ਲਗਾਤਾਰ ਯਿਸੂ ਦਾ ਪ੍ਰਚਾਰ ਕਰਦਾ ਰਿਹਾ |

### ਸੌਲੁਸ ਦੇ ਪ੍ਰਚਾਰ ਪ੍ਰਤੀ ਯਹੂਦੀਆਂ ਨੇ ਕੀ ਪ੍ਰਤੀਕਿਰਿਆ ਦਿਖਾਈ ?

ਉਹਨਾਂ ਨੇ ਸੌਲੁਸ ਨੂੰ ਮਾਰਨ ਦੀ ਸ਼ਾਜਿਸ਼ ਕੀਤੀ |

### ਕਿਸ ਤਰ੍ਹਾਂ ਸੌਲੁਸ ਦੰਮਿਸਕ ਤੋਂ ਬਚ ਨਿੱਕਲਿਆ ?

ਉਸ ਦੇ ਮਿੱਤਰਾਂ ਨੇ ਉਸਨੂੰ ਸ਼ਹਿਰ ਦੀ ਦੀਵਾਰ ਤੋਂ ਟੋਕਰੀ ਵਿੱਚ ਪਾ ਕੇ ਹੇਠਾਂ ਪਹੁੰਚਾ ਦਿੱਤਾ |

---

## 46:08

ਸੌਲੁਸ ਯਰੂਸ਼ਲਮ ਵਿੱਚ ਰਸੂਲਾਂ ਨੂੰ ਮਿਲਣ ਲਈ ਗਿਆ ਪਰ ਉਹ ਉਸ ਤੋਂ ਡਰਦੇ ਸਨ |ਤਦ ਇੱਕ ਬਰਨਬਾਸ ਨਾਮ ਦਾ ਵਿਸ਼ਵਾਸੀ ਉਸ ਨੂੰ ਰਸੂਲਾਂ ਕੋਲ ਲੈ ਕੇ ਗਿਆ ਅਤੇ ਉਹਨਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਸੌਲੁਸ ਨੇ ਦੰਮਿਸਕ ਵਿੱਚ ਦਲੇਰੀ ਨਾਲ ਪ੍ਰਚਾਰ ਕੀਤਾ |ਇਸ ਤੋਂ ਬਾਅਦ ਰਸੂਲਾਂ ਨੇ ਉਸ ਨੂੰ ਗ੍ਰਹਿਣ ਕਰ ਲਿਆ |

### ਯਰੂਸ਼ਲਮ ਵਿੱਚ ਕਿਸ ਨੇ ਸੌਲੁਸ ਦੀ ਮਦਦ ਕੀਤੀ ਕਿ ਉਹ ਚੇਲਿਆਂ ਦੁਆਰਾ ਗ੍ਰਹਿਣ ਕੀਤਾ ਜਾਵੇ ?

ਬਰਨਾਬਾਸ ਸੌਲੁਸ ਨੂੰ ਚੇਲਿਆਂ ਕੋਲ ਲੈ ਕੇ ਗਿਆ ਅਤੇ ਉਹਨਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਸੌਲੁਸ ਨੇ ਦਲੇਰੀ ਨਾਲ ਦੰਮਿਸਕ ਵਿੱਚ ਪ੍ਰਚਾਰ ਕੀਤਾ |

---

## 46:09

ਕੁੱਝ ਵਿਸ਼ਵਾਸੀ ਜੋ ਸਤਾਏ ਜਾਣ ਦੇ ਕਾਰਨ ਯਰੂਸ਼ਲਮ ਵਿੱਚੋਂ ਭੱਜ ਕੇ ਦੂਰ ਅੰਤਾਕਿਆ ਚਲੇ ਗਏ ਸਨ, ਉਹਨਾਂ ਨੇ ਉੱਥੇ ਯਿਸੂ ਦਾ ਪ੍ਰਚਾਰ ਕੀਤਾ | ਅੰਤਾਕਿਆ ਵਿੱਚ ਵਧੇਰੇ ਲੋਕ ਯਹੂਦੀ ਨਹੀਂ ਸਨ ਪਰ ਪਹਿਲੀ ਵਾਰ ਉਹਨਾਂ ਵਿੱਚੋਂ ਬਹੁਤੇ ਵਿਸ਼ਵਾਸੀ ਬਣ ਗਏ ਸਨ |ਬਰਨਬਾਸ ਅਤੇ ਸੌਲੁਸ ਉੱਥੇ ਨਵੇਂ ਵਿਸ਼ਵਾਸੀਆਂ ਨੂੰ ਯਿਸੂ ਬਾਰੇ ਹੋਰ ਸਿਖਾਉਣ ਅਤੇ ਕਲੀਸੀਆ ਨੂੰ ਤਕੜਾ ਕਰਨ ਲਈ ਗਏ |ਇਹ ਅੰਤਾਕਿਆ ਹੀ ਹੈ ਜਿੱਥੇ ਪਹਿਲੀ ਵਾਰ ਵਿਸ਼ਵਾਸੀ "ਮਸੀਹੀ" ਕਹਿਲਾਏ |

### ਅੰਤਾਕਿਆ ਵਿੱਚ ਜਿਹੜੇ ਲੋਕ ਵਿਸ਼ਵਾਸੀ ਬਣੇ ਉਹਨਾਂ ਕੀ ਅੰਤਰ ਸੀ ?

ਉਹ ਯਹੂਦੀ ਨਹੀਂ ਸਨ |

### ਅੰਤਾਕਿਆ ਵਿੱਚ ਪਹਿਲੀ ਵਾਰ ਵਿਸ਼ਵਾਸੀਆਂ ਲਈ ਕਿਹੜਾ ਨਾਮ ਇਸਤੇਮਾਲ ਹੋਇਆ ?

ਮਸੀਹੀ|

---

## 46:10

ਇੱਕ ਦਿਨ, ਅੰਤਾਕਿਆ ਵਿੱਚ ਜਦੋਂ ਮਸੀਹੀ ਵਰਤ ਰੱਖ ਕੇ ਪ੍ਰਾਰਥਨਾ ਕਰਦੇ ਸਨ, ਪਵਿੱਤਰ ਆਤਮਾਂ ਨੇ ਉਹਨਾਂ ਨੂੰ ਕਿਹਾ, "ਮੇਰੇ ਲਈ ਬਰਨਬਾਸ ਅਤੇ ਸੌਲੁਸ ਨੂੰ ਉਸ ਕੰਮ ਲਈ ਅੱਲਗ ਕਰੋ ਜਿਸ ਨੂੰ ਕਰਨ ਲਈ ਮੈਂ ਉਹਨਾਂ ਨੂੰ ਬੁਲਾਇਆ ਹੈ |"ਇਸ ਲਈ ਅੰਤਾਕਿਆ ਦੀ ਕਲੀਸੀਆ ਨੇ ਉਹਨਾਂ ਉੱਤੇ ਹੱਥ ਰੱਖੇ ਅਤੇ ਉਹਨਾਂ ਲਈ ਪ੍ਰਾਰਥਨਾ ਕੀਤੀ |ਤਦ ਉਹਨਾਂ ਨੇ ਉਹਨਾਂ ਨੂੰ ਹੋਰ ਕਈ ਜਗ੍ਹਾਵਾਂ ਵਿੱਚ ਯਿਸੂ ਬਾਰੇ ਖੁਸ਼ ਖ਼ਬਰੀ ਪ੍ਰਚਾਰ ਕਰਨ ਲਈ ਭੇਜਿਆ |ਬਰਨਬਾਸ ਅਤੇ ਸੌਲੁਸ ਨੇ ਕਈ ਜਾਤੀਆਂ ਦੇ ਲੋਕਾਂ ਨੂੰ ਸਿਖਾਇਆ ਅਤੇ ਬਹੁਤ ਲੋਕਾਂ ਨੇ ਯਿਸੂ ਤੇ ਵਿਸ਼ਵਾਸ ਕੀਤਾ |

### ਜਦੋਂ ਪਵਿੱਤਰ ਆਤਮਾ ਨੇ ਉਹਨਾਂ ਨੂੰ ਕਿਹਾ ਕਿ ਉਹ ਬਰਨਾਬਾਸ ਅਤੇ ਸੌਲੁਸ ਨੂੰ ਅੱਲਗ ਕਰਨ ਉਸ ਸਮੇਂ ਕਲੀਸੀਆ ਕੀ ਕਰਦੀ ਸੀ ?

ਉਹ ਵਰਤ ਅਤੇ ਪ੍ਰਾਰਥਨਾ ਕਰਦੇ ਸਨ|

### ਕਿਸ ਉਦੇਸ਼ ਨਾਲ ਅੰਤਾਕਿਆ ਦੀ ਕਲੀਸੀਆ ਨੇ ਪੌਲੁਸ ਅਤੇ ਬਰਨਾਬਾਸ ਨੂੰ ਭੇਜਿਆ ?

ਉਹਨਾਂ ਨੇ ਉਹਨਾਂ ਨੂੰ ਯਿਸੂ ਮਸੀਹ ਦੀ ਖੁਸ਼ ਖਬਰੀ ਦਾ ਪ੍ਰਚਾਰ ਕਰਨ ਲਈ ਦੂਸਰੀਆਂ ਜਗ੍ਹਾਵਾਂ ਤੇ ਭੇਜਿਆ |

# ਪੌਲੁਸ ਅਤੇ ਸੀਲਾਸ ਫ਼ਿੱਲਿਪੀ ਵਿੱਚ

## 47:01

ਜਿਵੇਂ ਹੀ ਸੌਲੁਸ ਨੇ ਸਾਰੇ ਰੋਮੀ ਸਾਮਰਾਜ ਵਿੱਚ ਯਾਤਰਾ ਕੀਤੀ, ਤਾਂ ਉਹ ਆਪਣੇ ਰੋਮੀ ਨਾਮ “ਪੌਲੁਸ” ਦਾ ਇਸਤੇਮਾਲ ਕਰਨ ਲੱਗਾ |ਇੱਕ ਦਿਨ ਪੌਲੁਸ ਅਤੇ ਉਸਦਾ ਮਿੱਤਰ ਸੀਲਾਸ ਫ਼ਿੱਲਿਪੀ ਦੇ ਸ਼ਹਿਰ ਵਿੱਚ ਯਿਸੂ ਦੀ ਖੁਸ਼ ਖ਼ਬਰੀ ਦਾ ਪ੍ਰਚਾਰ ਕਰਨ ਲਈ ਗਏ |ਉਹ ਸ਼ਹਿਰ ਵਿੱਚ ਨਦੀ ਦੇ ਕਿਨਾਰੇ ਉੱਤੇ ਗਏ ਜਿੱਥੇ ਲੋਕ ਪ੍ਰਾਰਥਨਾ ਕਰਨ ਲਈ ਇਕੱਠੇ ਹੋਏ ਸਨ |ਉੱਥੇ ਉਹ ਇੱਕ ਲੁਦਿਯਾ ਨਾਮੇ ਔਰਤ ਨੂੰ ਮਿਲੇ ਜੋ ਇੱਕ ਵਪਾਰੀ ਸੀ |ਉਹ ਪਰਮੇਸ਼ੁਰ ਨੂੰ ਪਿਆਰ ਕਰਦੀ ਅਤੇ ਉਸ ਦੀ ਬੰਦਗੀ ਕਰਦੀ ਸੀ |

### ਕਿਹੜਾ ਰੋਮੀ ਨਾਮ ਸੀ ਜੋ ਸੌਲੁਸ ਇਸਤੇਮਾਲ ਕਰਨ ਲੱਗਾ ?

ਪੌਲੁਸ|

### ਫ਼ਿਲਿੱਪੀ ਵਿੱਚ ਪੌਲੁਸ ਯਿਸੂ ਦੀ ਖੁਸ਼ ਖਬਰੀ ਦਾ ਪ੍ਰਚਾਰ ਕਰਨ ਲਈ ਕਿੱਥੇ ਗਿਆ ?

ਉਹ ਸ਼ਹਿਰ ਤੋਂ ਬਾਹਰ ਨਦੀ ਕਿਨਾਰੇ ਇੱਕ ਜਗ੍ਹਾ ਤੇ ਗਏ ਜਿੱਥੇ ਲੋਕ ਪ੍ਰਾਰਥਨਾ ਕਰਨ ਲਈ ਇਕੱਠੇ ਹੁੰਦੇ ਸਨ |

---

## 47:02

ਪਰਮੇਸ਼ੁਰ ਨੇ ਲੁਦਿਯਾ ਦੇ ਮਨ ਨੂੰ ਖੋਲ੍ਹਿਆ ਕਿ ਯਿਸੂ ਬਾਰੇ ਸੰਦੇਸ਼ ਉੱਤੇ ਵਿਸ਼ਵਾਸ ਕਰੇ, ਫਿਰ ਉਸ ਨੇ ਅਤੇ ਉਸਦੇ ਪਰਿਵਾਰ ਨੇ ਬਪਤਿਸਮਾ ਲਿਆ | ਉਸ ਨੇ ਪੌਲੁਸ ਅਤੇ ਸੀਲਾਸ ਨੂੰ ਆਪਣੇ ਘਰ ਠਹਿਰਨ ਲਈ ਬੁਲਾਇਆ ਅਤੇ ਉਹ ਉਸਦੇ ਅਤੇ ਉਸ ਦੇ ਪਰਿਵਾਰ ਨਾਲ ਠਹਿਰੇ |

### ਕਿਸ ਗੱਲ ਨੇ ਸੰਭਵ ਕੀਤਾ ਕਿ ਲੁਦਿਯਾ ਯਿਸੂ ਵਿੱਚ ਵਿਸ਼ਵਾਸ ਕਰ ਸਕੇ ?

ਪਰਮੇਸ਼ੁਰ ਨੇ ਸੰਭਵ ਕੀਤਾ ਕਿ ਲੁਦਿਯਾ ਯਿਸੂ ਦੇ ਸੰਦੇਸ਼ ਨੂੰ ਸਮਝ ਸਕੇ |

### ਯਿਸੂ ਤੇ ਵਿਸ਼ਵਾਸ ਕਰਨ ਤੋਂ ਬਾਅਦ ਪੌਲੁਸ ਅਤੇ ਸਿਲਾਸ ਨੇ ਲੁਦਿਯਾ ਲਈ ਕੀ ਕੀਤਾ ?

ਉਹਨਾਂ ਨੇ ਉਸ ਨੂੰ ਅਤੇ ਉਸਦੇ ਪਰਿਵਾਰ ਨੂੰ ਬਪਤਿਸਮਾ ਦਿੱਤਾ|

---

## 47:03

ਪੌਲੁਸ ਅਤੇ ਸੀਲਾਸ ਆਮ ਤੌਰ ਤੇ ਪ੍ਰਾਰਥਨਾ ਵਾਲੀ ਜਗ੍ਹਾ ਤੇ ਲੋਕਾਂ ਨੂੰ ਮਿਲਦੇ |ਹਰ ਰੋਜ਼ ਜਿਵੇਂ ਹੀ ਉਹ ਉੱਥੋਂ ਦੀ ਲੰਘਦੇ ਇੱਕਗੁਲਾਮ ਭੂਤਾਂ ਦੀ ਜਕੜੀ ਹੋਈ ਲੜਕੀ ਉਹਨਾਂ ਦੇ ਪਿੱਛੇ ਹੋ ਤੁਰਦੀ | ਭੂਤਾਂ ਦੇ ਵਸੀਲੇ ਉਹ ਲੋਕਾਂ ਨੂੰ ਉਹਨਾਂ ਦੇ ਭਵਿੱਖ ਬਾਰੇ ਦੱਸਦੀ, ਇਸ ਲਈ ਉਹ ਇੱਕ ਭਵਿੱਖ ਬਾਣੀ ਕਰਨ ਵਾਲੀ ਵਜੋਂ ਆਪਣੇ ਮਾਲਕ ਲਈ ਬਹੁਤ ਸਾਰੇ ਪੈਸੇ ਬਣਾ ਲੈਂਦੀ |

---

## 47:04

ਜਿਵੇਂ ਹੀ ਉਹ ਲੰਘਦੇ ਉਹ ਔਰਤ ਚਿਲਾਉਂਦੀ ਹੋਈ ਕਹਿੰਦੀ ਸੀ, “ਇਹ ਮਨੁੱਖ ਅੱਤ ਮਹਾਨ ਪਰਮੇਸ਼ੁਰ ਦੇ ਦਾਸ ਹਨ |ਉਹ ਤੁਹਾਨੂੰ ਬਚਾਏ ਜਾਣ ਦਾ ਮਾਰਗ ਦੱਸਦੇ ਹਨ !”ਉਹ ਆਮ ਤੌਰ ਤੇ ਇਸ ਤਰ੍ਹਾਂ ਕਰਦੀ ਕਿ ਪੌਲੁਸ ਨੂੰ ਖਿੱਝ ਆ ਗਈ |

### ਜਦੋਂ ਪੌਲੁਸ ਅਤੇ ਸਿਲਾਸ ਨੂੰ ਭੂਤਾਂ ਨਾਲ ਜਕੜੀ ਲੜਕੀ ਦੇਖਦੀ ਤਾਂ ਉਹ ਚੀਕਦੀ ਹੋਈ ਕੀ ਕਹਿੰਦੀ ?

“ਉਹ ਮਨੁੱਖ ਅੱਤ ਮਹਾਨ ਪਰਮੇਸ਼ੁਰ ਦੇ ਦਾਸ ਹਨ |ਉਹ ਤੁਹਾਨੂੰ ਬਚਾਏ ਜਾਣ ਦਾ ਰਾਹ ਦੱਸਦੇ ਹਨ |”

### ਭੂਤਾਂ ਦੀ ਗਵਾਹੀ ਪ੍ਰਤੀ ਪੌਲੁਸ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ?

ਪੌਲੁਸ ਤੰਗ ਆ ਗਿਆ ਅਤੇ ਉਸ ਨੂੰ ਭੂਤਾਂ ਨੂੰ ਹੁਕਮ ਦਿੱਤਾ ਕਿ ਉਸ ਲੜਕੀ ਵਿੱਚੋਂ ਚਲੇ ਜਾਣ |

---

## 47:05

ਆਖ਼ਿਰਕਾਰ ਇੱਕ ਦਿਨ ਜਦੋਂ ਉਹ ਲੜਕੀ ਚਿਲਾਉਣ ਲੱਗੀ, ਪੌਲੁਸ ਉਸ ਵੱਲ ਮੁੜਿਆ ਅਤੇ ਭੂਤ ਨੂੰ ਕਿਹਾ, “ਯਿਸੂ ਦੇ ਨਾਮ ਵਿੱਚ ਇਸ ਦੇ ਅੰਦਰੋਂ ਬਾਹਰ ਆ ਜਾਹ|”ਉਸ ਸਮੇਂ ਭੂਤ ਉਸ ਨੂੰ ਛੱਡ ਗਏ |

### ਭੂਤਾਂ ਦੀ ਗਵਾਹੀ ਪ੍ਰਤੀ ਪੌਲੁਸ ਨੇ ਕਿਸ ਤਰ੍ਹਾਂ ਪ੍ਰਤੀਕਿਰਿਆ ਦਿਖਾਈ ?

ਪੌਲੁਸ ਤੰਗ ਆ ਗਿਆ ਅਤੇ ਉਸ ਨੂੰ ਭੂਤਾਂ ਨੂੰ ਹੁਕਮ ਦਿੱਤਾ ਕਿ ਉਸ ਲੜਕੀ ਵਿੱਚੋਂ ਚਲੇ ਜਾਣ |

---

## 47:06

ਤਦ ਉਹ ਵਿਅਕਤੀ ਜੋ ਉਸ ਦਾਸੀ ਦੇ ਮਾਲਕ ਸਨ ਬਹੁਤ ਗੁੱਸੇ ਹੋਏ !ਉਹ ਇਸ ਗੱਲ ਨੂੰ ਜਾਣ ਗਏ ਕਿ ਬਿਨਾਂ ਭੂਤਾਂ ਦੇ ਉਹ ਲੜਕੀ ਲੋਕਾਂ ਨੂੰ ਭਵਿੱਖ ਨਹੀਂ ਦੱਸ ਸਕਦੀ | ਇਸ ਦਾ ਮਤਲਬ ਕਿ ਲੋਕ ਉਸ ਦੇ ਮਾਲਕ ਨੂੰ ਹੁਣ ਕੋਈ ਪੈਸਾ ਨਹੀਂ ਦੇਣਗੇ ਕਿ ਉਹ ਉਹਨਾਂ ਨੂੰ ਦੱਸੇ ਕਿ ਉਹਨਾਂ ਨਾਲ ਕੀ ਹੋਣ ਵਾਲਾ ਹੈ |

### ਕਿਉਂ ਉਸ ਗੁਲਾਮ ਲੜਕੀ ਦਾ ਮਾਲਕ ਗੁੱਸੇ ਹੋਇਆ ਕਿ ਉਸ ਵਿੱਚੋਂ ਭੂਤ ਚਲੇ ਗਏ ਹਨ ?

ਉਹ ਸਮਝ ਗਏ ਕਿ ਲੋਕ ਅੱਗੇ ਤੋਂ ਪੁੱਛਾਂ ਲੈਣ ਲਈ ਉਸ ਨੂੰ ਪੈਸਾ ਨਹੀਂ ਦੇਣਗੇ |

---

## 47:07

ਇਸ ਲਈ ਗੁਲਾਮ ਲੜਕੀ ਦੇ ਮਾਲਕ ਪੌਲੁਸ ਅਤੇ ਸੀਲਾਸ ਨੂੰ ਰੋਮੀ ਅਧਿਕਾਰੀ ਦੇ ਸਾਹਮਣੇ ਲੈ ਗਏ, ਜਿਸ ਨੇ ਉਹਨਾਂ ਨੂੰ ਮਾਰਿਆ ਅਤੇ ਜ਼ੇਲ੍ਹ ਵਿੱਚ ਪਾ ਦਿੱਤਾ |

---

## 47:08

ਉਹਨਾਂ ਨੇ ਪੌਲੁਸ ਅਤੇ ਸੀਲਾਸ ਨੂੰ ਜ਼ੇਲ੍ਹ ਦੀ ਸਭ ਤੋਂ ਸੁਰੱਖਿਤ ਜਗ੍ਹਾ ਤੇ ਰੱਖਿਆ ਅਤੇ ਉਹਨਾਂ ਦੇ ਪੈਰਾਂ ਨੂੰ ਵੀ ਬੰਨ੍ਹ ਦਿੱਤਾ |ਫਿਰ ਵੀ ਅੱਧੀ ਰਾਤ ਨੂੰ ਉਹ ਗੀਤ ਗਾ ਕੇ ਪਰਮੇਸ਼ੁਰ ਦੀ ਮਹਿਮਾ ਕਰਦੇ ਸਨ |

### ਜ਼ੇਲ੍ਹ ਵਿੱਚ ਅੱਧੀ ਰਾਤ ਨੂੰ ਪੌਲੁਸ ਅਤੇ ਸਿਲਾਸ ਕੀ ਕਰਦੇ ਸਨ ?

ਉਹ ਗੀਤ ਗਾਉਂਦੇ ਅਤੇ ਪਰਮੇਸ਼ੁਰ ਦੋ ਬੰਗਦੀ ਕਰਦੇ ਸਨ |

---

## 47:09

ਅਚਾਨਕ, ਇੱਕ ਬਹੁਤ ਭਿਆਨਕ ਭੂਚਾਲ ਆਇਆ !ਸਾਰੀ ਜ਼ੇਲ੍ਹ ਦੇ ਦਰਵਾਜ਼ੇ ਖੁੱਲ੍ਹ ਗਏ ਅਤੇ ਕੈਦੀਆਂ ਦੀਆਂ ਜ਼ੰਜੀਰਾਂ ਖੁੱਲ੍ਹ ਗਈਆਂ |

### ਜਦੋਂ ਪੌਲੁਸ ਅਤੇ ਸਿਲਾਸ ਗਾਉਂਦੇ ਸਨ ਤਾਂ ਕੀ ਹੋਇਆ ?

ਇੱਕ ਵੱਡਾ ਭੂਚਾਲ ਆਇਆ ਜ਼ੇਲ੍ਹ ਦੇ ਦਰਵਾਜੇ ਖੁੱਲ ਗਏ ਅਤੇ ਕੈਦੀਆਂ ਦੇ ਸੰਗਲ ਖੁੱਲ ਗਏ |

---

## 47:10

ਦਰੋਗਾ ਜਾਗਿਆ ਅਤੇ ਜਦੋਂ ਉਸ ਨੇ ਜ਼ੇਲ੍ਹ ਦੇ ਦਰਵਾਜਿਆਂ ਨੂੰ ਖੁੱਲ੍ਹਾ ਦੇਖਿਆ ਉਹ ਡਰ ਗਿਆ!ਉਸ ਨੇ ਸੋਚਿਆ ਕਿ ਸਾਰੇ ਕੈਦੀ ਭੱਜ ਗਏ ਹਨ, ਇਸ ਲਈ ਉਸ ਨੇ ਆਪਣੇ ਆਪ ਨੂੰ ਮਾਰਨ ਲਈ ਸੋਚਿਆ |(ਉਹ ਜਾਣਦਾ ਸੀ ਕਿ ਜੇ ਉਹ ਕੈਦੀਆਂ ਨੂੰ ਜਾਣ ਦੇਵੇਗਾ ਤਾਂ ਰੋਮੀ ਅਧਿਕਾਰੀ ਉਸ ਨੂੰ ਮਾਰ ਦੇਣਗੇ |)ਪਰ ਪੌਲੁਸ ਨੇ ਦੇਖਿਆ ਅਤੇ ਚਿੱਲਾਇਆ, “ਰੁੱਕ!ਆਪਣੇ ਆਪ ਨੂੰ ਨੁਕਸਾਨ ਨਾ ਪਹੁੰਚਾ|ਅਸੀਂ ਸਾਰੇ ਇੱਥੇ ਹਾਂ |”

### ਕਿਉਂ ਦਰੋਗਾ ਡਰ ਗਿਆ ?

ਉਸ ਨੇ ਸੋਚਿਆ ਕੀ ਸਾਰੇ ਕੈਦੀ ਭੱਜ ਗਏ ਹੋਣਗੇ ਅਤੇ ਰੋਮੀ ਅਧਿਕਾਰੀ ਉਸ ਨੂੰ ਮਾਰ ਦੇਣਗੇ |

---

## 47:11

ਦਰੋਗਾ ਜਿਵੇਂ ਹੀ ਪੌਸੁਲ ਅਤੇ ਸੀਲਾਸ ਦੇ ਕੋਲ ਆਇਆ ਕੰਬਣ ਲੱਗਾ ਅਤੇ ਪੁੱਛਿਆ, “ਬਚਾਏ ਜਾਣ ਲਈ ਮੈਂ ਕੀ ਕਰਾਂ?”ਪੌਲੁਸ ਨੇ ਉੱਤਰ ਦਿੱਤਾ, “ਯਿਸੂ , ਜੋ ਸੁਆਮੀ ਹੈ, ਉਸ ਤੇ ਵਿਸ਼ਵਾਸ ਕਰ ਤੂੰ ਅਤੇ ਤੇਰਾ ਘਰਾਣਾ ਬਚਾਇਆ ਜਾਵੇਗਾ |”ਤਦ ਦਰੋਗਾ ਪੌਲੁਸ ਅਤੇ ਸੀਲਾਸ ਨੂੰ ਆਪਣੇ ਘਰ ਲੈ ਕੇ ਗਿਆ ਅਤੇ ਉਹਨਾਂ ਦੇ ਜ਼ਖਮਾਂ ਨੂੰ ਸਾਫ਼ ਕੀਤਾ |ਪੌਲੁਸ ਨੇ ਉਸ ਦੇ ਘਰ ਸਾਰਿਆਂ ਨੂੰ ਯਿਸੂ ਬਾਰੇ ਖੁਸ਼ ਖ਼ਬਰੀ ਦਾ ਪ੍ਰਚਾਰ ਕੀਤਾ |

### ਦਰੋਗੇ ਨੇ ਪੌਲੁਸ ਤੋਂ ਕੀ ਸਵਾਲ ਪੁੱਛਿਆ ?

“ਬਚਾਏ ਜਾਣ ਲਈ ਮੈਂ ਕੀ ਕਰਾਂ ?”

### ਪੌਲੁਸ ਨੇ ਦਰੋਗੇ ਨੂੰ ਕੀ ਕਿਹਾ ਕਿ ਉਹ ਬਚਾਏ ਜਾਣ ਲਈ ਕਰੇ ?

ਉਸ ਨੂੰ ਯਿਸੂ ਵਿੱਚ ਵਿਸ਼ਵਾਸ ਕਰਨਾ ਹੈ ਜੋ ਪ੍ਰਭੂ ਹੈ|

---

## 47:12

ਦਰੋਗੇ ਅਤੇ ਉਸ ਦੇ ਸਾਰੇ ਘਰਾਣੇ ਨੇ ਯਿਸੂ ਤੇ ਵਿਸ਼ਵਾਸ ਕੀਤਾ ਅਤੇ ਬਪਤਿਸਮਾ ਲਿਆ |ਤਦ ਦਰੋਗੇ ਨੇ ਪੌਲੁਸ ਅਤੇ ਸੀਲਾਸ ਨੂੰ ਭੋਜਨ ਦਿੱਤਾ ਅਤੇ ਉਹਨਾਂ ਸਾਰਿਆਂ ਨੇ ਅਨੰਦ ਕੀਤਾ |

---

## 47:13

ਅਗਲੇ ਦਿਨ ਸ਼ਹਿਰ ਦੇ ਆਗੂਆਂ ਨੇ ਪੌਲੁਸ ਅਤੇ ਸੀਲਾਸ ਨੂੰ ਜ਼ੇਲ੍ਹ ਵਿੱਚੋਂ ਅਜਾਦ ਕੀਤਾ ਅਤੇ ਉਹਨਾਂ ਨੂੰ ਫ਼ਿੱਲਿਪੀ ਛੱਡ ਕੇ ਜਾਣ ਨੂੰ ਕਿਹਾ |ਪੌਲੁਸ ਅਤੇ ਸੀਲਾਸ ਲੁਦਿਯਾ ਅਤੇ ਦੂਸਰੇ ਹੋਰ ਮਿੱਤਰਾਂ ਕੋਲ ਗਏ ਅਤੇ ਫਿਰ ਸ਼ਹਿਰੋ ਬਾਹਰ ਚਲੇ ਗਏ |ਯਿਸੂ ਬਾਰੇ ਖੁਸ਼ ਖ਼ਬਰੀ ਫੈਲਦੀ ਗਈ ਅਤੇ ਕਲੀਸੀਆ ਵੱਧਦੀ ਗਈ |

---

## 47:14

ਪੌਲੁਸ ਅਤੇ ਦੂਸਰੇ ਮਸੀਹੀ ਆਗੂ ਬਹੁਤੇ ਸ਼ਹਿਰਾਂ ਵਿੱਚ ਗਏ, ਯਿਸੂ ਦੀ ਖੁਸ਼ ਖ਼ਬਰੀ ਬਾਰੇ ਲੋਕਾਂ ਨੂੰ ਪ੍ਰਚਾਰ ਕੀਤਾ ਅਤੇ ਸਿਖਾਇਆ |ਕਲੀਸੀਆ ਵਿੱਚ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕਰਨ ਅਤੇ ਸਿਖਾਉਣ ਲਈ ਉਹਨਾਂ ਨੇ ਬਹੁਤ ਸਾਰੇ ਪੱਤਰ ਵੀ ਲਿੱਖੇ |ਇਹਨਾਂ ਵਿੱਚੋਂ ਕੁੱਝ ਪੱਤਰ ਬਾਈਬਲ ਦੀਆਂ ਕਿਤਾਬਾਂ ਬਣ ਗਏ ਹਨ |

### ਪੌਲੁਸ ਅਤੇ ਦੂਸਰੇ ਮਸੀਹੀ ਆਗੂਆਂ ਦੁਆਰਾ ਵਿਸ਼ਵਾਸੀਆਂ ਨੂੰ ਲਿਖੇ ਗਏ ਪੱਤਰਾਂ ਨਾਲ ਕੀ ਹੋਇਆ ?

ਉਹਨਾਂ ਵਿੱਚੋਂ ਕੁੱਝ ਬਾਈਬਲ ਦੀਆਂ ਕਿਤਾਬਾਂ ਬਣ ਗਏ |

# ਯਿਸੂ ਵਾਇਦਾ ਕੀਤਾ ਹੋਇਆ ਮਸੀਹਾ ਹੈ

## 48:01

ਜਦੋਂ ਪਰਮੇਸ਼ੁਰ ਨੇ ਸੰਸਾਰ ਦੀ ਰਚਨਾ ਕੀਤੀ ਸਭ ਕੁੱਝ ਸੰਪੂਰਨ ਸੀ |ਕੋਈ ਪਾਪ ਨਹੀਂ ਸੀ |ਆਦਮ ਅਤੇ ਹਵਾ ਇੱਕ ਦੂਸਰੇ ਨੂੰ ਪਿਆਰ ਕਰਦੇ ਸਨ ਅਤੇ ਪਰਮੇਸ਼ੁਰ ਨੂੰ ਵੀ ਪਿਆਰ ਕਰਦੇ ਸਨ |ਕੋਈ ਵੀ ਬਿਮਾਰੀ ਅਤੇ ਮੌਤ ਨਹੀਂ ਸੀ |ਪਰਮੇਸ਼ੁਰ ਸੰਸਾਰ ਨੂੰ ਇਸੇ ਤਰੀਕੇ ਦਾ ਹੀ ਚਾਹੁੰਦਾ ਸੀ |

### ਜਦੋਂ ਪਹਿਲੀ ਵਾਰ ਪਰਮੇਸ਼ੁਰ ਨੇ ਸੰਸਾਰ ਨੂੰ ਰਚਿਆ ਇਹ ਕਿਸ ਤਰ੍ਹਾਂ ਦਾ ਸੀ ?

ਇਹ ਸੰਪੂਰਨ, ਪਾਪ ਰਹਿਤ, ਬਿਮਾਰੀ ਰਹਿਤ ਅਤੇ ਮੌਤ ਰਹਿਤ |

---

## 48:02

ਸ਼ੈਤਾਨ ਬਾਗ਼ ਵਿੱਚ ਸੱਪ ਦੁਆਰਾ ਬੋਲਿਆ ਤਾਂ ਕਿ ਹਵਾ ਨੂੰ ਧੋਖਾ ਦੇਵੇ |ਤਦ ਉਸ ਨੇ ਅਤੇ ਆਦਮ ਨੇ ਪਰਮੇਸ਼ੁਰ ਦੇ ਵਿਰੁੱਧ ਪਾਪ ਕੀਤਾ |ਕਿਉਂਕਿ ਉਹਨਾਂ ਨੇ ਪਾਪ ਕੀਤਾ, ਇਸ ਲਈ ਧਰਤੀ ਉੱਤੇ ਹਰ ਇੱਕ ਬਿਮਾਰ ਹੁੰਦਾ ਅਤੇ ਮਰਦਾ ਹੈ |

### ਕਿਉਂ ਧਰਤੀ ਉੱਤੇ ਲੋਕ ਬੀਮਾਰ ਹੁੰਦੇ ਹਨ ਅਤੇ ਹਰ ਕੋਈ ਮਰਦਾ ਹੈ ?

ਕਿਉਂਕਿ ਆਦਮ ਅਤੇ ਹਵਾ ਨੇ ਪਰਮੇਸ਼ੁਰ ਦੇ ਪ੍ਰਤੀ ਪਾਪ ਕੀਤਾ ਸੀ |

---

## 48:03

ਕਿਉਂਕਿ ਆਦਮ ਅਤੇ ਹਵਾ ਨੇ ਪਾਪ ਕੀਤਾ, ਇਸ ਤੋਂ ਵੀ ਜ਼ਿਆਦਾ ਭਿਆਨਕ ਹੋਇਆ |ਉਹ ਪਰਮੇਸ਼ੁਰ ਦੇ ਦੁਸ਼ਮਣ ਬਣ ਗਏ |ਨਤੀਜੇ ਵਜੋਂ, ਉਸ ਸਮੇਂ ਤੋਂ ਲੈ ਕੇ ਹਰ ਇੱਕ ਵਿਅਕਤੀ ਪਾਪੀ ਸੁਭਾਓ ਨਾਲ ਪੈਦਾ ਹੋਇਆ ਅਤੇ ਪਰਮੇਸ਼ੁਰ ਦਾ ਦੁਸ਼ਮਣ ਬਣਿਆ |ਪਾਪ ਦੇ ਕਾਰਨ ਪਰਮੇਸ਼ੁਰ ਅਤੇ ਲੋਕਾਂ ਵਿਚਕਾਰ ਰਿਸ਼ਤਾ ਟੁੱਟ ਗਿਆ ਸੀ |ਪਰ ਪਰਮੇਸ਼ੁਰ ਕੋਲ ਇਸ ਰਿਸ਼ਤੇ ਨੂੰ ਬਹਾਲ ਕਰਨ ਲਈ ਇੱਕ ਯੋਜਨਾ ਸੀ |

### ਹਰ ਇੱਕ ਇੰਨਸਾਨ ਜੋ ਪੈਦਾ ਹੁੰਦਾ ਹੈ ਉਸ ਦੀ ਕੀ ਹਾਲਾਤ ਹੈ ?

ਉਹਨਾਂ ਦਾ ਸੁਭਾਓ ਪਾਪੀ ਹੈ ਅਤੇ ਪਰਮੇਸ਼ੁਰ ਦੇ ਦੁਸ਼ਮਣ ਹਨ |

---

## 48:04

ਪਰਮੇਸ਼ੁਰ ਨੇ ਵਾਇਦਾ ਕੀਤਾ ਕਿ ਹਵਾ ਦੀ ਸੰਤਾਨ ਸ਼ੈਤਾਨ ਦੇ ਸਿਰ ਨੂੰ ਕੁਚਲੇਗੀ ਅਤੇ ਸ਼ੈਤਾਨ ਉਸ ਦੀ ਅੱਡੀ ਨੂੰ ਡੱਸੇਗਾ |ਇਸ ਦਾ ਮਤਲਬ ਸ਼ੈਤਾਨ ਮਸੀਹ ਨੂੰ ਮਾਰੇਗਾ ਪਰ ਪਰਮੇਸ਼ੁਰ ਉਸ ਨੂੰ ਦੁਬਾਰਾ ਫੇਰ ਜੀਉਂਦਾ ਕਰੇਗਾ ਅਤੇ ਤਦ ਮਸੀਹ ਸ਼ੈਤਾਨ ਦੀ ਸ਼ਕਤੀ ਨੂੰ ਹਮੇਸ਼ਾਂ ਲਈ ਕੁਚਲ ਦੇਵੇਗਾ |ਬਹੁਤ ਸਾਲ ਬਾਅਦ, ਪਰਮੇਸ਼ੁਰ ਨੇ ਪ੍ਰਗਟ ਕੀਤਾ ਕਿ ਯਿਸੂ ਹੀ ਮਸੀਹ ਹੈ |

### ਇਸ ਦਾ ਕੀ ਮਤਲਬ ਹੈ ਕੀ ਸ਼ੈਤਾਨ ਹਵਾ ਦੀ ਸੰਤਾਨ ਦੇ ਪੈਰ ਦੀ ਅੱਡੀ ਨੂੰ ਡੱਸੇਗਾ ?

ਸ਼ੈਤਾਨ ਮਸੀਹਾਂ ਨੂੰ ਮਾਰੇਗਾ ਅਤੇ ਪਰਮੇਸ਼ੁਰ ਉਸ ਨੂੰ ਦੁਬਾਰਾ ਜੀਵਿਤ ਕਰੇਗਾ |

---

## 48:05

ਜਦੋਂ ਪਰਮੇਸ਼ੁਰ ਨੇ ਸਾਰੀ ਧਰਤੀ ਨੂੰ ਪਾਣੀ ਨਾਲ ਖ਼ਤਮ ਕੀਤਾ ਤਾਂ ਉਸਨੇ ਉਹਨਾਂ ਲੋਕਾਂ ਨੂੰ ਬਚਾਉਣ ਲਈ ਜੋ ਉਸ ਉੱਤੇ ਵਿਸ਼ਵਾਸ ਕਰਦੇ ਸਨ ਇੱਕ ਕਿਸ਼ਤੀ ਦਿੱਤੀ |ਉਸੇ ਤਰੀਕੇ ਨਾਲ, ਆਪਣੇ ਪਾਪਾਂ ਦੇ ਕਾਰਨ ਹਰ ਇੱਕ ਨਾਸ ਹੋਣ ਵਾਲਾ ਸੀ ਪਰ ਪਰਮੇਸ਼ੁਰ ਨੇ ਯਿਸੂ ਨੂੰ ਸੰਸਾਰ ਲਈ ਦੇ ਦਿੱਤਾ ਤਾਂ ਕਿ ਹਰ ਇੱਕ ਜੋ ਉਸ ਉੱਤੇ ਵਿਸ਼ਵਾਸ ਕਰੇ ਉਹ ਉਸ ਨੂੰ ਬਚਾਵੇ |

### ਕਿਸ ਤਰੀਕੇ ਨਾਲ ਯਿਸੂ ਉਹ ਕਿਸ਼ਤੀ ਹੈ ਜੋ ਪਰਮੇਸ਼ੁਰ ਨੇ ਮੁਹੱਈਆ ਕੀਤੀ ਜਦੋਂ ਉਸ ਨੇ ਧਰਤੀ ਨੂੰ ਜਲ ਪਰਲੋ ਨਾਲ ਤਬਾਹ ਕੀਤਾ ?

ਪਰਮੇਸ਼ੁਰ ਨੇ ਯਿਸੂ ਮੁਹੱਈਆ ਕੀਤਾ ਇੱਕ ਮਾਰਗ ਦੀ ਤਰ੍ਹਾਂ ਉਹਨਾਂ ਲੋਕਾਂ ਨੂੰ ਬਚਾਉਣ ਲਈ ਜੋ ਉਸ ਵਿੱਚ ਵਿਸ਼ਵਾਸ ਕਰਦੇ ਹਨ |

---

## 48:06

ਸੈਂਕੜੇ ਸਾਲਾਂ ਤੋਂ ਜਾਜ਼ਕ ਲਗਾਤਾਰ ਪਰਮੇਸ਼ੁਰ ਅੱਗੇ ਬਲੀਆਂ ਚੜ੍ਹਾਉਂਦੇ ਸਨ ਕਿ ਉਹ ਲੋਕਾਂ ਨੂੰ ਉਹ ਸਜਾ ਦਿਖਾਉਣ ਜੋ ਉਹਨਾਂ ਨੂੰ ਉਹਨਾਂ ਦੇ ਪਾਪਾਂ ਦੇ ਕਾਰਨ ਮਿਲਣ ਵਾਲੀ ਸੀ |ਪਰ ਉਹ ਬਲੀਆਂ ਉਹਨਾਂ ਦੇ ਪਾਪਾਂ ਨੂੰ ਹਟਾ ਨਹੀਂ ਸਕਦੀਆਂ ਸਨ |ਯਿਸੂ ਮਹਾਨ ਜਾਜ਼ਕ ਹੈ |ਦੂਸਰੇ ਜਾਜ਼ਕਾਂ ਦੀ ਤਰ੍ਹਾਂ ਨਹੀਂ, ਉਸ ਨੇ ਆਪਣੇ ਆਪ ਨੂੰ ਬਲੀਦਾਨ ਕਰ ਦਿੱਤਾ ਜੋ ਸੰਸਾਰ ਦੇ ਸਾਰੇ ਲੋਕਾਂ ਦੇ ਪਾਪਾਂ ਨੂੰ ਮਿਟਾ ਸਕਦਾ ਸੀ |ਯਿਸੂ ਸਿੱਧ ਮਹਾਨ ਜਾਜ਼ਕ ਸੀ ਕਿਉਂਕਿ ਉਸ ਨੇ ਹਰ ਪਾਪ ਦੀ ਸਜਾ ਨੂੰ ਆਪਣੇ ਉੱਪਰ ਲੈ ਲਿਆ ਜੋ ਹਰ ਇੱਕ ਮਨੁੱਖ ਨੇ ਕੀਤਾ ਸੀ |

### ਯਿਸੂ ਉਹਨਾਂ ਜ਼ਾਜਕਾਂ ਨਾਲੋਂ ਕਿਵੇਂ ਭਿੰਨ ਹੈ ਜੋ ਉਸ ਤੋਂ ਪਹਿਲਾਂ ਆਏ ?

ਉਸ ਨੇ ਆਪਣੇ ਆਪ ਨੂੰ ਇੱਕ ਬਲੀਦਾਨ ਦੇ ਰੂਪ ਵਿੱਚ ਦੇ ਦਿੱਤਾ ਜੋ ਲੋਕਾਂ ਦੇ ਪਾਪ ਦੂਰ ਕਰਦਾ ਹੈ |

---

## 48:07

ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ, "ਧਰਤੀ ਦੀਆਂ ਸਾਰੀਆਂ ਜਾਤੀਆਂ ਤੇਰੇ ਦੁਆਰਾ ਬਰਕਤ ਪਾਉਣਗੀਆਂ |"ਯਿਸੂ ਅਬਰਾਹਾਮ ਦੀ ਸੰਤਾਨ ਸੀ |

### ਕਿਸ ਤਰ੍ਹਾਂ ਪਰਮੇਸ਼ੁਰ ਦਾ ਅਬਰਾਹਾਮ ਨਾਲ ਕੀਤਾ ਵਾਅਦਾ ਯਿਸੂ ਦੁਆਰਾ ਪੂਰਾ ਹੋਇਆ ?

ਹਰ ਇੱਕ ਜੋ ਕਿਸੇ ਵੀ ਜਾਤੀ ਤੋਂ ਜੋ ਯਿਸੂ ਉੱਤੇ ਵਿਸ਼ਵਾਸ ਕਰਦਾ ਹੈ ਪਾਪ ਤੋਂ ਬਚਾਇਆ ਗਿਆ ਅਤੇ ਆਤਮਿਕ ਤੌਰ ਤੇ ਅਬਰਾਹਾਮ ਦੀ ਸੰਤਾਨ ਬਣ ਗਿਆ |

---

## 48:08

ਸਾਰੀਆਂ ਜਾਤੀਆਂ ਦੇ ਲੋਕਾਂ ਨੇ ਉਸ ਦੁਆਰਾ ਬਰਕਤ ਪਾਈ, ਕਿਉਂਕਿ ਹਰ ਇੱਕ ਜਿਹੜਾ ਯਿਸ਼ੂ ਉੱਤੇ ਵਿਸ਼ਵਾਸ ਕਰਦਾ ਹੈ ਪਾਪਾਂ ਤੋਂ ਬਚਾਇਆ ਜਾਂਦਾ ਹੈ, ਅਤੇ ਅਬਰਾਹਾਮ ਦੀ ਆਤਮਿਕ ਸੰਤਾਨ ਬਣ ਜਾਂਦਾ ਹੈ |ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਉਸਦੇ ਪੁੱਤਰ ਇਸਹਾਕ ਨੂੰ ਕੁਰਬਾਨ ਕਰਨ ਲਈ ਕਿਹਾ, ਪਰਮੇਸ਼ੁਰ ਨੇ ਉਸ ਦੇ ਪੁੱਤਰ ਇਸਹਾਕ ਦੀ ਜਗ੍ਹਾ ਕੁਰਬਾਨੀ ਲਈ ਲੇਲੇ ਦਾ ਪ੍ਰਬੰਧ ਕੀਤਾ | ਆਪਣੇ ਪਾਪਾਂ ਲਈ ਅਸੀਂ ਸਭ ਮੌਤ ਦੇ ਹੱਕਦਾਰ ਹਾਂ |ਪਰ ਪਰਮੇਸ਼ੁਰ ਨੇ ਯਿਸੂ ਨੂੰ ਸਾਡੇ ਲਈ ਦੇ ਦਿੱਤਾ, ਜੋ ਪਰਮੇਸ਼ੁਰ ਦਾ ਲੇਲਾ ਹੈ ਤਾਂਕਿ ਸਾਡੀ ਜਗ੍ਹਾ ਮਰਨ ਲਈ ਕੁਰਬਾਨ ਹੋਵੇ|

### ਕਿਸ ਤਰ੍ਹਾਂ ਯਿਸੂ ਉਸ ਲੇਲੇ ਦੀ ਤਰ੍ਹਾਂ ਹੈ ਜੋ ਇਸਹਾਕ ਦੀ ਜਗ੍ਹਾ ਬਲੀਦਾਨ ਕੀਤਾ ਗਿਆ ?

ਯਿਸੂ ਪਰਮੇਸ਼ੁਰ ਦਾ ਲੇਲੇ ਹੈ ਜੋ ਸਾਡੀ ਜਗ੍ਹਾ ਬਲੀਦਾਨ ਹੋਇਆ |

---

## 48:09

ਜਦੋਂ ਪਰਮੇਸ਼ੁਰ ਨੇ ਮਿਸਰ ਉੱਤੇ ਆਖਰੀ ਬਵਾ ਭੇਜੀ ਉਸ ਨੇ ਇਸਰਾਏਲੀਆਂ ਦੇ ਹਰ ਇੱਕ ਪਰਿਵਾਰ ਨੂੰ ਇੱਕ ਨਿਰਦੋਸ਼ ਲੇਲਾ ਕੱਟਣ ਅਤੇ ਉਸਦਾ ਲਹੂ ਆਪਣੇ ਦਰਵਾਜਿਆਂ ਦੀਆਂ ਚੁਗਾਠਾਂ ਤੇ ਲਾਉਣ ਲਈ ਕਿਹਾ | ਜਦੋ ਪਰਮੇਸ਼ੁਰ ਨੇ ਖ਼ੂਨ ਨੂੰ ਦੇਖਿਆ ਤਾਂ ਉਹ ਉਹਨਾਂ ਦੇ ਘਰਾਂ ਦੇ ਉੱਪਰੋਂ ਦੀ ਲੰਘ ਗਿਆ ਅਤੇ ਉਹਨਾਂ ਦੇ ਪਹਿਲੋਠਿਆਂ ਨੂੰ ਨਾ ਮਾਰਿਆ |ਇਸ ਘਟਨਾ ਨੂੰ ਪਸਾਹ ਕਿਹਾ ਜਾਂਦਾ ਹੈ |

---

## 48:10

ਯਿਸੂ ਪਸਾਹ ਦਾ ਲੇਲਾ ਹੈ |ਉਹ ਸੰਪੂਰਨ ਅਤੇ ਪਾਪ ਰਹਿਤ ਸੀ ਅਤੇ ਪਸਾਹ ਤਿਉਹਾਰ ਦੇ ਸਮੇਂ ਮਾਰਿਆ ਗਿਆ |ਜਦੋਂ ਕੋਈ ਵੀ ਯਿਸੂ ਤੇ ਵਿਸ਼ਵਾਸ ਕਰਦਾ ਹੈ, ਤਾਂ ਯਿਸੂ ਦਾ ਲਹੂ ਵਿਅਕਤੀ ਦੇ ਪਾਪ ਲਈ ਮੁੱਲ ਤਾਰਦਾ ਹੈ ਅਤੇ ਪਰਮੇਸ਼ੁਰ ਦੀ ਸਜਾ ਉਸ ਵਿਅਕਤੀ ਦੇ ਉੱਪਰੋਂ ਲੰਘ ਜਾਂਦੀ ਹੈ |

### ਕਿਸ ਤਰ੍ਹਾਂ ਯਿਸੂ ਪਸਾਹ ਦਾ ਲੇਲਾ ਹੈ ?

ਯਿਸੂ ਸੰਪੂਰਨ ਅਤੇ ਪਾਪ ਰਹਿਤ ਸੀ ਅਤੇ ਉਸ ਦੇ ਲਹੂ ਨੇ ਉਹਨਾਂ ਲੋਕਾਂ ਪਰਮੇਸ਼ੁਰ ਦੀ ਸਜਾ ਨੂੰ ਉਹਨਾਂ ਲੋਕਾਂ ਤੋਂ ਹਟਾ ਦਿੱਤਾ ਜਿਹਨਾਂ ਨੇ ਉਸ ਉੱਤੇ ਵਿਸ਼ਵਾਸ ਕੀਤਾ |

## 48:11

ਪਰਮੇਸ਼ੁਰ ਨੇ ਇਸਰਾਏਲੀਆਂ ਨਾਲ ਨੇਮ ਬੰਨ੍ਹਿਆ ਜੋ ਉਸਦੇ ਚੁਣੇ ਗਏ ਲੋਕ ਸਨ |ਪਰ ਪਰਮੇਸ਼ੁਰ ਨੇ ਹੁਣ ਇੱਕ ਨਵਾਂ ਨੇਮ ਬੰਨ੍ਹਿਆ ਜੋ ਹਰ ਇੱਕ ਲਈ ਉਪਲੱਭਦ ਹੈ |ਇਸ ਨਵੇਂ ਨੇਮ ਦੇ ਕਾਰਨ ਹਰ ਕੋਈ ਕਿਸੇ ਵੀ ਜਾਤੀ ਤੋਂ ਯਿਸੂ ਤੇ ਵਿਸ਼ਵਾਸ ਕਰਕੇ ਪਰਮੇਸ਼ੁਰ ਦੇ ਲੋਕਾਂ ਦਾ ਭਾਗ ਬਣ ਸਕਦੇ ਹਨ |

### ਕੌਣ ਪਰਮੇਸ਼ੁਰ ਦੇ ਲੋਕਾਂ ਦਾ ਭਾਗ ਬਣ ਸਕਦਾ ਹੈ ?

ਕੋਈ ਵੀ ਕਿਸੇ ਵੀ ਜਾਤੀ ਤੋਂ ਨਵੇਂ ਨੇਮ ਦੁਆਰਾ ਅਤੇ ਯਿਸੂ ਉੱਤੇ ਵਿਸ਼ਵਾਸ ਕਰਨ ਦੁਆਰਾ ਉਹ ਪਰਮੇਸ਼ੁਰ ਦੇ ਲੋਕਾਂ ਦਾ ਭਾਗ ਬਣ ਸਕਦਾ ਹੈ |

---

## 48:12

ਮੂਸਾ ਇੱਕ ਮਹਾਨ ਨਬੀ ਸੀ ਜਿਸ ਨੇ ਪਰਮੇਸ਼ੁਰ ਦੇ ਵਚਨ ਦੀ ਘੋਸ਼ਣਾ ਕੀਤੀ |ਪਰ ਯਿਸੂ ਸਭ ਨਬੀਆਂ ਤੋਂ ਮਹਾਨ ਹੈ |ਉਹ ਪਰਮੇਸ਼ੁਰ ਹੈ, ਇਸ ਲਈ ਜੋ ਕੁੱਝ ਵੀ ਉਸਨੇ ਕੀਤਾ ਅਤੇ ਕਿਹਾ ਉਹ ਸਭ ਪਰਮੇਸ਼ੁਰ ਦੇ ਕੰਮ ਅਤੇ ਵਚਨ ਹਨ |ਇਸ ਲਈ ਯਿਸੂ ਨੂੰ ਪਰਮੇਸ਼ੁਰ ਦਾ ਵਚਨ ਕਿਹਾ ਜਾਂਦਾ ਹੈ |

### ਕਿਸ ਤਰ੍ਹਾਂ ਯਿਸੂ ਸਾਰੇ ਨਬੀਆਂ ਨਾਲੋਂ ਮਹਾਨ ਹੈ ?

ਉਹ ਪਰਮੇਸ਼ੁਰ ਹੈ, ਇਸ ਲਈ ਜੋ ਵੀ ਉਸ ਨੇ ਕੀਤਾ ਅਤੇ ਕਿਹਾ ਉਹ ਪਰਮੇਸ਼ੁਰ ਦੇ ਕੰਮ ਅਤੇ ਵਚਨ ਹਨ |

---

## 48:13

ਪਰਮੇਸ਼ੁਰ ਨੇ ਰਾਜਾ ਦਾਊਦ ਨਾਲ ਵਾਅਦਾ ਕੀਤਾ ਕਿ ਉਸ ਦੀ ਸੰਤਾਨ ਵਿੱਚੋਂ ਇੱਕ ਹਮੇਸ਼ਾਂ ਲਈ ਰਾਜ ਕਰੇਗਾ |ਕਿਉਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਅਤੇ ਮਸੀਹਾ ਹੈ, ਇਹ ਉਹ ਦਾਊਦ ਦੀ ਖਾਸ ਸੰਤਾਨ ਹੈ ਜੋ ਹਮੇਸ਼ਾਂ ਲਈ ਰਾਜ ਕਰ ਸਕਦਾ ਹੈ |

### ਕਿਸ ਤਰ੍ਹਾਂ ਯਿਸੂ ਨੇ ਪਰਮੇਸ਼ੁਰ ਦੇ ਉਸ ਵਾਅਦੇ ਨੂੰ ਪੂਰਾ ਕੀਤਾ ਜੋ ਉਸ ਨੇ ਦਾਊਦ ਨਾਲ ਕੀਤਾ ਹੈ ?

ਕਿਉਂਕਿ ਉਹ ਪਰਮੇਸ਼ੁਰ ਦਾ ਦਾ ਪੁੱਤਰ ਹੈ , ਉਹ ਦਾਊਦ ਦੀ ਸੰਤਾਨ ਹੈ ਜੋ ਹਮੇਸ਼ਾਂ ਲਈ ਰਾਜ ਕਰ ਸਕਦਾ ਹੈ |

---

## 48:14

ਦਾਊਦ ਇਸਰਾਏਲ ਦਾ ਰਾਜਾ ਸੀ ਪਰ ਯਿਸੂ ਪੂਰੀ ਸ਼੍ਰਿਸਟੀ ਦਾ ਰਾਜਾ ਹੈ |ਉਹ ਦੁਬਾਰਾ ਫੇਰ ਆਵੇਗਾ ਅਤੇ ਹਮੇਸ਼ਾਂ ਲਈ ਆਪਣੇ ਰਾਜ ਉੱਤੇ ਧਰਮ ਅਤੇ ਸ਼ਾਂਤੀ ਨਾਲ ਰਾਜ ਕਰੇਗਾ |

## ਕਿਸ ਤਰ੍ਹਾਂ ਯਿਸੂ ਰਾਜਾ ਦਾਊਦ ਨਾਲੋਂ ਮਹਾਨ ਹੈ ?

ਯਿਸੂ ਸਾਰੀ ਸਰਿਸ਼ਟੀ ਦਾ ਰਾਜਾ ਹੈ |

# ਪਰਮੇਸ਼ੁਰ ਦਾ ਨਵਾਂ ਨੇਮ

## 49:01

ਇੱਕ ਦੂਤ ਨੇ ਕੁਵਾਰੀ ਮਰਿਯਮ ਨੂੰ ਕਿਹਾ ਕਿ ਉਹ ਪਰਮੇਸ਼ੁਰ ਦੇ ਪੁੱਤਰ ਨੂੰ ਜਨਮ ਦੇਵੇਗੀ |ਜਦੋਂ ਉਹ ਅਜੇ ਕੁਵਾਰੀ ਹੀ ਸੀ ਉਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਅਤੇ ਉਸ ਦਾ ਨਾਮ ਯਿਸੂ ਰੱਖਿਆ |ਇਸ ਲਈ ਯਿਸੂ ਪਰਮੇਸ਼ੁਰ ਅਤੇ ਸੰਪੂਰਨ ਮਨੁੱਖ ਹੈ |

### ਕਿਸ ਤਰ੍ਹਾਂ ਯਿਸੂ ਦੋਨੋਂ ਪਰਮੇਸ਼ੁਰ ਅਤੇ ਮਨੁੱਖ ਹੈਂ ?

ਕਿਉਂਕਿ ਉਹ ਇੱਕ ਕੁਆਰੀ ਔਰਤ ਤੋਂ ਪੈਦਾ ਹੋਇਆ ਅਤੇ ਪਰਮੇਸ਼ੁਰ ਦਾ ਪੁੱਤਰ ਸੀ |

---

## 49:02

ਯਿਸੂ ਨੇ ਬਹੁਤ ਚਮਤਕਾਰ ਕੀਤੇ ਜੋ ਸਬੂਤ ਦਿੰਦੇ ਹਨ ਕਿ ਉਹ ਪਰਮੇਸ਼ੁਰ ਹੈ |ਉਹ ਪਾਣੀ ਉੱਤੇ ਚੱਲਿਆ, ਤੁਫਾਨ ਨੂੰ ਸ਼ਾਂਤ ਕੀਤਾ, ਬਹੁਤ ਬਿਮਾਰ ਲੋਕਾਂ ਨੂੰ ਚੰਗਾਂ ਕੀਤਾ, ਭੂਤਾਂ ਨੂੰ ਕੱਢਿਆ, ਮੁਰਦੇ ਜੀਵਾਏ, ਪੰਜ ਰੋਟੀਆਂ ਅਤੇ ਦੋ ਮੱਛੀਆਂ ਨੂੰ ਬਹੁਤ ਭੋਜਨ ਵਿੱਚ ਬਦਲ ਕੇ 5000 ਤੋਂ ਵੀ ਵੱਧ ਲੋਕਾਂ ਨੂੰ ਰਜਾਇਆ |

### ਕਿਸ ਤਰ੍ਹਾਂ ਯਿਸੂ ਸਾਬਤ ਕੀਤਾ ਕਿ ਉਹ ਪਰਮੇਸ਼ੁਰ ਹੈ ?

ਉਸ ਨੇ ਕਈ ਚਮਤਕਾਰ ਕੀਤੇ |

---

## 49:03

ਯਿਸੂ ਇੱਕ ਮਹਾਨ ਸਿੱਖਿਅਕ ??? ਵੀ ਸੀ ਅਤੇ ਉਸ ਨੇ ਪੂਰੇ ਅਧਿਕਾਰ ਨਾਲ ਬੋਲਿਆ ਕਿਉਂਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ |ਉਸ ਨੇ ਸਿਖਾਇਆ ਕਿ ਤੁਹਾਨੂੰ ਦੂਸਰਿਆਂ ਨੂੰ ਪਿਆਰ ਕਰਨ ਦੀ ਲੋੜ ਹੈ ਬਿਲਕੁਲ ਉਸੇ ਤਰ੍ਹਾਂ ਜਿਵੇ ਤੁਸੀਂ ਆਪਣੇ ਆਪ ਨੂੰ ਪਿਆਰ ਕਰਦੇ ਹੋ |

### ਸਾਨੂੰ ਕਿਸ ਤਰ੍ਹਾਂ ਦੂਸਰੇ ਲੋਕਾਂ ਨੂੰ ਪਿਆਰ ਕਰਨਾ ਚਾਹੀਦਾ ਹੈ ?

ਉਸੇ ਤਰ੍ਹਾਂ ਜਿਵੇਂ ਅਸੀਂ ਆਪਣੇ ਆਪ ਨੂੰ ਕਰਦੇ ਹਾਂ |

---

## 49:04

ਉਸ ਨੇ ਇਹ ਵੀ ਸਿਖਾਇਆ ਕਿ ਤੁਸੀਂ ਪਰਮੇਸ਼ੁਰ ਨੂੰ ਬਾਕੀ ਸਭ ਗੱਲਾਂ ਨਾਲੋਂ ਜ਼ਿਆਦਾ ਪਿਆਰ ਕਰੋ ਆਪਣੇ ਧੰਨ ਨਾਲੋਂ ਵੀ ਜ਼ਿਆਦਾ |

### ਕਿਸ ਨਾਲ ਸਾਨੂੰ ਸਭ ਜ਼ਿਆਦਾ ਪਿਆਰ ਕਰਨਾ ਚਾਹੀਦਾ ਹੈ ?

ਪਰਮੇਸ਼ੁਰ |

---

## 49:05

ਯਿਸੂ ਨੇ ਕਿਹਾ ਕਿ ਪਰਮੇਸ਼ੁਰ ਦਾ ਰਾਜ ਸੰਸਾਰ ਦੀ ਹਰ ਵਸਤ ਨਾਲੋਂ ਜ਼ਿਆਦਾ ਬਹੁਮੁੱਲਾ ਹੈ |ਹਰ ਇੱਕ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਜੋ ਗੱਲ ਹੈ ਕਿ ਉਹ ਪਰਮੇਸ਼ੁਰ ਦੇ ਰਾਜ ਨਾਲ ਸੰਬੰਧਤ ਹੋਣ |ਪਰਮੇਸ਼ੁਰ ਦੇ ਰਾਜ ਵਿੱਚ ਪ੍ਰਵੇਸ਼ ਕਰਨ ਲਈ ਤੁਹਾਨੂੰ ਪਾਪ ਤੋਂ ਬਚਣਾ ਜ਼ਰੂਰੀ ਹੈ |

### ਕਿਸੇ ਵੀ ਲਈ ਸਭ ਤੋਂ ਜ਼ਿਆਦਾ ਮਹਤਵਪੂਰਣ ਗੱਲ ਕੀ ਹੈ ?

ਪਰਮੇਸ਼ੁਰ ਦੇ ਰਾਜ ਦਾ ਭਾਗ ਬਣਨਾ |

---

## 49:06

ਯਿਸੂ ਨੇ ਸਿਖਾਇਆ ਕਿ ਕੁੱਝ ਲੋਕ ਉਸ ਨੂੰ ਗ੍ਰਹਿਣ ਕਰਨਗੇ ਅਤੇ ਬਚਾਏ ਜਾਣਗੇ ਪਰ ਦੂਸਰੇ ਨਹੀਂ |ਉਸ ਨੇ ਕਿਹਾ ਕਿ ਕੁੱਝ ਲੋਕ ਚੰਗੀ ਭੂਮੀ ਦੀ ਤਰ੍ਹਾਂ ਹਨ |ਉਹਨਾਂ ਨੇ ਯਿਸੂ ਦੀ ਖੁਸ਼ ਖ਼ਬਰੀ ਨੂੰ ਗ੍ਰਹਿਣ ਕੀਤਾ ਅਤੇ ਬਚਾਏ ਗਏ |ਦੂਸਰੇ ਲੋਕ ਰਸਤੇ ਦੀ ਉਸ ਸਖ਼ਤ ਮਿੱਟੀ ਵਰਗੇ ਹਨ, ਜਿੱਥੇ ਪਰਮੇਸ਼ੁਰ ਦੇ ਵਚਨ ਦਾ ਬੀਜ ਭੂਮੀ ਵਿੱਚ ਨਹੀਂ ਜਾਂਦਾ ਅਤੇ ਕਿਸੇ ਵੀ ਫਸਲ ਨੂੰ ਪੈਦਾ ਨਹੀਂ ਕਰਦਾ |ਇਹ ਲੋਕ ਯਿਸੂ ਦੇ ਸੰਦੇਸ਼ ਦਾ ਨਿਰਾਦਰ ਕਰਦੇ ਹਨ ਅਤੇ ਉਸ ਦੇ ਰਾਜ ਵਿੱਚ ਪ੍ਰਵੇਸ਼ ਨਹੀਂ ਕਰਨਗੇ |

### ਉਹਨਾਂ ਲੋਕਾਂ ਨਾਲ ਕੀ ਹੋਵੇਗਾ ਜੋ ਮਸੀਹ ਬਾਰੇ ਸੰਦੇਸ਼ ਨੂੰ ਤ੍ਰਿਸਕਾਰ ਕਰਦੇ ਹਨ ?

ਉਹ ਪਰਮੇਸ਼ੁਰ ਦੇ ਰਾਜ ਵਿੱਚ ਨਹੀਂ ਜਾਣਗੇ |

---

## 49:07

ਯਿਸੂ ਨੇ ਸਿਖਾਇਆ ਹੈ ਕਿ ਪਰਮੇਸ਼ੁਰ ਪਾਪੀਆਂ ਨੂੰ ਬਹੁਤ ਪਿਆਰ ਕਰਦਾ ਹੈ |ਉਹ ਉਹਨਾਂ ਨੂੰ ਮਾਫ਼ ਕਰਨਾ ਅਤੇ ਉਹਨਾਂ ਨੂੰ ਆਪਣੇ ਬੱਚੇ ਬਣਾਉਣਾ ਚਾਹੁੰਦਾ ਹੈ |

### ਪਰਮੇਸ਼ੁਰ ਪਾਪੀਆਂ ਨਾਲ ਕੀ ਕਰਨਾ ਚਾਹੁੰਦੇ ਹਨ ?

ਉਹ ਉਹਨਾਂ ਨੂੰ ਮਾਫ਼ ਕਰਨਾ ਚਾਹੁੰਦਾ ਹੈ ਅਤੇ ਉਹਨਾਂ ਨੂੰ ਆਪਣੀ ਸੰਤਾਨ ਬਣਾਉਣਾ ਚਾਹੁੰਦਾ ਹੈ |

---

## 49:08

ਯਿਸੂ ਨੇ ਸਾਨੂੰ ਇਹ ਦੱਸਿਆ ਕਿ ਪਰਮੇਸ਼ੁਰ ਪਾਪ ਨਾਲ ਨਫ਼ਰਤ ਕਰਦਾ ਹੈ |ਜਦੋਂ ਆਦਮ ਅਤੇ ਹਵਾ ਨੇ ਪਾਪ ਕੀਤਾ, ਇਸ ਨੇ ਇਹਨਾਂ ਦੀ ਸਾਰੀ ਸੰਤਾਨ ਨੂੰ ਪ੍ਰਭਾਵਿਤ ਕੀਤਾ |ਨਤੀਜੇ ਵਜੋਂ ਸੰਸਾਰ ਦੇ ਹਰ ਵਿਅਕਤੀ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਤੋਂ ਦੂਰ ਹੋ ਗਏ |ਇਸ ਲਈ, ਹਰ ਇੱਕ ਪਰਮੇਸ਼ੁਰ ਦਾ ਦੁਸ਼ਮਣ ਬਣ ਗਿਆ |

### ਪਰਮੇਸ਼ੁਰ ਕਿਸ ਚੀਜ਼ ਨੂੰ ਨਫਰਤ ਕਰਦਾ ਹੈ ?

ਪਾਪ |

---

## 49:09

ਪਰ ਪਰਮੇਸ਼ੁਰ ਨੇ ਜਗਤ ਨਾਲ ਬਹੁਤ ਪ੍ਰੇਮ ਕੀਤਾ ਕਿ ਉਸਨੇ ਆਪਣਾ ਇਕਲੌਤਾ ਪੁੱਤਰ ਦਿੱਤਾ ਕਿ ਜੋ ਕੋਈ ਵੀ ਯਿਸੂ ਉੱਤੇ ਵਿਸ਼ਵਾਸ ਕਰੇ ਉਸ ਨੂੰ ਉਸਦੇ ਪਾਪ ਦੀ ਸਜਾ ਨਹੀਂ ਦਿੱਤੀ ਜਾਵੇਗੀ ਪਰ ਉਹ ਪਰਮੇਸ਼ੁਰ ਨਾਲ ਹਮੇਸ਼ਾਂ ਲਈ ਰਹੇਗਾ |

---

## 49:10

ਆਪਣੇ ਪਾਪਾਂ ਦੇ ਕਾਰਨ ਤੁਸੀਂ ਦੋਸ਼ੀ ਹੋ ਅਤੇ ਮੌਤ ਦੇ ਹੱਕਦਾਰ ਹੋ |ਪਰਮੇਸ਼ੁਰ ਤੁਹਾਡੇ ਉੱਤੇ ਗੁੱਸੇ ਹੋ ਸਕਦਾ ਸੀ ਪਰ ਇਸ ਦੀ ਬਜਾਏ ਉਸ ਨੇ ਆਪਣਾ ਸਾਰਾ ਗੁੱਸਾ ਯਿਸੂ ਉੱਤੇ ਪਾ ??? ਦਿੱਤਾ |ਜਦੋਂ ਯਿਸੂ ਸਲੀਬ ਉੱਤੇ ਮਰਿਆ ਤਾਂ ਉਸ ਨੇ ਤੁਹਾਡੀ ਸਜਾ ਨੂੰ ਆਪਣੇ ਉੱਤੇ ਲਿਆ ਸੀ |

### ਆਪਣੇ ਪਾਪਾਂ ਦੇ ਕਾਰਨ ਅਸੀਂ ਪਰਮੇਸ਼ੁਰ ਵਲੋਂ ਕਿਸ ਗੱਲ ਦੇ ਹੱਕਦਾਰ ਹਾਂ ?

ਅਸੀਂ ਮੌਤ ਦੇ ਹੱਕਦਾਰ ਹਾਂ |

### ਜਦੋਂ ਯਿਸੂ ਸਲੀਬ ਉੱਤੇ ਮਰਿਆ ਤਾਂ ਉਹ ਕਿਸ ਗੱਲ ਦਾ ਹੱਕਦਾਰ ਨਹੀਂ ਸੀ ਜੋ ਉਸ ਨੂੰ ਮਿਲਿਆ ?

ਉਸ ਨੇ ਬਹੁਤ ਸਜਾਵਾਂ ਨੂੰ ਲੈ ਲਿਆ |

---

## 49:11

ਯਿਸੂ ਨੇ ਕਦੀ ਕੋਈ ਪਾਪ ਨਹੀਂ ਕੀਤਾ ਪਰ ਉਹ ਤੁਹਾਡੇ ਪਾਪਾਂ ਅਤੇ ਸਾਰੇ ਸੰਸਾਰ ਦੇ ਪਾਪਾਂ ਨੂੰ ਦੂਰ ਕਰਨ ਲਈ, ਸਜਾ ਲਈ ਇੱਕ ਸਿੱਧ ਬਲਿਦਾਨ ਲਈ ਚੁਣਿਆ |ਇਸ ਲਈ ਕਿ ਯਿਸੂ ਨੇ ਆਪਣੇ ਆਪ ਨੂੰ ਬਲੀਦਾਨ ਕੀਤਾ ਅਤੇ ਪਰਮੇਸ਼ੁਰ ਹਰ ਪਾਪ ਨੂੰ ਮਾਫ਼ ਕਰ ਸਕਦਾ ਹੈ ਇਥੋਂ ਤੱਕ ਕਿ ਬਹੁਤ ਬੁਰੇ ਪਾਪ ਨੂੰ ਵੀ|

### ਕਿਉਂ ਯਿਸੂ ਦਾ ਬਲੀਦਾਨ ਜਗਤ ਦੇ ਸਾਰੇ ਲੋਕਾਂ ਦੇ ਪਾਪਾਂ ਨੂੰ ਦੂਰ ਕਰਨ ਦੇ ਯੋਗ ਸੀ ?

ਕਿਉਂਕਿ ਯਿਸੂ ਨੇ ਕਦੀ ਵੀ ਪਾਪ ਨਹੀਂ ਕੀਤਾ |

---

## 49:12

ਚੰਗੇ ਕੰਮ ਤੁਹਨੂੰ ਬਚਾ ਨਹੀਂ ਸਕਦੇ |ਕੋਈ ਵੀ ਐਸੀ ਗੱਲ ਨਹੀਂ ਹੈ ਜੋ ਪਰਮੇਸ਼ੁਰ ਨਾਲ ਰਿਸ਼ਤਾ ਬਣਾਉਣ ਲਈ ਤੁਸੀਂ ਕਰ ਸਕੋ |ਸਿਰਫ਼ ਯਿਸੂ ਹੀ ਤੁਹਾਡੇ ਪਾਪਾਂ ਨੂੰ ਧੋ ਸਕਦਾ ਹੈ |ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਵਿਸ਼ਵਾਸ ਕਰੋ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ, ਕਿ ਉਹ ਤੁਹਾਡੀ ਜਗ੍ਹਾ ਸਲੀਬ ਉੱਤੇ ਮਰਿਆ ਅਤੇ ਪਰਮੇਸ਼ੁਰ ਨੇ ਉਸਨੂੰ ਦੁਬਾਰਾ ਫੇਰ ਮੁਰਦਿਆਂ ਵਿੱਚੋਂ ਜਿਵਾ ਲਿਆ |

---

## 49:13

ਹਰ ਇੱਕ ਜੋ ਉਸ ਉੱਤੇ ਵਿਸ਼ਵਾਸ ਕਰਦਾ ਅਤੇ ਉਸਨੂੰ ਆਪਣਾ ਸੁਆਮੀ ਕਰਕੇ ਗ੍ਰਹਿਣ ਕਰਦਾ ਹੈ ਪਰਮੇਸ਼ੁਰ ਉਸਨੂੰ ਬਚਾਵੇਗਾ |ਪਰ ਉਹ ਉਸ ਨੂੰ ਵੀ ਨਹੀਂ ਬਚਾਵੇਗਾ ਜੋ ਉਸ ਉੱਤੇ ਵਿਸ਼ਵਾਸ ਨਹੀਂ ਕਰਦੇ |ਇਸ ਗੱਲ ਦਾ ਕੋਈ ਅਰਥ ਨਹੀਂ ਕਿ ਤੁਸੀਂ ਅਮੀਰ ਹੋ ਜਾਂ ਗਰੀਬ ਹੋ, ਮਰਦ ਹੋ ਜਾਂ ਔਰਤ ਬਜ਼ੁਰਗ ਹੋ ਜਾਂ ਜਵਾਨ ਜਾਂ ਤੁਸੀਂ ਕਿੱਥੇ ਰਹਿੰਦੇ ਹੋ |ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਤੁਸੀਂ ਯਿਸੂ ਉੱਤੇ ਵਿਸ਼ਵਾਸ ਕਰੋ ਤਾਂਕਿ ਉਹ ਤੁਹਾਡੇ ਨਾਲ ਕਰੀਬੀ ਰਿਸ਼ਤਾ ਬਣਾ ਸਕੇ |

### ਕੌਣ ਬਚਾਇਆ ਜਾਵੇਗਾ ?

ਹਰ ਕੋਈ ਜੋ ਯਿਸੂ ਤੇ ਵਿਸ਼ਵਾਸ ਕਰਦਾ ਅਤੇ ਉਸ ਨੂੰ ਆਪਣਾ ਪ੍ਰਭੂ ਕਰਕੇ ਸਵਿਕਾਰ ਕਰਦਾ |

---

## 49:14

ਯਿਸੂ ਤੁਹਾਨੂੰ ਬੁਲਾਉਂਦਾ ਹੈ ਕਿ ਤੁਸੀਂ ਉਸ ਉੱਤੇ ਵਿਸ਼ਵਾਸ ਕਰੋ ਅਤੇ ਬਪਤਿਸਮਾ ਲਓ |ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਪਰਮੇਸ਼ੁਰ ਦਾ ਇੱਕਲੌਤਾ ਪੁੱਤਰ ਅਤੇ ਮਸੀਹ ਹੈ ?ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਸੀਂ ਪਾਪੀ ਹੋ ਅਤੇ ਪਰਮੇਸ਼ੁਰ ਦੀ ਸਜਾ ਦੇ ਹੱਕਦਾਰ ਹੋ ?ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸ਼ੂ ਤੁਹਾਡੇ ਪਾਪਾਂ ਨੂੰ ਦੂਰ ਕਰਨ ਲਈ ਸਲੀਬ ਉੱਤੇ ਮਰਿਆ ?

---

## 49:15

ਅਗਰ ਤੁਸੀਂ ਯਿਸੂ ਉੱਤੇ ਅਤੇ ਉਸਨੇ ਤੁਹਾਡੇ ਲਈ ਜੋ ਕੁੱਝ ਕੀਤਾ ਹੈ ਉਸ ਉੱਤੇ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਮਸੀਹੀ ਹੋ !ਪਰਮੇਸ਼ੁਰ ਨੇ ਤੁਹਾਨੂੰ ਸ਼ੈਤਾਨ ਦੇ ਹਨ੍ਹੇਰੇ ਦੇ ਰਾਜ ਵਿੱਚੋਂ ਬਾਹਰ ਕੱਢ ਲਿਆ ਹੈ ਅਤੇ ਤੁਹਾਨੂੰ ਚਾਨਣ ਦੇ ਰਾਜ ਵਿੱਚ ਰੱਖ ਦਿੱਤਾ ਹੈ |ਪਰਮੇਸ਼ੁਰ ਨੇ ਤੁਹਾਡੇ ਕੰਮ ਕਰਨ ਵਾਲੇ ਪੁਰਾਣੇ ਅਤੇ ਪਾਪ ਵਾਲੇ ਤਰੀਕਿਆਂ ਨੂੰ ਦੂਰ ਕਰ ਦਿੱਤਾ ਹੈ ਅਤੇ ਤੁਹਾਨੂੰ ਕੰਮ ਕਰਨ ਵਾਲੇ ਨਵੇਂ ਧਰਮ ਦੇ ਤਰੀਕੇ ਦਿੱਤੇ ਹਨ |

---

## 49:16

ਅਗਰ ਤੁਸੀਂ ਮਸੀਹੀ ਹੋ ਤਾਂ ਜੋ ਕੁੱਝ ਯਿਸੂ ਨੇ ਕੀਤਾ ਹੈ ਉਸ ਦੁਆਰਾ ਪਰਮੇਸ਼ੁਰ ਨੇ ਤੁਹਾਡੇ ਪਾਪ ਮਾਫ਼ ਕਰ ਦਿੱਤੇ ਹਨ |ਹੁਣ, ਪਰਮੇਸ਼ੁਰ ਤੁਹਾਨੂੰ ਦੁਸ਼ਮਣ ਦੀ ਜਗ੍ਹਾ ਗੂੜੇ ਮਿੱਤਰ ਮੰਨਦਾ ਹੈ |

### ਕੀ ਮਸੀਹੀ ਅਜੇ ਵੀ ਪਰਮੇਸ਼ੁਰ ਦੇ ਦੁਸ਼ਮਣ ਹਨ ?

ਨਹੀਂ, ਉਹ ਹੁਣ ਪਰਮੇਸ਼ੁਰ ਦੇ ਪੱਕੇ ਮਿੱਤਰ ਹਨ |

---

## 49:17

ਅਗਰ ਤੁਸੀਂ ਪਰਮੇਸ਼ੁਰ ਦੇ ਮਿੱਤਰ ਹੋ ਅਤੇ ਸੁਆਮੀ ਯਿਸੂ ਦੇ ਸੇਵਕ ਹੋ, ਤਾਂ ਤੁਸੀਂ ਚਾਹੋਗੇ ਕਿ ਜੋ ਕੁੱਝ ਯਿਸੂ ਨੇ ਸਿਖਾਇਆ ਹੈ ਉਸ ਦੀ ਪਾਲਣਾ ਕਰੋ | ਚਾਹੇ ਤੁਸੀਂ ਮਸੀਹੀ ਹੋ ਤੁਸੀਂ ਫਿਰ ਵੀ ਪਾਪ ਕਰਨ ਲਈ ਅਜਮਾਇਸ਼ ਵਿੱਚ ਪਵੋਗੇ |ਪਰ ਪਰਮੇਸ਼ੁਰ ਵਫ਼ਾਦਾਰ ਹੈ ਅਤੇ ਕਹਿੰਦਾ ਹੈ ਕਿ ਜੇ ਤੁਸੀਂ ਆਪਣੇ ਪਾਪਾਂ ਦਾ ਇਕਰਾਰ ਕਰੋ ਤਾਂ ਉਹ ਤੁਹਾਨੂੰ ਮਾਫ਼ ਕਰੇਗਾ |ਉਹ ਤੁਹਾਨੂੰ ਪਾਪ ਵਿਰੁੱਧ ਲੜਨ ਲਈ ਸ਼ਕਤੀ ਦੇਵੇਗਾ |

### ਕੀ ਮਸੀਹੀ ਅਜੇ ਵੀ ਪਾਪ ਲਈ ਪਰਤਾਏ ਜਾਂਦੇ ਹਨ ?

ਹਾਂ |

### ਮਸੀਹੀ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ ਜਦੋਂ ਉਹ ਪਾਪ ਕਰਦੇ ਹਨ ?

ਉਹਨਾਂ ਨੂੰ ਪਰਮੇਸ਼ੁਰ ਅੱਗੇ ਆਪਣੇ ਪਾਪਾਂ ਨੂੰ ਅੰਗੀਕਾਰ ਕਰਨਾ ਚਾਹੀਦਾ ਹੈ |

### ਪਰਮੇਸ਼ੁਰ ਨੇ ਕੀ ਵਾਅਦਾ ਕਰਦਾ ਹੈ ਜੇ ਅਸੀਂ ਆਪਣੇ ਪਾਪਾਂ ਦਾ ਅੰਗੀਕਾਰ ਕਰੀਏ ?

ਉਹ ਵਾਅਦਾ ਕਰਦਾ ਹੈ ਕਿ ਸਾਨੂੰ ਮਾਫ਼ ਕਰੇਗਾ ਅਤੇ ਸਾਨੂੰ ਪਾਪ ਦੇ ਵਿਰੁੱਧ ਲੜਨ ਲਈ ਸ਼ਕਤੀ ਦੇਵੇਗਾ |

---

## 49:18

ਪਰਮੇਸ਼ੁਰ ਤੁਹਾਨੂੰ ਕਹਿੰਦਾ ਹੈ ਪ੍ਰਾਰਥਨਾ ਕਰੋ, ਵਚਨ ਪੜ੍ਹੋ, ਦੂਸਰੇ ਮਸੀਹੀਆਂ ਨਾਲ ਮਿਲਕੇ ਉਸਦੀ ਬੰਦਗੀ ਕਰੋ ਅਤੇ ਦੂਸਰਿਆਂ ਨੂੰ ਦੱਸੋ ਕਿ ਉਸ ਨੇ ਤੁਹਾਡੇ ਲਈ ਕੀ ਕੀਤਾ ਹੈ | ਪਰਮੇਸ਼ੁਰ ਨਾਲ ਗਹਿਰਾ ਰਿਸ਼ਤਾ ਬਣਾਉਣ ਲਈ ਇਹ ਸਾਰੀਆਂ ਗੱਲਾਂ ਤੁਹਾਡੀ ਮਦਦ ਕਰਨਗੀਆਂ |

### ਹੋਰ ਕਿਹੜੀਆਂ ਗੱਲਾਂ ਹਨ ਜੋ ਪਰਮੇਸ਼ੁਰ ਮਸੀਹੀ ਲੋਕਾਂ ਨੂੰ ਕਰਨ ਲਈ ਕਹਿੰਦਾ ਹੈ ?

ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ, ਉਸ ਦਾ ਵਚਨ ਪੜ੍ਹਨਾ ਚਾਹੀਦਾ ਹੈ, ਉਸ ਬੰਦਗੀ ਕਰਨੀ ਚਾਹੀਦੀ ਹੈ ਅਤੇ ਦੂਸਰਿਆਂ ਨੂੰ ਦੱਸਣਾ ਚਾਹੀਦਾ ਹੈ ਕੀ ਪਰਮੇਸ਼ੁਰ ਨੇ ਸਾਡੇ ਨਾਲ ਕੀ ਕੀਤਾ ਹੈ |

# ਯਿਸੂ ਵਾਪਸ ਆਉਂਦਾ ਹੈ

## 50:01

ਲੱਗ-ਭਗ 2000 ਸਾਲ ਤੋਂ ਦੁਨੀਆ ਭਰ ਵਿੱਚ ਬਹੁਤ ਸਾਰੇ ਲੋਕ ਯਿਸੂ ਮਸੀਹ ਬਾਰੇ ਖੁਸ਼ ਖ਼ਬਰੀ ਸੁਣ ਰਹੇ ਹਨ |ਕਲੀਸੀਆ ਵੱਧ ਰਹੀ ਹੈ |ਯਿਸੂ ਨੇ ਵਾਅਦਾ ਕੀਤਾ ਹੈ ਕਿ ਉਹ ਜਗਤ ਦੇ ਅੰਤ ਵਿੱਚ ਵਾਪਸ ਆਵੇਗਾ |ਚਾਹੇ ਉਹ ਅਜੇ ਨਹੀਂ ਆਇਆ ਪਰ ਆਪਣਾ ਵਾਅਦਾ ਪੂਰਾ ਕਰੇਗਾ |

### ਪਿੱਛਲੇ 2000 ਸਾਲਾਂ ਵਿੱਚ ਉਹਨਾਂ ਬਹੁਤ ਸਾਰੇ ਲੋਕਾਂ ਨਾਲ ਕੀ ਹੋਇਆ ਜਿਹਨਾਂ ਨੇ ਯਿਸੂ ਉੱਤੇ ਵਿਸ਼ਵਾਸ ਕੀਤਾ ?

ਇਹ ਗਿਣਤੀ ਵੱਧ ਰਹੀ ਹੈ |

---

## 50:02

ਜਦੋਂ ਅਸੀਂ ਯਿਸੂ ਦੀ ਵਾਪਸੀ ਦਾ ਇੰਤਜਾਰ ਕਰ ਰਹੇਂ ਹਾਂ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਅਜਿਹਾ ਜੀਵਨ ਜੀਏ ਜੋ ਪਵਿੱਤਰ ਅਤੇ ਉਸ ਨੂੰ ਆਦਰ ਦਿੰਦਾ ਹੈ |ਉਹ ਇਹ ਵੀ ਚਾਹੁੰਦਾ ਹੈ ਕਿ ਅਸੀਂ ਦੂਸਰਿਆਂ ਨੂੰ ਵੀ ਉਸਦੇ ਰਾਜ ਬਾਰੇ ਦੱਸੀਏ |ਜਦੋਂ ਯਿਸੂ ਇਸ ਧਰਤੀ ਉੱਤੇ ਰਹਿੰਦੇ ਸਨ ਉਹਨਾਂ ਨੇ ਕਿਹਾ, “ਮੇਰੇ ਚੇਲੇ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖ਼ਬਰੀ ਸੰਸਾਰ ਦੀ ਹਰ ਜਗ੍ਹਾ ਲੋਕਾਂ ਨੂੰ ਦੱਸਣਗੇ ਅਤੇ ਤਦ ਅੰਤ ਆਵੇਗਾ |”

### ਪਰਮੇਸ਼ੁਰ ਕਿਸ ਤਰ੍ਹਾਂ ਚਾਹੁੰਦਾ ਹੈ ਕਿ ਅਸੀਂ ਜੀਉਂਦੇ ਰਹੀਏ ਜਦੋਂ ਅਸੀਂ ਯਿਸੂ ਦੇ ਦੁਬਾਰਾ ਆਉਣ ਦਾ ਇੰਤਜ਼ਾਰ ਕਰਦੇ ਹਾਂ ?

ਉਹ ਚਾਹੁੰਦਾ ਹੈ ਕਿ ਅਸੀਂ ਇਸ ਤਰੀਕੇ ਨਾਲ ਜੀਉਂਦੇ ਰਹੀਏ ਜੋ ਪਵਿੱਤਰ ਹੈ ਅਤੇ ਉਸ ਨੂੰ ਭਾਉਂਦਾ ਹੈ |

### ਯਿਸੂ ਨੇ ਕੀ ਦੱਸਿਆ ਹੋ ਕਿ ਜਗਤ ਦਾ ਅੰਤ ਹੋਣ ਤੋਂ ਪਹਿਲਾਂ ਕੀ ਹੋਵੇਗਾ ?

ਉਸ ਦੇ ਚੇਲੇ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ ਜਗਤ ਵਿੱਚ ਸਾਰੇ ਲੋਕਾਂ ਨੂੰ ਪ੍ਰਚਾਰ ਕਰਨਗੇ |

---

## 50:03

ਅਜੇ ਵੀ ਬਹੁਤ ਸਾਰੀਆਂ ਜਾਤੀਆਂ ਨੇ ਯਿਸੂ ਬਾਰੇ ਨਹੀਂ ਸੁਣਿਆ |ਸਵਰਗ ਵਾਪਸ ਜਾਣ ਤੋਂ ਪਹਿਲਾਂ ਯਿਸੂ ਨੇ ਮਸੀਹੀਆਂ ਨੂੰ ਕਿਹਾ ਕਿ ਉਹਨਾਂ ਲੋਕਾਂ ਨੂੰ ਖੁਸ਼ ਖ਼ਬਰੀ ਦੱਸਣ ਜਿਹਨਾਂ ਨੇ ਅਜੇ ਨਹੀ ਸੁਣੀ |ਉਸ ਨੇ ਕਿਹਾ, “ਜਾਓ ਅਤੇ ਸਾਰੀਆਂ ਜਾਤੀਆਂ ਵਿੱਚੋਂ ਚੇਲੇ ਬਣਾਓ!” ਅਤੇ , “ਖੇਤ ਕੱਟਣ ਲਈ ਪੱਕੇ ਹਨ !”

---

## 50:04

ਯਿਸੂ ਨੇ ਇਹ ਵੀ ਕਿਹਾ, “ਚੇਲਾ ਸੁਆਮੀ ਤੋਂ ਵੱਡਾ ਨਹੀਂ ਹੁੰਦਾ|ਜਿਵੇਂ ਇਸ ਜਗਤ ਦੇ ਅਧਿਕਾਰੀਆਂ ਨੇ ਮੈਨੂੰ ਨਫ਼ਰਤ ਕੀਤੀ ਉਹ ਮੇਰੇ ਕਾਰਨ ਤੁਹਾਨੂੰ ਦੁੱਖ ਦੇਣਗੇ ਅਤੇ ਮਾਰਨਗੇ |ਚਾਹੇ ਤੁਸੀਂ ਇਸ ਦੁਨੀਆ ਵਿੱਚ ਦੁੱਖ ਉਠਾਉਂਦੇ ਹੋ, ਉਤਸ਼ਾਹਿਤ ਹੋਵੋ ਮੈਂ ਸ਼ੈਤਾਨ ਨੂੰ ਹਰਾਇਆ ਹੈ ਜੋ ਇਸ ਜਗਤ ਤੇ ਰਾਜ ਕਰਦਾ ਹੈ |ਅਗਰ ਤੁਸੀਂ ਮੇਰੇ ਨਾਲ ਅੰਤ ਤਕ ਵਫ਼ਾਦਾਰ ਰਹਿੰਦੇ ਹੋ ਤਾਂ ਪਰਮੇਸ਼ੁਰ ਤੁਹਾਨੂੰ ਬਚਾਵੇਗਾ |

### ਕਿਸ ਤਰ੍ਹਾਂ ਜਗਤ ਜਿਸ ਨੇ ਯਿਸੂ ਨੂੰ ਨਫਰਤ ਕੀਤੀ ਉਸ ਦੇ ਚੇਲਿਆਂ ਨਾਲ ਵਰਤਾਵ ਕਰੇਗਾ ?

ਜਗਤ ਉਸ ਦੇ ਚੇਲਿਆਂ ਨੂੰ ਵੀ ਸਤਾਵੇਗਾ |

### ਪਰਮੇਸ਼ੁਰ ਦਾ ਕੀ ਵਾਅਦਾ ਹੈ ਉਹਨਾਂ ਲੋਕਾਂ ਨਾਲ ਜੋ ਅੰਤ ਤੋੜੀ ਵਫ਼ਾਦਾਰ ਰਹਿਣਗੇ ?

ਉਹ ਉਹਨਾਂ ਨੂੰ ਬਚਾਉਣ ਦਾ ਵਾਅਦਾ ਕਰਦਾ ਹੈ |

---

## 50:05

ਯਿਸੂ ਨੇ ਆਪਣੇ ਚੇਲਿਆਂ ਨੂੰ ਇੱਕ ਕਹਾਣੀ ਦੱਸੀ ਕਿ ਜਗਤ ਦੇ ਅੰਤ ਵਿੱਚ ਲੋਕਾਂ ਨਾਲ ਕੀ ਹੋਵੇਗਾ |ਉਸ ਨੇ ਕਿਹਾ, “ਇੱਕ ਵਿਅਕਤੀ ਨੇ ਆਪਣੇ ਖੇਤ ਵਿੱਚ ਚੰਗਾ ਬੀਜ ਬੀਜਿਆ |ਜਦੋ ਉਹ ਸੋ ਰਿਹਾ ਸੀ ਉਸਦਾ ਦੁਸ਼ਮਣ ਆਇਆ ਅਤੇ ਕਣਕ ਦੇ ਨਾਲ ਨਾਲ ਜੰਗਲੀ ਬੂਟੀ ਵੀ ਬੀਜੀ ਅਤੇ ਦੂਰ ਚਲਾ ਗਿਆ |

### ਜਗਤ ਦੇ ਅੰਤ ਬਾਰੇ ਯਿਸੂ ਦੀ ਕਹਾਣੀ ਵਿੱਚ ਕਿਸ ਤਰ੍ਹਾਂ ਕਣਕ ਵਿੱਚ ਜੰਗਲੀ ਬੂਟੀ ਆਈ ?

ਦੁਸ਼ਮਣ ਨੇ ਬੀਜ ਬੀਜਿਆ |

---

## 50:06

“ਜਦੋਂ ਪੌਦੇ ਪੁੰਗਰੇ ਤਾਂ ਖੇਤ ਦੇ ਮਾਲਕ ਨੂੰ ਨੌਕਰਾਂ ਨੇ ਕਿਹਾ, “ਸੁਆਮੀ , ਤੂੰ ਉਸ ਖੇਤ ਵਿੱਚ ਚੰਗਾ ਬੀਜ ਬੀਜਿਆ |ਫਿਰ ਕਿਉਂ ਉਸ ਵਿੱਚ ਜੰਗਲੀ ਬੂਟੀ ਹੈ ?”ਸੁਆਮੀ ਨੇ ਉੱਤਰ ਦਿੱਤਾ, “ਜ਼ਰੂਰ ਹੈ ਕਿ ਬੁਰਾ ਬੀਜ ਦੁਸ਼ਮਣ ਨੇ ਬੀਜਿਆ ਹੋਵੇਗਾ |”

### ਜਗਤ ਦੇ ਅੰਤ ਬਾਰੇ ਯਿਸੂ ਦੀ ਕਹਾਣੀ ਵਿੱਚ ਕਿਸ ਤਰ੍ਹਾਂ ਕਣਕ ਵਿੱਚ ਜੰਗਲੀ ਬੂਟੀ ਆਈ ?

ਦੁਸ਼ਮਣ ਨੇ ਬੀਜ ਬੀਜਿਆ |

---

## 50:07

“ਨੌਕਰਾਂ ਨੇ ਮਾਲਕ ਨੂੰ ਉੱਤਰ ਦਿੱਤਾ, “ਕਿ ਅਸੀਂ ਉਸ ਜੰਗਲੀ ਬੂਟੀ ਨੂੰ ਪੱਟ ਦੇਈਏ ?’ਸੁਆਮੀ ਨੇ ਕਿਹਾ, “ਨਹੀਂ |ਅਗਰ ਤੁਸੀਂ ਅਜਿਹਾ ਕਰੋਗੇ, ਤਾਂ ਤੁਸੀਂ ਉਸ ਦੇ ਨਾਲ ਕੁੱਝ ਕਣਕ ਵੀ ਪੱਟ ਦੇਵੋਗੇ |ਕਟਨੀ ਤੱਕ ਇੰਤਜਾਰ ਕਰੋ ਅਤੇ ਸਾੜਨ ਲਈ ਜੰਗਲੀ ਬੂਟੀ ਦੇ ਪੂਲੇ ਅਲੱਗ ਇਕੱਠੇ ਕਰਨਾ ਅਤੇ ਕਣਕ ਨੂੰ ਮੇਰੇ ਭੰਡਾਰ ਵਿੱਚ ਲਿਆਉਣਾ |

### ਕਿਉਂ ਨੌਕਰਾਂ ਨੇ ਜੰਗਲੀ ਬੂਟੀ ਨਾ ਪੱਟੀ ?

ਉਹਨਾਂ ਨੇ ਨਾ ਚਾਹਿਆ ਕਿ ਕਿਸੇ ਕਾਰਨ ਕਣਕ ਵੀ ਨਾ ਪੁੱਟੀ ਜਾਵੇ |

---

## 50:08

ਚੇਲੇ ਇਸ ਕਹਾਣੀ ਦਾ ਮਤਲਬ ਨਾ ਸਮਝੇ ਇਸ ਲਈ ਉਹਨਾਂ ਨੇ ਯਿਸੂ ਨੂੰ ਕਿਹਾ ਕਿ ਉਹ ਅਰਥ ਉਹਨਾਂ ਨੂੰ ਸਮਝਾਵੇ |ਯਿਸੂ ਨੇ ਕਿਹਾ, “ਵਿਅਕਤੀ ਜਿਹੜਾ ਚੰਗਾ ਬੀਜ ਬੀਜਦਾ ਹੈ ਉਹ ਮਸੀਹ ਹੈ |ਖੇਤ ਜਗਤ ਨੂੰ ਦਰਸਾਉਂਦਾ ਹੈ |ਚੰਗਾ ਬੀਜ ਪਰਮੇਸ਼ੁਰ ਦੇ ਰਾਜ ਦੇ ਲੋਕਾਂ ਨੂੰ ਦਰਸਾਉਂਦਾ ਹੈ |

### ਚੰਗਾ ਬੀਜ ਕਿਸ ਗੱਲ ਨੂੰ ਦਰਸਾਉਂਦਾ ਹੈ ?

ਚੰਗਾ ਬੀਜ ਪਰਮੇਸ਼ੁਰ ਦੇ ਲੋਕਾਂ ਨੂੰ ਦਰਸਾਉਂਦਾ ਹੈ |

---

## 50:09

“ਜੰਗਲੀ ਬੂਟੀ ਦੁਸ਼ਟ ਦੇ ਲੋਕਾਂ ਨੂੰ ਦਿਖਾਉਂਦੀ ਹੈ |ਦੁਸ਼ਮਣ ਜਿਸ ਨੇ ਜੰਗਲੀ ਬੂਟੀ ਬੀਜੀ ਉਹ ਸ਼ੈਤਾਨ ਨੂੰ ਦਰਸਾਉਂਦੀ ਹੈ |ਕਟਨੀ ਜਗਤ ਦੇ ਅੰਤ ਨੂੰ ਦਰਸਾਉਂਦੀ ਹੈ ਅਤੇ ਵਾਢੇ ਪਰਮੇਸ਼ੁਰ ਦੇ ਦੂਤਾਂ ਨੂੰ ਦਰਸਾਉਂਦੇ ਹਨ|”

### ਕਟਾਈ ਕਿਸ ਗੱਲ ਨੂੰ ਦਰਸਾਉਂਦੀ ਹੈ ?

ਕਟਾਈ ਜਗਤ ਦੇ ਅੰਤ ਨੂੰ ਦਰਸਾਉਂਦੀ ਹੈ ਜਦੋਂ ਪਰਮੇਸ਼ੁਰ ਦੇ ਦੂਤ ਸ਼ੈਤਾਨ ਦੇ ਲੋਕਾਂ ਨੂੰ ਇੱਕਠਾ ਕਰਨਗੇ |

---

## 50:10

“ਜਦੋਂ ਜਗਤ ਦਾ ਅੰਤ ਹੋਵੇਗਾ, ਦੂਤ ਸ਼ੈਤਾਨ ਦੇ ਲੋਕਾਂ ਨੂੰ ਇਕੱਠਾ ਕਰਨਗੇ ਅਤੇ ਉਹਨਾਂ ਨੂੰ ਨਰਕ ਦੀ ਅੱਗ ਵਿੱਚ ਸੁੱਟਣਗੇ ਅਤੇ ਭਿਆਨਕ ਦੁੱਖ ਦੇ ਕਾਰਨ ਉੱਥੇ ਉਹ ਚੀਕਾਂ ਮਾਰਨਗੇ ਅਤੇ ਆਪਣੇ ਦੰਦ ਪੀਸਣਗੇ |ਤਦ ਧਰਮੀ ਆਪਣੇ ਪਿਤਾ ਪਰਮੇਸ਼ੁਰ ਦੇ ਰਾਜ ਵਿੱਚ ਸੂਰਜ ਦੀ ਤਰ੍ਹਾਂ ਚਮਕਣਗੇ |

### ਕਟਾਈ ਕਿਸ ਗੱਲ ਨੂੰ ਦਰਸਾਉਂਦੀ ਹੈ ?

ਕਟਾਈ ਜਗਤ ਦੇ ਅੰਤ ਨੂੰ ਦਰਸਾਉਂਦੀ ਹੈ ਜਦੋਂ ਪਰਮੇਸ਼ੁਰ ਦੇ ਦੂਤ ਸ਼ੈਤਾਨ ਦੇ ਲੋਕਾਂ ਨੂੰ ਇੱਕਠਾ ਕਰਨਗੇ |

### ਜਗਤ ਦੇ ਅੰਤ ਵਿੱਚ ਸ਼ੈਤਾਨ ਦੇ ਲੋਕਾਂ ਨਾਲ ਕੀ ਹੋਵੇਗਾ ?

ਉਹ ਬਲਦੀ ਅੱਗ ਵਿੱਚ ਸੁੱਟੇ ਜਾਣਗੇ ਜਿੱਥੇ ਉਹ ਬੁਰੀ ਤਰ੍ਹਾਂ ਨਾਲ ਦੁੱਖ ਭੋਗਣਗੇ |

---

## 50:11

ਯਿਸੂ ਨੇ ਇਹ ਵੀ ਕਿਹਾ ਕਿ ਉਹ ਜਗਤ ਦੇ ਅੰਤ ਤੋਂ ਪਹਿਲਾਂ ਇਸ ਧਰਤੀ ਉੱਤੇ ਵਾਪਸ ਆਵੇਗਾ |ਉਹ ਉਸੇ ਤਰ੍ਹਾਂ ਹੀ ਵਾਪਸ ਆਵੇਗਾ ਜਿਸ ਤਰ੍ਹਾਂ ਉਹ ਉਠਾਇਆ ਗਿਆ ਸੀ , ਉਹ ਅਕਾਸ਼ ਵਿੱਚ ਬੱਦਲਾਂ ਉੱਤੇ ਸਰੀਰਕ ਦੇਹ ਦੇ ਨਾਲ ਆਵੇਗਾ |ਜਦੋਂ ਯਿਸੂ ਆਵੇਗਾ, ਹਰ ਇੱਕ ਮਸੀਹੀ ਜੋ ਮਰ ਚੁੱਕਿਆ ਹੈ ਮੁਰਦਿਆਂ ਵਿੱਚੋਂ ਜੀਅ ਉੱਠੇਗਾ ਅਤੇ ਉਸਨੂੰ ਅਕਾਸ਼ ਵਿੱਚ ਮਿਲੇਗਾ |

### ਕਿਸ ਰੂਪ ਵਿੱਚ ਯਿਸੂ ਵਾਪਸ ਆਵੇਗਾ ?

ਉਹ ਉਸੇ ਤਰ੍ਹਾਂ ਆਵੇਗਾ ਜਿਵੇਂ ਉਹ ਛੱਡ ਕੇ ਗਿਆ ਸੀ, ਇੱਕ ਸਰੀਰ ਵਿੱਚ ਅਕਾਸ਼ ਉੱਤੇ ਬੱਦਲਾਂ ਵਿੱਚ |

---

## 50:12

ਤਦ ਉਹ ਮਸੀਹੀ ਜੋ ਅਜੇ ਜੀਉਂਦੇ ਹੋਣਗੇ ਉਹ ਵੀ ਅਕਾਸ਼ ਵਿੱਚ ਉਠਾਏ ਜਾਣਗੇ ਅਤੇ ਦੂਸਰੇ ਮਸੀਹੀ ਲੋਕਾਂ ਨਾਲ ਜਾ ਮਿਲਣਗੇ ਜੋ ਮੁਰਦਿਆਂ ਵਿੱਚੋਂ ਜੀਅ ਉੱਠੇ ਸਨ |ਉਹ ਉੱਥੇ ਯਿਸੂ ਦੇ ਨਾਲ ਹੋਣਗੇ |ਉਸ ਤੋਂ ਬਾਅਦ ਯਿਸੂ ਆਪਣੇ ਲੋਕਾਂ ਨਾਲ ਹਮੇਸ਼ਾਂ ਲਈ ਪੂਰਨ ਸ਼ਾਂਤੀ ਅਤੇ ਏਕਤਾ ਵਿੱਚ ਵਾਸ ਕਰੇਗਾ |

### ਸਾਰੇ ਮਸੀਹੀ ਲੋਕਾਂ ਨਾਲ ਕੀ ਹੋਵੇਗਾ ਜਦੋਂ ਯਿਸੂ ਦੁਬਾਰਾ ਆਵੇਗਾ ?

ਜੋ ਜੀਉਂਦੇ ਹਨ ਉਹ ਉਸ ਨਾਲ ਮਿਲਣ ਲਈ ਉਠਾਏ ਜਾਣਗੇ ਅਤੇ ਜਿਹੜੇ ਮਰ ਗਏ ਹਨ ਉਹ ਵੀ ਉਸ ਨਾਲ ਮਿਲਣ ਲਈ ਅਕਾਸ਼ ਵਿੱਚ ਉਠਾਏ ਜਾਣਗੇ |

---

## 50:13

ਯਿਸੂ ਨੇ ਵਾਅਦਾ ਕੀਤਾ ਕਿ ਜੋ ਕੋਈ ਵੀ ਉਸ ਉੱਤੇ ਵਿਸ਼ਵਾਸ ਕਰੇ ਉਹ ਹਰ ਇੱਕ ਨੂੰ ਮੁਕਟ ਦੇਵੇਗਾ |ਉਹ ਪਰਮੇਸ਼ੁਰ ਨਾਲ ਹਮੇਸ਼ਾਂ ਲਈ ਪੂਰਨ ਸ਼ਾਂਤੀ ਨਾਲ ਜੀਉਣਗੇ ਅਤੇ ਰਾਜ ਕਰਨਗੇ |

---

## 50:14

ਪਰ ਪਰਮੇਸ਼ੁਰ ਹਰ ਇੱਕ ਦਾ ਨਿਆਂ ਕਰੇਗਾ ਜੋ ਯਿਸੂ ਤੇ ਵਿਸ਼ਵਾਸ ਨਹੀਂ ਕਰਦੇ |ਉਹ ਉਹਨਾਂ ਨੂੰ ਨਰਕ ਵਿੱਚ ਸੁੱਟ ਦੇਵੇਗਾ ਜਿੱਥੇ ਉਹ ਰੋਣਗੇ ਅਤੇ ਹਮੇਸ਼ਾਂ ਲਈ ਦੰਦ ਪੀਸਣਗੇ |ਉਹ ਅੱਗ ਜਿਹੜੀ ਕਦੀ ਨਹੀਂ ਬੁੱਝਦੀ ਉਹਨਾਂ ਨੂੰ ਸਾੜੇਗੀ ਅਤੇ ਕੀੜੇ ਉਹਨਾਂ ਨੂੰ ਖਾਣੋ ਨਹੀਂ ਹਟਣਗੇ |

---

## 50:15

ਜਦੋਂ ਯਿਸੂ ਆਉਂਦਾ ਹੈ, ਉਹ ਪੂਰੀ ਤਰ੍ਹਾਂ ਨਾਲ ਸ਼ੈਤਾਨ ਅਤੇ ਉਸਦੇ ਰਾਜ ਨੂੰ ਖ਼ਤਮ ਕਰੇਗਾ |ਉਹ ਸ਼ੈਤਾਨ ਨੂੰ ਨਰਕ ਵਿੱਚ ਸੁੱਟ ਦੇਵੇਗਾ ਜਿੱਥੇ ਉਹ ਹਮੇਸ਼ਾਂ ਲਈ ਜਲੇਗਾ ਅਤੇ ਉਹ ਵੀ ਜੋ ਉਸਦੇ ਪਿੱਛੇ ਚੱਲਦੇ ਸਨ ਇਸ ਦੀ ਬਜਾਏ ਕਿ ਉਹ ਪਰਮੇਸ਼ੁਰ ਦੇ ਪਿੱਛੇ ਚੱਲਦੇ |

### ਜਦੋਂ ਯਿਸੂ ਵਾਪਸ ਆਵੇਗਾ ਤਾਂ ਸ਼ੈਤਾਨ ਨਾਲ ਕੀ ਕਰੇਗਾ ?

ਯਿਸੂ ਸ਼ੈਤਾਨ ਨੂੰ ਨਰਕ ਵਿੱਚ ਸੁੱਟੇਗਾ ਜਿੱਥੇ ਉਹ ਹਮੇਸ਼ਾਂ ਲਈ ਸੜੇਗਾ |

---

## 50:16

ਕਿਉਂਕਿ ਆਦਮ ਅਤੇ ਹਵਾ ਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਅਤੇ ਪਾਪ ਨੂੰ ਜਗਤ ਵਿੱਚ ਲਿਆਂਦਾ, ਪਰਮੇਸ਼ੁਰ ਨੇ ਉਸ ਨੂੰ ਸ਼ਰਾਪਤ ਕੀਤਾ ਅਤੇ ਖ਼ਤਮ ਕਰਨ ਦੀ ਯੋਜਨਾ ਬਣਾਈ ਸੀ |ਪਰ ਇੱਕ ਦਿਨ ਪਰਮੇਸ਼ੁਰ ਨਵਾਂ ਸਵਰਗ ਅਤੇ ਨਵੀਂ ਧਰਤੀ ਬਣਾਉਣਗੇ ਜੋ ਸਿੱਧ ਹੋਵੇਗੀ |

---

## 50:17

ਯਿਸੂ ਅਤੇ ਉਸ ਦੇ ਚੇਲੇ ਉਸ ਨਵੀ ਧਰਤੀ ਉੱਤੇ ਰਹਿਣਗੇ ਅਤੇ ਉਹ ਵਜੂਦ ਰੱਖਣ ਵਾਲੀ ਹਰ ਵਸਤ ਉੱਤੇ ਹਮੇਸ਼ਾਂ ਲਈ ਰਾਜ ਕਰੇਗਾ |ਉਹ ਹਰ ਆਂਸੂ ਨੂੰ ਪੂੰਝ ਦੇਵੇਗਾ ਅਤੇ ਉਸ ਤੋਂ ਬਾਅਦ ਕੋਈ ਵੀ ਦੁੱਖ, ਗਮੀ, ਰੋਣਾ, ਬੁਰਾਈ ਦਰਦ ਅਤੇ ਮੌਤ ਨਹੀ ਹੋਵੇਗੀ |ਯਿਸੂ ਆਪਣੇ ਰਾਜ ਵਿੱਚ ਸ਼ਾਂਤੀ ਅਤੇ ਧਰਮ ਨਾਲ ਰਾਜ ਕਰੇਗਾ ਅਤੇ ਉਹ ਆਪਣੇ ਲੋਕਾਂ ਨਾਲ ਹਮੇਸ਼ਾਂ ਲਈ ਹੋਵੇਗਾ |

### ਨਵੇਂ ਸਵਰਗ ਅਤੇ ਨਵੀਂ ਧਰਤੀ ਉੱਤੇ ਕਿਹੋ ਜਿਹਾ ਜੀਵਨ ਹੋਵੇਗਾ ?

ਯਿਸੂ ਹਮੇਸ਼ਾਂ ਲਈ ਧਰਮ ਅਤੇ ਸ਼ਾਂਤੀ ਨਾਲ ਰਾਜ ਕਰੇਗਾ ਅਤੇ ਅੱਗੇ ਤੋਂ ਕੋਈ ਦੁੱਖ ਨਹੀਂ ਹੋਵੇਗਾ |

# ਯੋਗਦਾਨ ਪਾਉਣ ਵਾਲੇ

## OBS translationQuestions ਯੋਗਦਾਨ ਪਾਉਣ ਵਾਲੇ

Manpreet Singh
Merlyn Easa
Shojo John
BCS

## Open Bible Stories ਯੋਗਦਾਨ ਪਾਉਣ ਵਾਲੇ

Antoney Raj
Cdr. Thomas Mathew
Dr. Bobby Chellappan
Hind Prakash
Manpreet Singh
Merlyn Easa
Shojo John
Vipin Bhadran